Digitized by Arya Samaj Foundation Chennai and eGangotri

ਪ੍ਰਪੰਚ/ਪ੍ਰਬੰਧ/ਪ੍ਰਵਾਹ

ਤਰਲੋਕ ਸਿੰਘ ਕੰਵਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8270

Forwarded free of Cost, and with the
Compliments of Deptt of Education,
Govt. of India, New Delhi

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਪੰਚ/ਪ੍ਰਬੰਧ/ਪ੍ਰਵਾਹ

DONATION

8270

Forwarded free of Co...
Compliments of D...
Govt. of India, New Delhi.

पुस्तकालय
गुरुकुल कांगड़ी विश्वविद्यालय

ਤਰਲੋਕ ਸਿੰਘ ਕੰਵਰ

ਪ੍ਰੋਫੈਸਰ, ਪੰਜਾਬੀ ਵਿਭਾਗ

ਦਿੱਲੀ ਯੂਨੀਵਰਸਿਟੀ, ਦਿੱਲੀ

ਜ ਸ ਪ

ਜਸਜੀਤ ਸਾਹਿਤ ਪ੍ਰਕਾਸ਼ਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

PARPANCH/PARBANDH/PARVAAH
(A Collection of Essays on Literary Criticism)
by Dr. Tarlok Singh Kanwar
Professor, Post-Graduate Department of Punjabi
Delhi University, Delhi.

ਪਹਿਲੀ ਵਾਰ : 1992

ਮੁੱਲ : 80 ਰੁਪਏ

ਪ੍ਰਕਾਸ਼ਕ
ਜਸਜੀਤ ਸਾਹਿਤ ਪ੍ਰਕਾਸ਼ਨ
3, ਨਿਊ ਮਾਡਲ ਟਾਊਨ (ਈਸਟ)
ਡਾਕਖਾਨਾ ਰੇਅਨ ਐਂਡ ਸਿਲਕ ਮਿਲਜ਼
ਅੰਮ੍ਰਿਤਸਰ-143104

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਰਜੀਤ ਹਾਂਸ ਦੇ ਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰਤੀਬ

1. ਪ੍ਰਪੰਚ/ਪ੍ਰਬੰਧ/ਪ੍ਰਵਾਹ/1
2. ਵਚਨ/ਪ੍ਰਵਚਨ/9
3. ਆਧੁਨਿਕ ਪੰਜਾਬੀ ਸਾਹਿਤ ਦਾ ਕਾਵਿ-ਸ਼ਾਸਤ੍ਰ/17
4. ਭਾਈ ਵੀਰ ਸਿੰਘ ਕਾਵਿ ਅਵਚੇਤਨ/26
5. ਰਾਣਾ ਸੂਰਤ ਸਿੰਘ : ਥੀਮਿਕ ਅਧਿਐਨ/34
6. ਕਰੁਣਾ ਦੀ ਛਹੁ ਤੋਂ ਮਗਰੋਂ : ਓਪਰੇ ਦਾ ਪ੍ਰਵਚਨ/40
7. ਪੰਜਾਬੀ ਨਾਵਲ ਦੇ ਅਵਚੇਤਨ ਦਾ ਨਿਰਮਾਤਾ : ਨਾਨਕ ਸਿੰਘ/45
8. ਸੰਗੀਤ ਅਤੇ ਨਾਟਕ ਦਾ ਪੰਜਾਬੀ ਲੋਕ-ਮਨ ਨਾਲ ਰਿਸ਼ਤਾ/51
9. ਸਮਕਾਲੀ ਪੰਜਾਬੀ ਸਮੀਖਿਆ/58
10. ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬੀ ਸਭਿਆਚਾਰ ਨੂੰ ਦੇਣ/66
11. ਸ਼ਿਵ ਕੁਮਾਰ ਰਚਿਤ ਲੂਣਾ : ਸੰਰਚਨਾਵਾਦੀ ਦ੍ਰਿਸ਼ਟੀ-ਬਿੰਦੂ ਤੋਂ/73
12. ਗੁਰੂ ਨਾਨਕ ਦਾ ਰੂਪਾਂਤਰਣ-ਸਿਧਾਂਤ : 'ਜਪੁ ਜੀ' ਦੇ ਆਧਾਰ ਤੇ/83
13. ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਕੌਮੀ ਏਕਤਾ ਨੂੰ ਦੇਣ/91
14. ਸਭਿਆਚਾਰ : ਅਧਿਐਨ, ਅਧਿਆਪਨ ਤੇ ਖੋਜ-ਵਿਧੀਆਂ/100
15. ਪੰਜਾਬੀ ਸਭਿਆਚਾਰ : ਵਿਰਸੇ ਦੀ ਸੰਭਾਲ ਤੇ ਭਵਿੱਖਾਰਥੀ ਵਿਕਾਸ/108

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਪੰਚ/ਪ੍ਰਬੰਧ/ਪ੍ਰਵਾਹ

ਜਿਵੇਂ ਕਿ ਸਿਰਲੇਖ ਤੋਂ ਪ੍ਰਗਟ ਹੁੰਦਾ ਹੈ, ਇਸ ਦੀ ਸਮੱਸਿਆ ਤੇ ਸੰਕਲਪ ਆਪਣੇ ਆਪ ਵਿਚ ਅਤਿਅੰਤ ਅਜਨਬੀ ਤੇ ਪੰਜਾਬੀ ਜਗਤ ਦੇ ਪਰਿਚਤ ਗਿਆਨ-ਸ਼ਾਸਤਰੀ ਅਭਿਆਸ ਤੋਂ ਵੱਖਰੇ ਹਨ। ਇਸ ਲਈ ਨਿਬੰਧ ਦੇ ਕੇਂਦਰੀ ਤਰਕ ਨੂੰ ਪ੍ਰਕਿਰਿਆ ਵਿਚ ਪਾਉਣ ਤੋਂ ਪਹਿਲਾਂ ਇਹ ਜ਼ਰੂਰੀ ਬਣਦਾ ਹੈ ਕਿ ਨਿਬੰਧ ਦੇ ਸਿਰਲੇਖ ਵਿਚ ਅੰਕਿਤ ਪ੍ਰਪੰਚ, ਪ੍ਰਬੰਧ ਤੇ ਪ੍ਰਵਾਹ ਦੀ ਇਕ ਮੁੱਢਲੀ ਜਾਣਕਾਰੀ ਦੇਣ ਵਾਲੀ ਵਿਆਖਿਆ ਪ੍ਰਸਤੁਤ ਕਰ ਲਈ ਜਾਏ।

ਇਸ ਰਾਹੇ ਤੁਰਦਿਆਂ ਅਸੀਂ ਸਭ ਤੋਂ ਪਹਿਲਾਂ ਪ੍ਰਪੰਚ ਦੀ ਗੱਲ ਕਰਦੇ ਹਾਂ। ਪ੍ਰਪੰਚ, ਸਾਡਾ ਜਾਣਿਆ ਪਛਾਣਿਆਂ ਸ਼ਬਦ ਹੈ। ਪੰਜਾਬੀ ਸ਼ਬਦ-ਸਭਿਆਚਾਰ ਵਿਚ ਇਹ ਸ਼ਬਦ ਗੁਰਬਾਣੀ-ਪਰੰਪਰਾ ਤੋਂ ਤੁਰ ਕੇ, ਸਮਕਾਲੀ ਸਮੱਸਿਆਵਾਦ ਦੇ ਅਧੀਨ ਸਾਡੇ ਸਮੀਖਿਆ-ਖੇਤਰ ਵਿਚ ਵੀ ਸ਼ਾਮਲ ਹੋ ਗਿਆ ਹੈ। ਇਸ ਦਾ ਸਾਧਾਰਨ ਅਰਥ ਆਡੰਬਰ ਦਾ ਹੈ। ਆਡੰਬਰ, ਇਕ ਐਸਾ ਫੈਲਵਾਂ ਜਾਂ ਫੈਲਾਇਆ ਦ੍ਰਿਸ਼ ਹੁੰਦਾ ਹੈ, ਜੋ ਆਪਣੇ ਬਹੁ-ਰੰਗੇ ਸਰੂਪ ਨੂੰ ਬਹੁ ਦਿਸ਼ਾਵੀ ਵਿਵਿਧਤਾ ਵਿਚ ਪ੍ਰਸਤੁਤ ਕਰਦਾ ਹੈ। ਅਜਿਹੇ ਆਡੰਬਰ ਦੀ ਸਾਨੂੰ ਨਿਤਾਪ੍ਰਤੀ ਜ਼ਿੰਦਗੀ ਵਿਚ ਲੋੜ ਵੀ ਪੈਂਦੀ ਹੈ। ਜਦੋਂ ਅਸੀਂ ਆਪਣੀ ਵਡਿਆਈ ਜਾਂ ਵਿਸ਼ੇਸ਼ਤਾ ਦਾ ਵਿਖਾਵਾ ਕਰਨ ਦੀ ਗਤੀ ਦੇ ਅਧੀਨ ਹੁੰਦੇ ਹਾਂ, ਉਦੋਂ ਅਸੀਂ ਇਸ ਪ੍ਰਕਾਰ ਦੇ ਆਡੰਬਰ ਆਪ ਰਚਦੇ ਹਾਂ। ਵੈਸੇ ਰਚਨਾ ਤੇ ਆਡੰਬਰ ਪਰਸਪਰ ਵਿਰੋਧੀ ਸੰਕਲਪ ਹਨ। ਆਡੰਬਰ ਵਿਰੋਧਾਂ ਦੀ ਘੜਮਸ ਉਪਰ ਆਧਾਰਿਤ ਹੁੰਦਾ ਹੈ, ਪਰ ਰਚਨਾ ਇਕ ਨਿਯੋਜਿਤ ਤੇ ਸੰਗਠਿਤ ਬਣਤਰ ਹੁੰਦੀ ਹੈ। ਇਸੇ ਲਏਂ ਅਸੀਂ ਆਡੰਬਰ ਦੀ ਉਪਰੋਕਤ ਪਰਿਭਾਸ਼ਾ ਤੇ ਵਿਆਖਿਆ ਤੋਂ ਸਹਾਇਤਾ ਲੈਂਦੇ ਹੋਏ ਪ੍ਰਪੰਚ ਨੂੰ ਇਕ ਅਜਿਹਾ ਖਿਲਾਰ ਤੇ ਬੇਮੁਹਾਰ ਨਜ਼ਾਰਾ ਮੰਨਦੇ ਹਾਂ, ਜਿਸ ਵਿਚ ਵਸਤਾਂ ਦੀ ਪਰਸਪਰ ਵਿਰੋਧ ਉਪਰ ਆਧਾਰਿਤ ਵਿਵਿਧਤਾ ਸ਼ਾਮਲ ਹੁੰਦੀ ਹੈ ਅਤੇ ਇਸ ਦਾ ਸਾਰਾ ਪ੍ਰਭਾਵ ਇਕ ਖਲਜਗਨ ਦਾ ਜਾਂ ਜੰਜਾਲ ਗ੍ਰਸਤ ਪ੍ਰਕਿਰਿਆ ਦਾ ਪੈਂਦਾ ਹੈ। ਇਸ ਗੱਲ ਨੂੰ ਵਧੇਰੇ ਸਮੂਰਤ ਕਰਨ ਲਈ ਤੇ ਨਿੱਖਰੀ ਹੋਈ ਵਿਆਖਿਆ ਵਿਚ ਬੰਨ੍ਹਣ ਲਈ ਇਸ ਦੇ ਇਰਦ ਗਿਰਦ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਚਿਤ ਪ੍ਰਕਾਰ ਦਾ ਪ੍ਰਸੰਗ ਉਸਾਰਨਾ ਜ਼ਰੂਰੀ ਬਣਦਾ ਹੈ। ਅਸੀਂ ਆਪਣੀ ਗੱਲ ਜੀਵ ਤੇ ਵਾਤਾਵਰਨ ਦੇ ਆਪਸੀ ਸੰਬੰਧਾਂ ਤੋਂ ਸ਼ੁਰੂ ਕਰਦੇ ਹਾਂ। ਕੋਈ ਵੀ ਜੀਵ ਆਪਣੀ ਉਪਜੀਵਕਾ ਲਈ ਆਪਣੇ ਤਤਕਾਲੀ ਵਾਤਾਵਰਨ ਨਾਲ ਜੁੜਿਆ ਹੁੰਦਾ ਹੈ। ਵਾਤਾਵਰਨ ਵਿਚ ਰੰਗਾ ਰੰਗੀ ਦ੍ਰਿਸ਼ ਤੇ ਭਾਂਤ ਭਾਂਤ ਦੀ ਸਾਮੱਗਰੀ ਹੁੰਦੀ ਹੈ, ਜੋ ਇਕ ਪ੍ਰਕਿਰਿਆਸ਼ੀਲ ਨਿਰੰਤਰਤਾ ਦੀ ਤੋਰੇ ਤੁਰਦੀ ਹੀ ਰਹਿੰਦੀ ਹੈ। ਇਸ ਤੋਰੇ ਤੁਰਦਿਆਂ, ਇਸ ਵਿਚ ਵਸਤਾਂ ਕਈ ਪ੍ਰਕਾਰ ਦੇ ਰੂਪ ਤੇ ਆਕਾਰ ਗ੍ਰਹਿਣ ਕਰਦੀਆਂ ਹਨ। ਕਈ ਹਾਲਤਾਂ ਵਿਚ ਆਕਾਰ ਯੁਕਤ ਵਸਤਾਂ, ਆਪਣੇ ਪਛਾਣਣਯੋਗ ਰੂਪ ਨੂੰ ਕਾਲ ਦੇ ਇਕ ਵਿਸ਼ੇਸ਼ ਲੰਬਾਈ ਵਾਲੇ ਬਿੰਦੂ ਤੀਕ-ਨਿਸ਼ਚਿਤ ਕਰੀ ਰੱਖਦੀਆਂ ਹਨ, ਪਰ ਉਪਰੰਤ ਉਨ੍ਹਾਂ ਦਾ ਸਾਰਾ ਆਕਾਰ ਵਿਸਰਜਿਤ ਵੀ ਹੋ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਇਸ ਗਤੀ ਨੂੰ ਅਸੀਂ ਘੜਨ, ਭੰਨਣ ਦੀ ਪ੍ਰਕਿਰਿਆ ਵੀ ਕਹਿ ਸਕਦੇ ਹਾਂ। ਇਹ ਪ੍ਰਕਿਰਿਆ ਕੁਲ ਕਾਇਨਾਤ ਵਿਚ ਚਲਦੀ ਹੈ ਅਤੇ ਇਸ ਪਿੱਛੇ ਬ੍ਰਹਿਮੰਡ ਦੇ ਕਿਸੇ ਅਸੂਲ ਨੂੰ ਵੀ ਕੰਮ ਕਰਦਿਆਂ ਵੇਖਿਆ ਜਾ ਸਕਦਾ ਹੈ। ਇਸੇ ਪ੍ਰਕਿਰਿਆ ਵਿਚੋਂ ਉਹ ਮੁਕਾਮ ਵੀ ਆਉਂਦੇ ਹਨ, ਜਿਨ੍ਹਾਂ ਵਿਚੋਂ ਜੀਵ ਪੈਦਾ ਹੋ ਜਾਂਦੇ ਹਨ। ਵਾਤਾਵਰਨ ਵਿਚੋਂ ਪ੍ਰਾਕਿਰਤਿਕ ਗਤੀ ਅਧੀਨ ਪੈਦਾ ਹੋਇਆ ਜੀਵ, ਵਾਤਾਵਰਨ ਨਾਲ ਵਿਸ਼ੇਸ਼ ਸੰਬੰਧਾਂ ਵਿਚ ਜੁੜਨਾ ਸ਼ੁਰੂ ਕਰ ਦੇਂਦਾ ਹੈ। ਜੀਵ ਵਿਚਲੀ ਪ੍ਰਾਣਾਧਾਰੀ ਵਿਸ਼ੇਸ਼ਤਾ, ਉਸ ਵਿਚ ਪ੍ਰਥਮ ਰੂਪ ਵਿਚ ਸੁਰੱਖਿਆ ਦੀ ਗਤੀ ਨੂੰ ਤੀਬਰ ਕਰਦੀ ਹੈ। ਇਸ ਗਤੀ ਦੇ ਅਧੀਨ ਉਹ ਆਪਣੇ ਆਲੇ ਦੁਆਲੇ ਵਿਚ ਆਪਣੇ ਆਪ ਨੂੰ ਅਸੁਰੱਖਿਅਤ ਸਮਝਦਾ ਹੈ। ਇਸੇ ਲਈ ਉਹ ਆਪਣੀ ਉਪਜੀਵਕਤਾ ਤੋਂ ਲੈ ਕੇ ਆਪਣੀ ਜੀਵਨ-ਵਿਵਸਥਾ ਨੂੰ ਕਾਇਮ ਰੱਖਣ ਤੀਕ ਪ੍ਰਯਤਨਸ਼ੀਲ ਹੋ ਕੇ ਵਿਚਰਨਾ ਸ਼ੁਰੂ ਕਰ ਦੇਂਦਾ ਹੈ। ਉਸ ਦੀ ਹਾਲਤ ਇਹ ਹੁੰਦੀ ਹੈ ਕਿ ਜਿਸ ਵਾਤਾਵਰਨ ਨੇ ਉਸ ਨੂੰ ਪੈਦਾ ਕੀਤਾ ਹੁੰਦਾ ਹੈ, ਉਸੇ ਵਾਤਾਵਰਨ ਵਿਚੋਂ ਉਸ ਨੂੰ ਕਈ ਪ੍ਰਕਾਰ ਦੀਆਂ ਭਿਅੰਕਰ ਗਤੀਵਿਧੀਆਂ ਦੀ ਸੂਚਨਾ ਮਿਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਜੀਵ ਦੀ ਪ੍ਰਾਣਾਧਾਰੀ ਕਿਰਿਆ-ਪ੍ਰਕਿਰਿਆ ਇਸੇ ਆਧਾਰ ਉਤੇ ਵਾਤਾਵਰਨ ਨਾਲ ਸੰਚਾਰ ਵਿਚ ਪੈ ਜਾਂਦੀ ਹੈ।

ਜੀਵ ਕਿਉਂਕਿ ਆਪਣੀ ਸਾਕਾਰ ਹੋਂਦ ਸਦਕਾ ਅਤੇ ਇਸ ਹੋਂਦ ਦੇ ਅੰਤਰਗਤ ਕੰਮ ਕਰਦੇ ਜਟਿਲ ਪ੍ਰਾਣਾਧਾਰੀ ਪ੍ਰਬੰਧ ਤੇ ਐਂਦ੍ਰੀਯ ਪ੍ਰਕਿਰਿਆ ਰਾਹੀਂ ਜਦੋਂ ਵਾਤਾਵਰਨ ਨਾਲ ਸੰਦੇਸ਼ ਦਾ ਆਦਾਨ ਪ੍ਰਦਾਨ ਕਰਦਾ ਹੈ ਤਾਂ ਉਸ ਦੀ ਸੰਚਾਰ-ਪ੍ਰਕਿਰਿਆ ਰਾਹੀਂ ਬੁਨਿਆਦੀ ਸੂਚਨਾ ਉਸ ਨੂੰ ਭੈ ਦੀ ਹੀ ਮਿਲਦੀ ਹੈ। ਇਹ ਭੈ, ਜਿਵੇਂ ਕਿ ਉੱਪਰ ਵੀ ਕਿਹਾ ਗਿਆ ਹੈ, ਜੀਵ ਦੀ ਆਕਾਰਯੁਕਤ ਹਉਂ ਨੂੰ ਵਿਸਰਜਿਤ ਕਰ ਦੇਣ ਦੇ ਖ਼ਤਰੇ ਨਾਲ ਜੁੜਿਆ ਹੁੰਦਾ ਹੈ। ਇਸੇ ਸੂਚਨਾਂ ਦੇ ਆਧਾਰ ਉਤੇ ਪ੍ਰਾਣਾਧਾਰੀ ਜੀਵ ਆਪਣੀ ਆਕਾਰਯੁਕਤ ਹੋਂਦ ਨਾਲ ਲੋੜੋਂ ਵਧੇਰੇ ਜੁੜਨੇ ਸ਼ੁਰੂ ਹੋ ਜਾਂਦੇ ਹਨ ਅਤੇ ਆਪਣੇ ਸੰਬੰਧਾਂ ਦੀ ਐਸੀ ਪਛਾਣ ਨੂੰ ਇਹ ਜੀਵ ਵਾਤਾਵਰਨ ਵਿਚ ਸਥਿਤ ਆਕਾਰਯੁਕਤ ਹੋਂਦ ਤੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਵਿਸਤਾਰ ਲੈਂਦੇ ਹਨ ਅਤੇ ਇਕ ਬਿੰਦੂ ਅਜਿਹਾ ਆਉਂਦਾ ਹੈ, ਜਿਥੇ ਉਹ ਆਪਣੀ ਐਸੀ ਪਛਾਣ ਸਦਕਾ ਆਕਾਰਯੁਕਤ ਹੋਂਦਾਂ ਦੇ ਜਗਤ ਵਿਚ ਆਪਣੇ ਆਪ ਨੂੰ ਸੁਰੱਖਿਅਤ ਸਮਝਣ ਲੱਗ ਪੈਂਦੇ ਹਨ। ਐਸੀ ਹਾਲਤ ਵਿਚ ਜੀਵ ਤੇ ਵਾਤਾਵਰਨ ਵਿਚ ਇਕ ਨਿਰੰਤਰਤਾ ਦਾ ਰਿਸ਼ਤਾ ਕਾਇਮ ਹੋ ਜਾਂਦਾ ਹੈ: ਇਸੇ ਸਹਜ ਨਿਰੰਤਰਤਾ ਦੇ ਸਹਾਰੇ ਜੀਵ ਤੇ ਵਾਤਾਵਰਨ ਵਿਚਕਾਰ ਸੰਚਾਰ ਚਲਦਾ ਹੈ ਪਰ ਮਾਨਵੀ ਜਗਤ ਸਮਾਜ ਤੇ ਸਭਿਆਚਾਰ ਦੇ ਸਾਹਮਣੇ ਆਉਣ ਨਾਲ ਇਸ ਸਾਰੀ ਕਿਰਿਆ-ਪ੍ਰਕਿਰਿਆ ਵਿਚ ਇਕ ਤਬਦੀਲੀ ਆਉਂਦੀ ਹੈ। ਜੀਵ ਵਿਗਿਆਨੀਆਂ, ਮਾਨਵ-ਵਿਗਿਆਨੀਆਂ ਤੇ ਸੰਸਕ੍ਰਿਤੀ ਵਿਗਿਆਨੀਆਂ ਦਾ ਮੱਤ ਇਹ ਹੈ ਕਿ ਜੀਵ ਤੇ ਵਾਤਾਵਰਨ ਦੀ ਨਿਰੰਤਰ ਸੰਚਾਰ-ਪ੍ਰਕਿਰਿਆ ਮਾਨਵੀ ਦ੍ਰਿਸ਼ਟੀ ਤੋਂ ਵੇਖਿਆਂ ਪ੍ਰਤੀਕਾਤਮਕ ਸੰਚਾਰ ਵਿਚ ਵਟ ਜਾਂਦੀ ਹੈ। ਜੀਵ ਤੇ ਵਾਤਾ-ਵਰਨ ਵਿਚਕਾਰ ਪ੍ਰਤੀਕ ਦਾ ਪਰਵੇਸ਼ ਹੋ ਜਾਂਦਾ ਹੈ। ਪ੍ਰਤੀਕ ਇਕ ਐਸੀ ਵਿਚੋਲਗੀਰੀ ਦਾ ਕੰਮ ਕਰਦਾ ਹੈ ਜੋ ਵਾਤਾਵਰਨ ਵਿਚੋਂ ਪੈਦਾ ਹੁੰਦੀਆਂ ਸੂਚਨਾਵਾਂ ਤੇ ਜੀਵ ਦੀ ਜੈਵਿਕਤਾ ਵਿਚੋਂ ਸੂਚਨਾਵਾਂ ਦੇ ਜਵਾਬ ਵਿਚ ਉਠੀਆਂ ਤਰੰਗਾਂ ਨੂੰ ਪਰੀਵਰਤਿਤ ਕਰਨਾ ਸ਼ੁਰੂ ਕਰ ਦੇਂਦਾ ਹੈ। ਇਸ ਤਰ੍ਹਾਂ ਇਸ ਪਰੀਵਰਤਨ-ਕਿਰਿਆ ਰਾਹੀਂ ਇਕ ਰੂਪਾਂਤ੍ਰਣ ਸ਼ੁਰੂ ਹੋ ਜਾਂਦਾ ਹੈ। ਆਕਾਰਯੁਕਤ ਠੋਸ ਪਦਾਰਥ, ਆਮੁਹਾਰੀਆਂ ਤਰੰਗਾਂ, ਜੈਵਿਕ ਪ੍ਰਤੀਕਿਰਿਆਵਾਂ ਇਸ ਰੂਪਾਂਤ੍ਰਣ ਵਿਚ ਪੈ ਕੇ ਨਿਸ਼ਚਿਤ ਅਰਥ-ਸੰਜਮ ਵਿਚ ਬਦਲਣੀਆਂ ਸ਼ੁਰੂ ਹੋ ਜਾਂਦੀਆਂ ਹਨ, ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਠੋਸ ਪਦਾਰਥਕ ਹੋਂਦਾਂ ਨੂੰ ਮਾਨਵੀ ਅਰਥ-ਪ੍ਰਬੰਧ ਵਿਚ ਰੂਪਾਂਤ੍ਰਣ ਕਰਨ ਦਾ ਕੰਮ ਪ੍ਰਤੀਕ ਕਰਦਾ ਹੈ। ਦੂਜੇ ਸ਼ਬਦਾਂ ਵਿਚ ਕਾਇਨਾਤ ਦੀ ਗਤੀ-ਪ੍ਰਗਤੀ ਦੇ ਅੰਤਰਗਤ ਮਾਨਵਤਾ ਦੀ ਨਿਸ਼ਾਨਦੇਹੀ ਪ੍ਰਤੀਕ ਦੁਆਰਾ ਹੁੰਦੀ ਹੈ। ਜਦੋਂ ਅਸੀਂ ਇਸ ਧਾਰਨਾ ਨੂੰ ਆਧਾਰ ਬਣਾ ਕੇ ਅਗੇ ਚਲਦੇ ਹਾਂ ਤਾਂ ਸਮੂਰਤ ਰੂਪ ਵਿਚ ਜੋ ਗੱਲ ਉੱਘੜ ਕੇ ਸਾਹਮਣੇ ਆਉਂਦੀ ਹੈ, ਉਹ ਭਾਸ਼ਾਈ ਪ੍ਰਤੀਕ ਵਿਧੀ ਦੀ ਹੈ, ਅਰਥਾਤ ਵਾਤਾਵਰਨ ਤੇ ਜੀਵ ਦੇ ਵਿਚਕਾਰ ਕਾਰਜਸ਼ੀਲ ਪ੍ਰਤੀਕਾਤਮਕ ਭਾਸ਼ਾ ਰਾਹੀਂ ਹੀ ਜ਼ਾਹਰ ਹੁੰਦੀ ਹੈ। ਇਥੇ ਇਹ ਗੱਲ ਯਾਦ ਰਖਣੀ ਜ਼ਰੂਰੀ ਹੈ ਕਿ ਭਾਸ਼ਾ, ਵਾਤਾਵਰਨ, ਆਕਾਰਯੁਕਤ ਹੋਂਦਾਂ ਤੇ ਜੈਵਿਕ ਹੋਂਦਾਂ ਵਾਂਗ ਪ੍ਰਕਿਰਤੀ ਵਿਚੋਂ ਪੈਦਾ ਨਹੀਂ ਹੁੰਦੀ; ਸਗੋਂ ਇਹ ਤਾਂ ਵਾਤਾਵਰਨ, ਆਕਾਰਯੁਕਤ ਹੋਂਦਾਂ ਤੇ ਜੈਵਿਕ ਪ੍ਰਬੰਧਾਂ ਦੇ ਆਪਸੀ ਰਿਸ਼ਤਿਆਂ ਵਿਚੋਂ ਉਤਪਨ ਹੋਣ ਵਾਲੀ ਸ਼ਕਤੀ ਤੇ ਸੂਚਨਾ ਨੂੰ ਨਿਯੰਤ੍ਰਿਤ ਤੇ ਸੁਨੇਮਤ ਕਰਨ ਦਾ ਕੰਮ ਕਰਦੀ ਹੈ। ਇਸ ਤਰ੍ਹਾਂ ਇਹ ਗਤੀ ਆਡੰਬਰ ਤੋਂ ਸੰਜਮ ਵੱਲ ਜਾਣ ਦੀ ਗਤੀ ਹੈ। ਇਸੇ ਸਦਕਾ ਮਨੁੱਖ ਪ੍ਰਤੀਕੀ ਸੰਸਕਾਰ ਵਾਲੀ ਬੁੱਧ ਦੀ ਪ੍ਰਾਪਤੀ ਕਰਦਾ ਹੈ ਅਤੇ ਪ੍ਰਕਿਰਤੀ ਵਿਚੋਂ ਪੈਦਾ ਹੋਣ ਵਾਲੀ ਆਪ ਮੁਹਾਰੀ ਸ਼ਕਤੀ ਤੇ ਸੂਚਨਾ ਨੂੰ ਸੰਜਮਸ਼ੀਲ ਸੰਚਾਰ ਵਿਚ ਰੂਪਾਂਤ੍ਰਿਤ ਕਰ ਲੈਂਦਾ ਹੈ। ਇਸੇ ਵਿਸ਼ੇਸ਼ਤਾ ਦੇ ਆਧਾਰ ਉਤੇ ਇਹ ਕਿਹਾ ਜਾਂਦਾ ਹੈ ਕਿ ਜਿਥੇ ਦੂਸਰੀਆਂ ਜੀਵ-ਜਾਤੀਆਂ ਦਾ ਵਿਵਹਾਰ ਉਤੇਜਨਾ ਤੇ ਪ੍ਰਤੀਕਰਮ ਦੀ ਨਿਰੰਤਰਤਾ ਉਪਰ ਆਧਾਰਿਤ ਹੁੰਦਾ ਹੈ, ਉਥੇ ਮਾਨਵੀ ਸਭਿਆਚਾਰ ਸੁਗਠਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਉਚੇਰੀ ਪੱਧਰ ਉਪਰ ਪੁੱਜ ਜਾਂਦਾ ਹੈ। ਇਹ ਉਚੇਰੀ ਪੱਧਰ ਪ੍ਰਕਿਰਤੀ ਦੀਆਂ ਆਪ ਮੁਹਾਰੀਆਂ ਤਰੰਗਾਂ ਨੂੰ ਸੰਜਮ ਅਨੁਸ਼ਾਸ਼ਨ ਵਿਚ ਬੰਨ੍ਹਦੀ ਹੈ ਪਰ ਨਾਲ ਹੀ ਇਸ ਦੀ ਨਿੱਖੜਵੀਂ ਪਛਾਣ ਇਸ ਗੱਲ ਉਪਰ ਆਧਾਰਿਤ ਹੈ ਕਿ ਇਹ ਮਾਨਵੀ ਵਿਹਾਰ ਨੂੰ ਨਿਸ਼ਚਿਤ ਸੇਧਾਂ ਵਿਚ ਟੀਚਿਆਂ ਤੇ ਉਦੇਸ਼ਾਂ ਨਾਲ ਜੋੜ ਦੇਂਦਾ ਹੈ। ਇਸੇ ਆਧਾਰ ਉਤੇ ਹੀ ਇਹ ਕਿਹਾ ਜਾਂਦਾ ਹੈ ਕਿ ਮਾਨਵੀ ਸੰਚਾਰ ਦੀ ਬੁਨਿਆਦੀ ਵਿਸ਼ੇਸ਼ਤਾ ਨਿਸ਼ਚਿਤ ਟੀਚਿਆਂ ਦੇ ਆਵਿਸ਼ਕਾਰ ਨਾਲ ਜੁੜੀ ਹੋਈ ਹੈ। ਪਰ ਇਥੇ ਨਿਸ਼ਚਿਤ ਟੀਚੇ ਜਾਂ ਮਨੋਰਥ ਦੀ ਗੱਲ ਨੂੰ ਕਿਸੇ ਇਕ ਮੁਕਾਮ ਨਾਲ ਜੋੜਨਾ ਠੀਕ ਨਹੀਂ। ਇਸ ਗੱਲ ਨੂੰ ਸਮਝਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਮਨੁੱਖ ਭਾਸ਼ਾ ਆਧਾਰੀ ਪ੍ਰਤੀਕ-ਬੁੱਧ ਰਾਹੀਂ ਇਕ ਜਗਿਆਸ ਦੇ ਸਫ਼ਰ ਵਿਚ ਪੈ ਜਾਂਦਾ ਹੈ। ਇਸ ਲਈ ਉਸ ਦੇ ਟੀਚੇ ਦੀ ਕੋਈ ਨਿਸ਼ਚਿਤ ਮੰਜ਼ਿਲ ਨਹੀਂ ਆਉਂਦੀ। ਉਹ ਅੱਗੇ ਤੋਂ ਅਗੇਰੇ ਤੁਰਿਆ ਚਲਾ ਜਾਂਦਾ ਹੈ। ਪ੍ਰਸਿਧ ਫ਼ਰਾਂਸੀਸੀ ਮਨੋਵਿਗਿਆਨੀ ਤੇ ਪ੍ਰਤੀਕ ਸ਼ਾਸਤਰੀ ਲਾਕਾਂ ਜਦੋਂ ਮਨੁੱਖ ਦੇ ਅਜਿਹੇ ਵਿਵਹਾਰ ਦੀ ਨਿਸ਼ਾਨਦੇਹੀ ਕਰਦਾ ਹੈ ਤਾਂ ਉਹ ਆਪਣਾ 'ਜੁਗਾਤਰੀ ਘਾਟ' (Primordial lack) ਦਾ ਸਿਧਾਂਤ ਪੇਸ਼ ਕਰਦਾ ਹੈ। ਉਸ ਦੇ ਮੁਤਾਬਕ ਜਿੱਥੇ ਦੂਸਰੀਆਂ ਜੀਵ-ਜਾਤੀਆਂ ਆਪਣੇ ਪ੍ਰਾਣਾਧਾਰੀ ਸਰੂਪ ਵਿਚ ਮੁਕੰਮਲ ਹੋ ਜਾਂਦੀਆਂ ਹਨ, ਉਥੇ ਮਨੁੱਖ ਅਪੂਰਨ ਹੀ ਰਹਿੰਦਾ ਹੈ। ਅਤੇ ਆਪਣੀ ਅਜਿਹੀ ਅਪੂਰਨਤਾ ਨੂੰ ਭਰਨ ਲਈ ਪ੍ਰਯਤਨ-ਸ਼ੀਲ ਰਹਿੰਦਾ ਹੈ। ਇਸੇ ਪ੍ਰਕਿਰਿਆ ਵਿਚੋਂ ਮਨੁੱਖ ਦੀ ਟੀਚਾ-ਸਿਰਜਨ ਵਿਸ਼ੇਸ਼ਤਾ ਪੈਦਾ ਹੁੰਦੀ ਹੈ। ਜਿਉਂ ਜਿਉਂ ਮਨੁੱਖ ਇਨ੍ਹਾਂ ਟੀਚਿਆਂ ਵੱਲ ਵਧਦਾ ਹੈ, ਤਿਉਂ ਤਿਉਂ ਮਨੁੱਖ ਦੀ ਅਪੂਰਨਤਾ ਦਾ ਅਹਿਸਾਸ ਹੋਰ ਵਧਦਾ ਜਾਂਦਾ ਹੈ। ਇਸੇ ਆਧਾਰ ਉਤੇ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਦੂਜੀਆਂ ਜੀਵ-ਜਾਤੀਆਂ ਵਿਚ ਘਾਟ ਜਾਂ ਅਪੂਰਨਤਾ ਸਿਰਫ਼ ਉਪਯੋਗੀ ਲੋੜਾਂ ਦੀ ਪੂਰਤੀ ਤਕ ਮਹਿਦੂਦ ਹੁੰਦੀ ਹੈ। ਪਰ ਮਨੁੱਖੀ ਜਗਤ ਵਿਚ ਇਹ ਅਪੂਰਨਤਾ ਜਗਿਆਸ ਵਿਚ ਵੱਟ ਜਾਂਦੀ ਹੈ, ਜਿਸ ਦਾ ਕੰਮ ਇੱਛਾ-ਤ੍ਰਿਪਤੀ ਨਾਲੋਂ, ਜਗਿਆਸਾਮੂਲਕ ਟੀਚਿਆਂ ਵੱਲ ਵਧਣਾ ਹੋ ਜਾਂਦਾ ਹੈ। ਯਾਦ ਰਖਣਾ ਚਾਹੀਦਾ ਹੈ ਕਿ ਉਪਯੋਗੀ ਇੱਛਾਵਾਂ ਤਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ, ਪਰ ਜਗਿਆਸ ਦੀ ਕਦੇ ਤ੍ਰਿਪਤੀ ਨਹੀਂ ਹੁੰਦੀ। ਇਸੇ ਲਈ ਜੀਵ ਤਾਂ ਕੇਵਲ ਇਕ ਨਿਸ਼ਚਿਤ ਸੰਦੇਸ਼ ਜਾਂ ਸੂਚਨਾ ਤਕ ਦਾ ਸਫ਼ਰ ਕਰਦਾ ਹੈ ਪਰ ਮਨੁੱਖ ਆਪਣੀ ਜੈਵਿਕਤਾ ਨੂੰ ਅਜਿਹੇ ਮੁਕਾਮ ਉੱਪਰ ਲਿਆਉਣ ਤੋਂ ਉਪਰੰਤ ਨਿਸ਼ਚਿਤ ਸੰਦੇਸ਼ ਨੂੰ ਕੋਡ ਵਿਚ ਬਦਲ ਦੇਂਦਾ ਹੈ। ਸੰਦੇਸ਼ ਨੂੰ ਕੋਡ ਵਿਚ ਬਦਲਣਾ, ਉਪਯੋਗੀ ਤੇ ਉਪਭੋਗੀ ਮਨੋਰਥਾਂ ਨੂੰ ਗਿਆਨ-ਆਧਾਰੀ ਜਗਿਆਸਾ ਦੇ ਰਾਹ ਉਤੇ ਪਾਉਣਾ ਹੁੰਦਾ ਹੈ। ਮਾਨਵੀ ਸਭਿਆਚਾਰ ਦੀ ਸਾਰੀ ਸੰਜਮ-ਪ੍ਰਕਿਰਿਆ ਇਸੇ ਗੱਲ ਉਪਰ ਆਧਾਰਿਤ ਹੈ ਅਤੇ ਇਸ ਪ੍ਰਕਿਰਿਆ ਨੂੰ ਸਮੂਰਤ ਪੱਧਰ ਉਪਰ ਪ੍ਰਗਟ ਕਰਨ ਦਾ ਕੰਮ ਭਾਸ਼ਾ ਹੀ ਕਰਦੀ ਹੈ। ਭਾਸ਼ਾ ਤੋਂ ਉਪਰੰਤ ਕਈ ਹੋਰ ਵਿਧੀਆਂ ਵੀ ਸਾਹਮਣੇ ਆਉਂਦੀਆਂ ਹਨ, ਪਰ ਉਨ੍ਹਾਂ ਵਿਚ ਵੀ ਬੁਨਿਆਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਰਚਨਾ ਭਾਸ਼ਾ ਦੀ ਹੀ ਹੁੰਦੀ ਹੈ। ਇਸ ਤਰ੍ਹਾਂ ਭਾਸ਼ਾਈ ਤੇ ਭਾਸ਼ਾ-ਅਤਿਰਿਕਤ ਵਿਧੀਆਂ ਦੀ ਸੰਚਾਰ-ਪ੍ਰਕਿਰਿਆ ਦੁਆਰਾ ਮਨੁੱਖੀ ਪ੍ਰਪੰਚੀ ਆਡੰਬਰ ਦੀ ਬੇਮੁਹਾਰ ਅਨਿਸ਼ਚਿੱਤਤਾ ਵਿਚੋਂ ਨਿਕਲ ਕੇ, ਸੰਜਮੀ ਪ੍ਰਬੰਧ ਦੀ ਸਾਰਥਕ ਨਿਸ਼ਚਿੱਤਤਾ ਵਿਚ ਪਰਵੇਸ਼ ਕਰ ਜਾਂਦਾ ਹੈ ਅਤੇ ਇਸ ਆਧਾਰ ਉਤੇ ਆਪਣੇ ਸਭਿਆਚਾਰਕ ਜਗਤ ਵਿਚ ਸੁਗਠਣ ਦੀ ਮਾਤਰਾ ਨੂੰ ਵਧਾਣਾ ਸ਼ੁਰੂ ਕਰ ਦੇਂਦਾ ਹੈ। ਮਨੁੱਖ ਦੀ ਅਜਿਹੀ ਗਤੀਵਿਧੀ ਆਪਣਾ ਫੈਲਾਉ ਇਸ ਪ੍ਰਕਾਰ ਕਰਦੀ ਹੈ ਕਿ ਉਹ ਪ੍ਰਕਿਰਤੀ ਦੀਆਂ ਉਪ-ਪ੍ਰਾਣਾਧਾਰੀ ਪੱਧਰਾਂ ਤੋਂ ਲੈ ਕੇ, ਸੰਸਕ੍ਰਿਤੀ ਦੀਆਂ ਅਤਿਅੰਤ ਅਨੁਸ਼ਾਸਨੀ ਪੱਧਰਾਂ ਤੀਕ ਆਪਣਾ ਸੰਜਮ ਸੁਗਠਣ ਦਾ ਕਾਰਜ ਕਰਦੀ ਚਲੀ ਜਾਂਦੀ ਹੈ। ਇਸ ਗੱਲ ਨੂੰ ਰਤਾ ਕੁ ਹੋਰ ਸਮੂਰਤ ਢੰਗ ਨਾਲ ਸਮਝਣ ਲਈ ਅਸੀਂ ਆਪਣੀ ਗੱਲ ਸੰਸਕ੍ਰਿਤੀ ਤੋਂ ਸ਼ੁਰੂ ਕਰਦੇ ਹਾਂ। ਪਿੱਛੇ ਅਸੀਂ ਸੰਸਕ੍ਰਿਤੀ ਨੂੰ ਭਾਸ਼ਾ ਤੇ ਪ੍ਰਤੀਕ ਉੱਪਰ ਆਧਾਰਿਤ ਜਗਿਆਸ-ਯਾਤਰਾ ਕਹਿ ਆਏ ਹਾਂ। ਮਾਨਵ-ਬੁੱਧ ਇਥੋਂ ਹੀ ਆਪਣਾ ਕੰਮ ਆਰੰਭਦੀ ਹੈ ਤੇ ਇਸ ਕੰਮ ਵਿਚ ਸਹਾਈ ਹੋਣ ਵਾਲਾ ਹਥਿਆਰ, ਜਿਸ ਦੀ ਵਿਆਖਿਆ ਅਸੀਂ ਭਾਸ਼ਾ ਤੇ ਪ੍ਰਤੀਕ ਦੇ ਅਰਥਾਂ ਵਿਚ ਕਰ ਸਕਦੇ ਹਾਂ, ਨੂੰ ਨਾਲ ਲੈ ਕੇ ਚਲਦੀ ਹੈ। ਅਤੇ ਇਸੇ ਦੀਆਂ ਸੀਮਾਵਾਂ ਨੂੰ ਕੁਲ ਕਾਇਨਾਤ ਉਪਰ ਵਿਸਥਾਰਦੀ ਜਾਂਦੀ ਹੈ। ਜਿਸ ਦਾ ਅਰਥ ਇਹ ਹੈ ਕਿ ਮਨੁੱਖ ਜਕਰ ਬ੍ਰਹਮੰਡ ਦੀਆਂ ਗੁਪਤ ਜਾਂ ਪ੍ਰਗਟ ਤਹਿਆਂ ਨੂੰ ਜਾਣਦਾ ਬੁਝਦਾ ਹੈ ਤਾਂ ਉਸ ਦੀ ਸੀਮਾਂ ਤੇ ਸ਼ਕਤੀ ਉਸ ਦੀ ਭਾਸ਼ਾਈ ਤੇ ਪ੍ਰਤੀਕੀ ਸਮਰੱਥਾ ਉਪਰ ਨਿਰਭਰ ਕਰਦੀ ਹੈ। ਇਸੇ ਰਾਹੀਂ ਮਨੁੱਖ ਪ੍ਰਪੰਚ ਤੇ ਪ੍ਰਬੰਧ ਦੀਆਂ ਕੋਟੀਆਂ ਬਣਾ ਕੇ ਆਪਣੀ ਸੰਜਮ-ਅਨੁਸ਼ਾਸਨ ਦੀ ਪ੍ਰਕਿਰਿਆ ਨੂੰ ਉਘਾੜਦਾ ਹੈ। ਵੀਹਵੀਂ ਸਦੀ ਵਿਚ ਆਧੁਨਿਕ ਭਾਸ਼ਾ-ਵਿਗਿਆਨ ਅਤੇ ਸੰਰਚਨਾਵਾਦ ਇਸੇ ਪਰਵਿਰਤੀ ਨੂੰ ਸਾਡੇ ਸਨਮੁਖ ਕਰਦੇ ਹਨ। ਇਸ ਪਰਵਿਰਤੀ ਨੇ ਜਿਥੇ ਮਨੁੱਖ ਦੀ ਸਭਿਆਚਾਰਕ ਤੇ ਜਗਿਆਸਮੂਲਕ ਵਿਸ਼ੇਸ਼ਤਾ ਦੀ ਨਿਸ਼ਾਨਦੇਹੀ ਕੀਤੀ ਹੈ, ਉਥੇ ਕਰੜੇ ਅਨੁਸ਼ਾਸਨ ਦੀ ਯਾਂਤਰਿਕ ਮਿੱਥ ਵੀ ਬਣਾ ਦਿੱਤੀ ਹੈ। ਇਸ ਵਿਚ ਸੰਦੇਹ ਨਹੀਂ ਕਿ ਭਾਸ਼ਾਈ ਤੇ ਪ੍ਰਤੀਕੀ ਅਵਚੇਤਨ ਦੇ ਆਧਾਰ ਉਤੇ ਇਸ ਨੇ ਬਹੁਤ ਹਾਲਤਾਂ ਵਿਚ ਮਾਨਵ-ਕੇਂਦਰਿਤ ਚਿੰਤਨ ਦਾ ਵਿਨਾਸ ਵੀ ਕੀਤਾ ਹੈ ਪਰ ਰਤਾ ਕੁ ਡੂੰਘੀ ਦ੍ਰਿਸ਼ਟੀ ਤੋਂ ਵੇਖਿਆਂ ਇਹ ਗੱਲ ਵੀ ਸਮਝ ਆਉਂਦੀ ਹੈ ਕਿ ਇਸ ਨੇ ਯਾਂਤਰਿਕਤਾ ਦੀ ਵਿਧੀ ਨੂੰ ਇਕ ਮਿੱਥ ਦਾ ਰੂਪ ਦੇ ਦਿੱਤਾ ਹੈ। ਯਾਂਤਰਿਕਤਾ ਬੁਨਿਆਦੀ ਤੌਰ ਉਤੇ ਤਾਂ ਵਿਗਿਆਨਕ ਤੇ ਗਣਿਤ-ਸ਼ਾਸਤਰੀ ਹੈ। ਪਰ ਜਦੋਂ ਇਸ ਨੂੰ ਇਕ ਕਰੜੇ ਪ੍ਰਬੰਧ ਵਾਂਗ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਇਸ ਦਾ ਸਾਰਾ ਪ੍ਰਬੰਧ ਇਕ ਬੰਦ-ਪ੍ਰਬੰਧ ਦਾ ਰੂਪ ਧਾਰ ਜਾਂਦਾ ਹੈ। ਯਾਦ ਰਖਣਾ ਚਾਹੀਦਾ ਹੈ ਕਿ ਸਾਂਸਕ੍ਰਿਤਿਕ ਪ੍ਰਬੰਧ ਜਦੋਂ ਵਿਗਠਨ ਦੀ ਵਧਦੀ ਮਾਤਰਾ ਨੂੰ ਸੁਗਠਨ ਦੇ ਅਨੁਸ਼ਾਸਨ ਵਿਚ ਬਦਲਦਾ ਹੈ ਤਾਂ ਉਸ ਦੀ ਯਾਤਰਾ ਇਕ ਖੁਲ੍ਹੇ ਪ੍ਰਬੰਧ ਵਲ ਵਿਕਾਸ ਕਰਨ ਦੀ ਹੁੰਦੀ ਹੈ। ਪ੍ਰਕਿਰਤੀ ਤੋਂ ਭਾਸ਼ਾ ਤੇ ਪ੍ਰਤੀਕ ਦੀ ਮੱਦਦ ਨਾਲ ਖੁਲ੍ਹੇ ਪ੍ਰਬੰਧ ਤੀਕ ਸਫ਼ਰ ਕਰਨ ਦੇ ਦੌਰਾਨ ਯਾਂਤਰਿਕ ਮਿੱਥ ਦਾ ਦੋਸ਼ ਹੈ। ਇਸ ਦੋਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪਰਵਿਸ਼ਟ ਮਾਨਵ-ਚਿੰਤਨ ਜਦੋਂ ਯਾਂਤਰਿਕਤਾ ਦੀਆਂ ਰੂੜ੍ਹ ਹੋਈਆਂ ਜੁਗਤਾਂ ਦੀ ਪਕੜ ਵਿਚ ਆ ਜਾਂਦਾ ਹੈ ਤਾਂ ਉਦੋਂ ਉਸ ਦਾ ਸੰਬੰਧ ਇਕ ਪਾਸੇ ਪ੍ਰਕਿਰਤੀ ਤੋਂ ਟੁਟ ਜਾਂਦਾ ਹੈ ਤੇ ਦੂਜੇ ਪਾਸੇ ਖੁਲ੍ਹੇ ਪ੍ਰਬੰਧ ਦੀ ਵਿਕਾਸ ਪ੍ਰਕਿਰਿਆ ਨਾਲੋਂ। ਐਸੀ ਹਾਲਤ ਵਿਚ ਚਿੰਤਨ ਗ੍ਰਹਿਣਿਆ ਜਾਂਦਾ ਹੈ ਅਤੇ ਯਾਂਤਰਿਕ ਸੀਮਾਵਾਂ ਵਿਚ ਘਿਰ ਜਾਂਦਾ ਹੈ। ਪਿਛੇ ਅਸੀਂ ਇਹ ਗੱਲ ਸਮਝਣ ਦਾ ਯਤਨ ਕੀਤਾ ਹੈ ਕਿ ਮਾਨਵੀ ਆਜ਼ਾਦੀ ਜੋ ਉਚੇਰੇ ਟੀਚਿਆਂ ਵਲ ਵਧਣ ਤੋਂ ਆਪਣਾ ਰਾਹ ਖੋਲ੍ਹਦੀ ਹੈ, ਬੁਨਿਆਦੀ ਤੌਰ ਉਤੇ ਜਗਿਆਸ-ਮੂਲਕ ਹੁੰਦੀ ਹੈ। ਬੰਦ ਪ੍ਰਬੰਧ ਦੀ ਯਾਂਤਰਿਕਤਾ ਵਿਚ ਇਹ ਆਪਣੀ ਇਸ ਜਗਿਆਸਮੂਲਕ ਯਾਤਰਾ ਤੋਂ ਟੁੱਟ ਜਾਂਦੀ ਹੈ। ਭਾਸ਼ਾ ਤੇ ਪ੍ਰਤੀਕ ਆਧਾਰੀ ਸੰਰਚਨਾਵਾਦ ਨੇ ਆਪਣੀਆਂ ਗਣਿਤ-ਸ਼ਾਸਤਰੀ ਅੰਤਰ-ਦ੍ਰਿਸ਼ਟੀਆਂ ਉਪਰ ਆਧਾਰਿਤ ਹੁੰਦਿਆਂ, ਵਿਗਿਆਨਕਤਾ ਦੇ ਤਰਕ ਨੂੰ ਖਾਸਾ ਨਿਸ਼ਚਿਤ ਕੀਤਾ ਹੈ ਅਤੇ ਇਸ ਨਿਸ਼ਚਣ ਦੁਆਰਾ ਇਸ ਨੇ ਮਾਨਵੀ ਸਭਿਆਚਾਰ ਵਿਚੋਂ ਰਹਸ ਆਧਾਰੀ ਸਿਰਜਨਾਤਮਕਤਾ ਦੇ ਪਾਸਾਰ ਨੂੰ ਅਸੰਗਤ ਵੀ ਕੀਤਾ ਹੈ ਪਰੰਤੂ ਇਸ ਦੀ ਆਪਣੀ ਵਿਧੀ ਵਿਗਿਆਨਕ ਤਰਕ ਦੇ ਕਰੜੇ ਪਬੰਧ ਵਿਚ ਏਨੀ ਰੂੜ੍ਹ ਹੋ ਜਾਂਦੀ ਹੈ ਕਿ ਇਹ ਆਪਣੀ ਸਾਰੀ ਪ੍ਰਾਪਤੀ ਨੂੰ ਯਾਂਤਰਿਕਤਾ ਦੇ ਭਰਮ ਵਿਚ ਨਸ਼ਟ ਕਰ ਦੇਂਦੀ ਹੈ। ਇਨ੍ਹਾਂ ਅਰਥਾਂ ਵਿਚ ਹੀ ਸੰਰਚਨਾਵਾਦ ਨੂੰ ਅਤਿਅੰਤ ਕਰੜੇ ਵਿਗਿਆਨਕ ਪ੍ਰਬੰਧ ਵਜੋਂ ਚਿਤਵਦਿਆਂ, ਅਗਲੇ ਵਿਦਵਾਨਾਂ ਨੇ ਇਸ ਉਪਰ ਕਈ ਪਹਿਲੂਆਂ ਤੋਂ ਪ੍ਰਹਾਰ ਕੀਤੇ ਹਨ। ਸੰਰਚਨਾਵਾਦ, ਜਿਸ ਨੂੰ ਕਿ ਇਸ ਦੇ ਉਦੈਮਾਨ ਹੋਣ ਦੇ ਸਮੇਂ ਤੋਂ ਗਿਆਨ-ਸ਼ਾਸਤਰ ਦੀ ਦੁਨੀਆਂ ਵਿਚ ਇਕ ਇਨਕਲਾਬੀ ਵਿਧੀ ਵਜੋਂ ਸਵੀਕਾਰ ਕੀਤਾ ਗਿਆ, ਆਪਣੇ ਵਿਚਲੀ ਮਕਾਨਕੀ ਕਰੜਾਈ ਕਾਰਨ ਵਿਗਿਆਨਕਤਾ ਨੂੰ ਭਰਮ ਵਿਚ ਪਾਉਣ ਦਾ ਭਾਗੀ ਬਣਿਆ। ਜਦੋਂ ਸੰਰਚਨਾਵਾਦ ਤੋਂ ਮਗਰਲੇ ਵਿਦਵਾਨ ਇਸ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਸੰਦੇਹ ਦੁਆਰਾ ਵਾਚਣ ਦਾ ਪ੍ਰਯਾਸ ਕਰਦੇ ਹਨ ਤਾਂ ਉਨ੍ਹਾਂ ਦੀ ਸਭ ਤੋਂ ਵੱਡੀ ਤੇ ਅਹਿਮ ਧਾਰਨਾ ਇਸ ਪ੍ਰਸੰਗ ਵਿਚ ਬਣਦੀ ਹੈ ਕਿ ਸੰਰਚਨਾਵਾਦ ਵਿਗਿਆਨਕ ਹੋ ਕੇ ਵੀ ਅਧਿਆਤਮੀ ਰਹਿੰਦਾ ਹੈ। ਇਸ ਦੇ ਅਧਿਆਤਮ ਦਾ ਅਰਥ ਭਾਰਤੀ ਧਰਮ-ਅਧਿਆਤਮ ਨਾਲ ਸੰਬੰਧਿਤ ਨਹੀਂ। ਸਗੋਂ ਇਥੇ ਅਧਿਆਤਮ, ਵਿਗਿਆਨਕ ਭੌਤਿਕਤਾ ਦੇ ਵਿਰੋਧ ਵਿਚ ਵਫਤੋਂ ਵਿਚ ਆਇਆ ਹੈ; ਜਿਸ ਦਾ ਅਰਥ ਇਹ ਹੈ ਕਿ ਕਿਸੇ ਮਾਧਿਅਮ ਤੋਂ ਪਾਰ ਇਕ ਵੱਖਰਾ ਉਦੇਸ਼ ਪਿਆ ਹੁੰਦਾ ਹੈ। ਜਦੋਂ ਮਾਧਿਅਮ ਤੇ ਉਦੇਸ਼ ਦਾ ਦਵੈਤ ਕਿਸੇ ਰਚਨਾ ਦੇ ਵਜੂਦ ਨੂੰ ਪਛਾਨਣ ਵਿਚ ਕਾਰਜਸ਼ੀਲ ਹੋਵੇ ਤਾਂ ਉਦੋਂ ਇਹ ਗੱਲ ਹਰ ਹਾਲਤ ਵਿਚ ਨਿਸ਼ਚਿਤ ਹੋ ਜਾਂਦੀ ਹੈ ਕਿ ਰਚਨਾ ਦੀ ਸਾਰਥਕਤਾ ਦਾ ਮਰਮ ਉਸ ਦੇ ਸਰੂਪ ਤੋਂ ਪਾਰ ਪਿਆ ਹੋਇਆ ਹੈ। ਇਸ ਤਰ੍ਹਾਂ, ਭੌਤਿਕੀ ਸਰੂਪ ਤੋਂ ਪਾਰ ਦੀ ਸਾਰਥਕਤਾ ਦੀ ਮਿੱਥ ਕਾਇਮ ਹੋ ਜਾਂਦੀ ਹੈ। ਇਸ ਪਾਰ ਦੀ ਮਿੱਥ ਅਧਿਆਤਮ ਕਿਹਾ ਜਾਂਦਾ ਹੈ। ਉੱਤਰ-ਸੰਰਚਨਾਵਾਦੀ ਵਿਧੀ ਤੇ ਦ੍ਰਿਸ਼ਟੀ ਸੰਬੰਧੀ ਬੁਨਿਆਦੀ ਇਤਰਾਜ਼ ਹੀ ਇਹ ਹੈ। ਉਹ ਜਦੋਂ ਸੰਰਚਨਾਵਾਦ ਉਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਪਹਿਲੂ ਤੋਂ ਆਕ੍ਰਮਣ ਕਰਦੇ ਹਨ ਤਾਂ ਹਥਿਆਰ ਉਨ੍ਹਾਂ ਪਾਸ ਵੀ, ਉਹ ਹੀ ਵਿਗਿਆਨਕ ਦ੍ਰਿਸ਼ਟੀ ਉਪਰ ਆਧਾਰਿਤ ਭਾਸ਼ਾਈ ਤੇ ਪ੍ਰਤੀਕੀ ਪ੍ਰਬੰਧ ਦਾ ਹੈ। ਪਰ ਉਨ੍ਹਾਂ ਦਾ ਮੱਤ ਹੈ ਕਿ ਅਧਿਆਤਮੀ ਅਰਥਾਂ ਵਿਚ ਕਿਸੇ ਰਚਨਾ ਦੀ ਸਾਰਥਕਤਾ ਕਦੇ ਵੀ ਹੱਥ ਨਹੀਂ ਆਉਂਦੀ। ਅਧਿਐਨ-ਪ੍ਰਕਿਰਿਆ ਵਿਚ ਪਿਆਂ ਪਤਾ ਲਗਦਾ ਹੈ ਕਿ ਅਧਿਐਨ ਕਰਨ ਵਾਲਾ ਮੂਲ ਪਾਠ ਦੇ ਉਪਰ ਮੈਟਾ-ਪਾਠ ਦੀ ਉਸਾਰੀ ਕਰ ਰਿਹਾ ਹੁੰਦਾ ਹੈ ਅਤੇ ਇਸ ਉਸਾਰੀ ਵਿਚ ਚਿਹਨਕੀ-ਪ੍ਰਕਿਰਿਆ ਨਿਰੰਤਰ ਕਾਰਜਸ਼ੀਲ ਰਹਿੰਦੀ ਹੈ। ਇਸ ਪ੍ਰਕਿਰਿਆ ਵਿਚ ਕੰਮ ਕਰਦੇ ਚਿਹਨਕਾਂ ਦੇ ਆਪਸੀ ਟਕਰਾਵਾਂ ਤੇ ਵਿਰੋਧ ਸੰਬੰਧਾਂ ਵਿਚੋਂ ਸਾਰਥਕਤਾ ਦਾ ਪ੍ਰਜਵਲਨ ਹੁੰਦਾ ਹੈ ਜੋ ਅਗਲੇ ਪਲ ਹੀ ਫਿਰ ਚਿਹਨਕਤਾ ਦੇ ਕੋਡ ਵਿਚ ਪਰਵਿਸ਼ਟ ਕਰ ਜਾਂਦਾ ਹੈ। ਇਸ ਗੱਲ ਨੂੰ ਯਕ ਦੈਰੀਦਾ ਤੇ ਯਕ ਲਾਕਾਂ ਨੇ ਵਿਸ਼ੇਸ਼ ਤੌਰ ਉਤੇ ਬਹਿਸ ਦਾ ਮਜ਼ਮੂਨ ਬਣਾਇਆ ਹੈ ਅਤੇ ਇਨ੍ਹਾਂ ਨੇ ਆਪੋ ਆਪਣੀਆਂ ਅਧਿਐਨ-ਪਰਪਾਟੀਆਂ ਵਿਚ ਚਿਹਨਿਤ ਦੇ ਅਧਿਆਤਮੀ ਸਰੂਪ ਦਾ ਵਿਨਾਸ਼ ਕੀਤਾ ਹੈ। ਇਸ ਨਾਲ ਸੰਰਚਨਾ ਦੀ ਬੰਦ-ਪ੍ਰਬੰਧ ਵਾਲੀ ਪਰਵਿਰਤੀ ਟੁੱਟ ਜਾਂਦੀ ਹੈ ਅਤੇ ਇਹ ਬੰਦ-ਪ੍ਰਬੰਧ, ਪ੍ਰਵਾਹ ਨਾਲ ਜਾ ਜੁੜਦਾ ਹੈ। ਅਰਥ-ਵਿਹੂਣੇ ਧੁੰਧੂਕਾਰ ਵਾਲੇ ਪ੍ਰਪੰਚ ਤੋਂ ਸੰਰਚਨਾ ਤੇ ਉੱਤਰ-ਸੰਰਚਨਾ ਵਿਧੀ ਰਾਹੀਂ ਜਗਮਗ ਕਰਦੇ ਪ੍ਰਵਾਹ ਵਿਚ ਪ੍ਰਵੇਸ਼ ਕਰਨ ਨਾਲ, ਪ੍ਰਬੰਧ ਸਮੁੱਚੇ ਬ੍ਰਹਮੰਡ ਦੇ ਅੰਤਰਗਤ ਗਤੀਮਾਨ ਪ੍ਰਵਾਹ ਨਾਲ ਨਵੇਂ ਤੇ ਜਗਮਗਾਂਦੇ ਅਰਥਾਂ ਵਿਚ ਜੁੜਦਾ ਹੈ। ਇਸ ਗੱਲ ਨੂੰ ਉੱਤਰ-ਸੰਰਨਚਾਵਾਦ ਦੀਆਂ ਕਾਰਗੁਜ਼ਾਰੀਆਂ ਦਾ ਭਰਪੂਰ, ਜਾਇਜ਼ਾ ਲੈਣ ਵਾਲੀ ਪੁਸਤਕ, 'ਐਨਟੀ-ਇਡੀਪਸ' ਜਿਸ ਦੇ ਰਚੈਤਾ ਦੇਲੂਜ਼ ਅਤੇ ਗੁਆਤਰੀ ਹਨ, ਵਿਚ ਇਕ ਨਵੀਨ ਪਰਿਪੇਖ ਦੇ ਅੰਤਰਗਤ ਵਿਚਾਰਿਆ ਤੇ ਵਿਸਥਾਰਿਆ ਗਿਆ ਹੈ। ਦੇਲੂਜ਼ ਤੇ ਗੁਆਤਰੀ ਦੋਵੇਂ ਹੀ ਆਪਣਾ ਆਕ੍ਰਮਣ ਇਡੀਪਸ ਆਧਾਰੀ ਚਿੰਤਨ ਉੱਪਰ ਕਰਦੇ ਹਨ। ਉਹ ਕਹਿੰਦੇ ਹਨ ਕਿ ਇਡੀਪਸ ਨੂੰ ਸਮਾਜਕ ਸਰਦਾਰੀ ਦੇਣੀ ਮਨੋ-ਵਿਸ਼ਲੇਸ਼ਣ ਦਾ ਬਹੁਤ ਵੱਡਾ ਬੁਨਿਆਦੀ ਗੁਨਾਹ ਹੈ। ਉਹ ਕਹਿੰਦੇ ਹਨ "......What Oedipus does is encode the massive productive energies of desire which are impersonal and extra-personal, within the personalised opertus of a theatre" ਇਸ ਤਰ੍ਹਾਂ ਦੇਲੂਜ ਤੇ ਗੁਆਤਰੀ ਮਨੋਵਿਸ਼ਲੇਸ਼ਣ ਦੇ ਆਧਾਰ ਉੱਪਰ ਸੰਰਚਨਾਵਾਦ ਦੇ ਪ੍ਰਤਿਉੱਤਰ ਵਜੋਂ ਪੈਦਾ ਹੋਏ ਗਿਆਨ-ਸ਼ਾਸਤਰ ਨੂੰ ਆਪਣੀ ਕਰੜੀ ਸਮੀਖਿਆ ਦਾ ਵਿਸ਼ਾ ਬਣਾਉਂਦੇ ਹਨ ਅਤੇ ਕਹਿੰਦੇ ਹਨ ਕਿ ਉੱਤਰ-ਸੰਰਚਨਾਵਾਦੀਆਂ ਦਾ ਮਨੋ ਆਧਾਰੀ ਗਿਆਨ-ਸ਼ਾਸਤਰ ਅਵਚੇਤਨ ਨੂੰ ਥੀਏਟਰ ਵਿਚ ਉਤਾਰਦਾ ਹੈ। ਇਸ ਸਮੀਖਿਆ ਦੁਆਰਾ ਉਨ੍ਹਾਂ ਦਾ ਜ਼ੋਰ ਇਸ ਗੱਲ ਉੱਪਰ ਹੈ ਕਿ ਜਗਿਆਸ ਦਾ ਪ੍ਰਵਾਹ ਵਿਅਕਤੀਨਿਸ਼ਠ ਧਾਰਨਾਵਾਂ ਦੁਆਰਾ ਘੇਰ ਲਿਆ ਜਾਂਦਾ ਹੈ। ਜਗਿਆਸ ਦਾ ਪ੍ਰਵਾਹ ਨਿਜਾਤੀਤ ਹੈ, ਜੋ ਪ੍ਰਕਿਰਤਿਕ ਪ੍ਰਵਾਹ ਤੋਂ ਸੁਚਿੰਤਿਤ-ਪ੍ਰਵਾਹ ਵੱਲ ਸਫ਼ਰ ਕਰਦਾ ਹੈ। ਪਰ ਮਨੋਵਿਗਿਆਨੀ ਇਸ ਨੂੰ ਵਿਅਕਤੀਨਿਸ਼ਠ ਜਾਂ ਮਨੋਨਿਸ਼ਠ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਂਦੇ ਹਨ। ਇਸੇ ਤਰ੍ਹਾਂ ਉਨ੍ਹਾਂ ਨੇ ਰੂੜ੍ਹੀਵਾਦੀ ਮਾਰਕਸਵਾਦ ਉੱਪਰ ਵੀ ਆਕ੍ਰਮਣ ਕੀਤਾ ਹੈ। ਉਨ੍ਹਾਂ ਦਾ ਮੱਤ ਹੈ ਕਿ ਵਿਚਾਰਧਾਰਾ, ਵਿਰੋਧ, ਸਮੁੱਚ, ਇਤਿਹਾਸ, ਸ਼੍ਰੇਣੀ, ਵਿਚੋਲਗੀਰੀ ਆਦਿ ਦੇ ਸਾਰੇ ਸੰਕਲਪ ਰੂੜ੍ਹੀਵਾਦੀ ਮਾਰਕਸਵਾਦ ਦੇ ਹਨ। ਦੇਲੂਜ਼ ਤੇ ਤੇ ਗੁਆਤਰੀ ਕਹਿੰਦੇ ਹਨ ਕਿ ਇਨ੍ਹਾਂ ਦੀ ਥਾਂ ਅਸੀਂ ਜੇਕਰ ਮਿਸ਼ਰਤ ਚਿਹਨਕੀ ਪ੍ਰਣਾਲੀਆਂ ਤੇ ਸੰਚਾਰ ਨੂੰ ਸੰਭਵ ਕਰਨ ਵਾਲੇ ਕੋਡਾਂ ਨੂੰ ਰੱਖ ਕੇ ਵੇਖੀਏ ਤਾਂ ਵੀ ਸਾਰੀ ਸਮੱਸਿਆ ਸੁਚਿੰਤਿਤ ਪ੍ਰਵਾਹ ਨਾਲ ਜਾ ਜੁੜਦੀ ਹੈ। ਇਸੇ ਆਧਾਰ ਉਤੇ ਉਹ ਕਹਿੰਦੇ ਹਨ ਕਿ ideology ਦੀ ਥਾਂ ਉਤੇ agencement ਨਾਲ ਕੰਮ ਚਲਾਇਆ ਜਾਂਦਾ ਹੈ। ਉਨ੍ਹਾਂ ਦਾ ਮੱਤ ਹੈ ਕਿ ਕੋਈ ਪਾਠ-ਪ੍ਰਬੰਧ ਵਿਚਾਰਧਾਰਾ ਰਾਹੀਂ ਕਾਰਜਸ਼ੀਲ ਨਹੀਂ ਹੁੰਦਾ। ਇਸੇ ਲਈ ਉਹ ਕਹਿੰਦੇ ਹਨ, "Literature is an 'agencement', it has nothing to do with ideology, There is no ideology and there never has been"

ਇਸ ਤਰ੍ਹਾਂ ਦੇਲੂਜ਼ ਤੇ ਗੁਆਤਰੀ ਦਾ ਮੁੱਖ ਉਦੇਸ਼ ਸੰਰਚਨਾਵਾਦ ਤੇ ਉੱਤਰ-ਸੰਰਚਨਾਵਾਦ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਜ਼ਿੰਦਗੀ ਨੂੰ ਹਰ ਘੜੀ ਤਾਜ਼ਾ ਰੱਖਣ ਵਾਲੇ ਪ੍ਰਵਾਹ ਨਾਲ ਜੋੜਨ ਦਾ ਪ੍ਰਯਾਸ ਕਰਦੇ ਹਨ। ਪ੍ਰਸਿੱਧ ਆਲੋਚਕ ਸੂਸਨ ਵਾਈਟ ਦਾ ਕਥਨ ਹੈ: "Deleuze and Guattari's whole project is their theory of desire as a process of 'flows' ; everything is a matter of flows-milk, urine, shit, blood, menstrual flows, spermatozoa-but also flows of money, goods, organs, words, sun-shine, plants, minerals. These flows criss-cross each other and in the process cut into each other, articulate each other......so that each code becomes a composite of many quite heterogeneous codes"

ਇਸ ਚਰਚਾ ਵਿਚੋਂ ਜ਼ਾਹਰ ਹੋ ਜਾਂਦਾ ਹੈ ਕਿ ਪ੍ਰਬੰਧ ਦੀ ਸਾਰਥਕਤਾ ਕਰੜੀ ਯਾਂਤਰਿਕਤਾ ਵਿਚ ਨਹੀਂ, ਸਗੋਂ ਨਿਰੰਤਰ ਵਗਦੇ ਪ੍ਰਵਾਹ ਨਾਲ ਜੁੜਨ ਤੋਂ ਹੈ। ਇਸੇ ਪਰਵਿਰਤੀ ਦੇ ਆਧਾਰ ਉਤੇ ਅਵਚੇਤਨ ਦੀ ਧਾਰਨਾ ਇੰਡੀਪਸ ਆਧਾਰ ਤੇ ਭਾਸ਼ਾ ਆਧਾਰੀ ਯਾਂਤਰਿਕਤਾ ਵਿਚੋਂ ਨਿਕਲ ਕੇ ਅਣੂਆਂ, ਪ੍ਰਮਾਣੂਆਂ ਦੇ ਪ੍ਰਵਾਹ ਉੱਪਰ ਆਧਾਰਿਤ ਧਾਰਨਾ ਵਿਚ ਬਦਲ ਜਾਂਦੀ ਹੈ। ਅਵਚੇਤਨ ਦੀ ਐਸੀ ਧਾਰਨਾ ਨੂੰ ਨਾਲ ਰੱਖ ਕੇ ਹੀ ਅਸੀਂ ਮਾਨਵੀ ਸਭਿਆਚਾਰ ਦੀਆਂ ਸਾਰਥਕ ਪ੍ਰਾਪਤੀਆਂ ਦੀ ਚਿਹਨ-ਪ੍ਰਕਿਰਿਆ ਤੇ ਜਗਿਆਸ ਦੀ ਯਾਤਰਾ ਨੂੰ ਸਮਝ ਸਕਦੇ ਹਾਂ। ਸਭਿਆਚਾਰ ਤੇ ਸਾਹਿਤ ਦੇ ਕਾਵਿ-ਸ਼ਾਸਤਰ ਦਾ ਇਹ ਇਕ ਨਵੀਨ ਪਰਿਪੇਖ ਹੈ, ਜਿਸ ਨੂੰ ਅਸੀਂ ਪ੍ਰਪੰਚੀ ਆਡੰਬਰ, ਪ੍ਰਬੰਧੀ ਯਾਂਤਰਿਕਤਾ ਤੇ ਪ੍ਰਵਾਹਸ਼ੀਲ ਜਗਿਆਸ ਦੇ ਆਪੋ ਵਿਚਲੇ ਵਾਦਵਿਵਾਦ ਉੱਪਰ ਆਧਾਰਿਤ ਕਰਕੇ ਪ੍ਰਸਤੁਤ ਕਰ ਸਕਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਚਨ/ਪ੍ਰਵਚਨ

ਵਚਨ, ਪ੍ਰਵਚਨ ਸਾਡੇ ਨਿਤਾਪ੍ਰਤੀ ਜੀਵਨ ਵਿਚ ਕਾਰਜਸ਼ੀਲ ਵਿਆਖਿਆ-ਅਭਿਆਸ ਦੇ ਜਾਣੇ ਪਛਾਣੇ ਸ਼ਬਦ ਹਨ। ਵਚਨ ਨੂੰ ਅਸੀਂ ਸਾਧਾਰਣ ਗੱਲ ਕੱਥ ਤੋਂ ਲੈ ਕੇ, ਦਿਸ਼ਾਪਰਕ ਸਾਰਥਕ ਉਕਤੀ ਦੇ ਅਰਥਾਂ ਵਿਚ ਵਰਤਦੇ ਹਾਂ। ਅਜਿਹੀ ਉਕਤੀ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਸਾਡੇ ਨਿਤਾਪ੍ਰਤੀ ਉਪਯੋਗੀ ਮਸਲਿਆਂ ਸੰਬੰਧੀ ਜਾਣਕਾਰੀ ਦਿੰਦੀ ਹੈ ਜਾਂ ਜੀਵਨ ਵਿਚ ਕੰਮ ਆਉਂਦੀ ਸਿਆਣਪ ਬਾਰੇ ਕੋਈ ਪ੍ਰਸਤਾਵ ਪ੍ਰਸਤੁਤ ਕਰਦੀ ਹੈ। ਕਈ ਵਾਰੀ ਇਹ ਉਕਤੀ ਆਪਣੀ ਉਪਰੋਕਤ ਕਥਿਤ ਸੀਮਾ ਨੂੰ ਉਲੰਘ ਕੇ ਮਹਾਂ ਪੁਰਖਾਂ ਦੇ ਮੁਖਾਰਬਿੰਦ ਵਿਚੋਂ ਉਚਰੇ ਪਵਿੱਤਰ ਬਚਨਾਂ ਤਕ ਵੀ ਜਾ ਪੁੱਜਦੀ ਹੈ। ਪਰ ਅਜਿਹੇ ਬਚਨਾਂ ਵਿਚ ਵੀ ਜੀਵਨ ਦੀ ਵਿਆਪਕ ਚਤੁਰਾਈ ਜਾਂ ਸੱਚਾਈ ਨੂੰ ਸੁਝਾਇਆ ਗਿਆ ਹੁੰਦਾ ਹੈ। ਇਸ ਤਰ੍ਹਾਂ ਪ੍ਰਵਚਨ, ਵਚਨ ਦੀ ਉਪਰੋਕਤ ਵਿਆਖਿਆ ਤੋਂ ਰਤਾ ਅਗਾਂਹ ਜਾਣ ਵਾਲਾ ਹੈ। ਇਸ ਦਾ ਖੇਤਰ ਜੀਵਨ ਦੀ ਸਾਧਾਰਣ ਤੇ ਲੋਕਸਮੂਹੀ ਪੱਧਰ ਉੱਤੇ ਕਾਰਾਮਦ ਹੋਣ ਵਾਲੀ ਸਚਾਈ ਤੋਂ ਰਤਾ ਵੱਖਰਾ ਹੁੰਦਾ ਹੈ ਅਤੇ ਇਸ ਦੀ ਵੱਖਰ ਇਸ ਗੱਲ ਵਿਚ ਹੈ ਕਿ ਇਹ ਆਮ ਕਰਕੇ ਧਰਮ ਆਧਾਰੀ ਹੁੰਦਾ ਹੈ। ਭਾਰਤ ਵਿਚ ਇੰਦ੍ਰੀ-ਅਤੀਤ ਪਾਸਾਰ ਪ੍ਰਤੀ ਗੱਲ ਆਮ ਕੀਤੀ ਜਾਂਦੀ ਹੈ ਤੇ ਇਸ ਪਾਸਾਰ ਨੂੰ ਪਾਰਲੌਕਿਕਤਾ ਤੇ ਪਰਮਾਰਥ ਨਾਲ ਜੋੜਿਆ ਜਾਂਦਾ ਹੈ। ਪ੍ਰਵਚਨ ਇਸੇ ਪਾਰਲੌਕਿਕ ਤੇ ਪਰਮਾਰਥੀ ਸਾਰਥਕਤਾ ਨੂੰ ਪ੍ਰਸਤੁਤ ਕਰਦਾ ਹੈ। ਅਸੀਂ ਆਏ ਦਿਨ ਆਪਣੇ ਪਵਿੱਤਰ ਗੁਰਧਾਮਾਂ, ਪਾਵਨ ਮੰਦਰਾਂ ਤੇ ਮੁਤਬਰਕ ਮੁਕਾਮਾਂ ਉੱਤੇ, ਧਰਮ-ਵਿਦਿਆ ਵਿਚ ਪਰਪਕ ਵਿਦਵਾਨਾਂ ਦੇ ਜੋ ਬਚਨ ਸੁਣਦੇ ਹਾਂ, ਉਹ ਵਚਨ ਦੇ ਨਾਲ ਨਾਲ ਪ੍ਰਵਚਨ ਹੁੰਦੇ ਹਨ। ਪ੍ਰਵਚਨ ਇਸ ਲਈ ਕਿ ਇਨ੍ਹਾਂ ਵਿਚ ਵਿਦਵਾਨ ਅਨੇਕ ਆਯਾਮਾਂ ਵਿਚ ਪਸਰੀ ਧਰਮ-ਦ੍ਰਿਸ਼ਟੀ ਦੇ ਕਿਸੇ ਇਕ ਪਹਿਲੂ ਦੇ ਇਰਦ ਗਿਰਦ ਆਪਣੇ ਬੱਝਵੇਂ ਤੇ ਤਰਕ ਪੱਧਤੀ ਵਿਚ ਪਰਪਕ ਵਿਚਾਰ ਪੇਸ਼ ਕਰਦੇ ਹਨ। ਪਰ ਗਿਆਨ-ਸ਼ਾਸਤਰੀ ਜਗਿਆਸਾ ਵੱਲ ਸਫ਼ਰ ਕਰਨ ਵਾਲਾ ਵਿਦਵਾਨ ਇਹ ਜਾਣਦਾ ਹੈ ਕਿ ਵਿਚਾਰਾਂ ਤੇ ਦ੍ਰਿਸ਼ਟੀਆਂ ਦੇ ਨਵੇਂ ਆਯਾਮਾਂ ਨੂੰ ਪ੍ਰਸਤੁਤ ਕਰਨ ਲਈ ਲੋਕ ਸਮੂਹੀ ਪੱਧਰ ਉੱਤੇ ਵਿਚਰਦੀ ਭਾਸ਼ਾ ਦੇ ਸ਼ਬਦਾਂ ਦਾ ਹੀ ਪ੍ਰਯੋਗ ਕਰਨਾ ਪੈਂਦਾ ਹੈ। ਕਈ ਵਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਸ਼ਬਦਾਂ ਦੇ ਭਿੰਨ ਭਿੰਨ ਟੋਟਿਆਂ ਨੂੰ ਜੋੜ ਕੇ ਨਵੇਂ ਸ਼ਬਦ ਘੜ ਲਏ ਜਾਂਦੇ ਹਨ। ਪਰ ਬਹੁਤ ਵਾਰੀ ਨਵੀਆਂ ਸੰਕਲਪਵਾਚੀ ਗਹਿਰਾਈਆਂ ਨੂੰ ਪੁਰਾਣੇ ਤੇ ਪਰਚਲਤ ਸ਼ਬਦਾਂ ਰਾਹੀਂ ਹੀ ਪ੍ਰਗਟਾਣ ਦਾ ਪ੍ਰਯਾਸ ਕੀਤਾ ਜਾਂਦਾ ਹੈ। ਇਸ ਲਈ ਵਚਨ, ਪ੍ਰਵਚਨ ਸੰਬੰਧੀ ਗੱਲ ਕਰਦਿਆਂ ਅਸੀਂ ਪੁਰਾਣੇ ਤੇ ਪਰਚਲਤ ਵਿਆਖਿਆ ਅਭਿਆਸ ਨੂੰ ਉਲੰਘ ਕੇ, ਇਨ੍ਹਾਂ ਨਾਲ ਆਧੁਨਿਕ ਯੁਗ ਵਿਚ ਸਾਹਮਣੇ ਆਉਣ ਵਾਲੀਆਂ ਸੰਕਲਪਵਾਚੀ ਗਹਿਰਾਈਆਂ ਨੂੰ ਜੋੜਨ ਦਾ ਯਤਨ ਦਰਦੇ ਹਾਂ।

ਆਧੁਨਿਕ ਚਿੰਤਨ ਤੇ ਗਿਆਨ-ਸ਼ਾਸਤਰ ਦੀ ਗੱਲ ਭਾਸ਼ਾ ਪ੍ਰਤੀ ਪ੍ਰਯਤਨਸ਼ੀਲ ਚੇਤੰਨਤਾ ਤੋਂ ਸ਼ੁਰੂ ਹੁੰਦੀ ਹੈ। ਅਤੇ ਭਾਸ਼ਾ ਸੰਬੰਧੀ ਇਸੇ ਪ੍ਰਯਤਨਸ਼ੀਲ ਚੇਤੰਨਤਾ ਦੇ ਆਧਾਰ ਉੱਤੇ ਸੰਸਕ੍ਰਿਤੀ ਦੀਆਂ ਭਵਿਖਾਰਥੀ ਸੰਭਾਵਨਾਵਾਂ ਨੂੰ ਰੌਸ਼ਨ ਕਰਨ ਵਾਲਾ ਗਿਆਨ-ਸ਼ਾਸਤਰ ਆਏ ਦਿਨ ਉਘੜ ਕੇ ਸਾਹਮਣੇ ਆ ਰਿਹਾ ਹੈ। ਭਾਸ਼ਾਈ ਚੇਤੰਨਤਾ ਉਪਰ ਉਸਰ ਰਹੇ, ਇਸ ਗਿਆਨ-ਸ਼ਾਸਤਰ ਦੇ ਅੰਤਰਗਤ ਪ੍ਰਵਚਨ ਦੀ ਮਹੱਤਾ ਇਕ ਨਵੇਂ ਆਯਾਮ ਵਿਚ ਉਘੜੀ ਹੈ। ਇਸ ਮਹੱਤਾ ਦੇ ਆਧਾਰ ਉੱਤੇ ਹੀ ਇਹ ਕਿਹਾ ਜਾਂਦਾ ਹੈ ਕਿ ਭਾਸ਼ਾਈ ਪਾਠ ਉਪਰ ਨਿਰਮਿਤ ਰਚਨਾ ਪ੍ਰਵਚਨ ਹੁੰਦੀ ਹੈ ਤੇ ਇਸ ਨੂੰ ਵਚਨ ਤੋਂ ਨਖੇੜ ਕੇ ਵੀ ਵੇਖਿਆ ਜਾਂਦਾ ਹੈ। ਵਚਨ ਅਜਿਹੇ ਸੰਦਰਭ ਵਿਚ ਭਾਸ਼ਾ ਦੇ ਅਜਿਹੇ ਪ੍ਰਯੋਗ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਭਾਸ਼ਾ ਇਕ ਪਾਰਦਰਸ਼ੀ ਮਾਧਿਅਮ ਦਾ ਰੋਲ ਅਦਾ ਕਰਦੀ ਹੈ ਤੇ ਆਪਣੀ ਸੰਗਠਨਸ਼ੀਲ ਭੌਤਿਕਤਾ ਤੋਂ ਪਾਰ ਝਾਕਣ ਦੇ ਭਰਮ ਵਿਚ ਬੱਝ ਜਾਂਦੀ ਹੈ। ਪ੍ਰਵਚਨ ਇਸ ਦੇ ਮੁਕਾਬਲੇ ਉੱਤੇ ਭਾਸ਼ਾ ਨੂੰ ਮਾਧਿਅਮ ਦੀ ਬਜਾਏ, ਮਾਡਲ ਸਮਝਦਾ ਹੈ ਅਤੇ ਇਸ ਗੱਲ ਨੂੰ ਪਛਾਨਣ ਉਪਰ ਜੋਰ ਦੇਂਦਾ ਹੈ ਕਿ ਸੰਕਲਪੀ ਦ੍ਰਿਸ਼ਟੀ ਵਿਚੋਂ ਉਤਪਾਦਿਤ ਹੋਣ ਵਾਲੀ ਸਾਰਥਕਤਾ ਭਾਸ਼ਾ ਦੇ ਅੰਤਰਗਤ ਹੀ ਨਿਹਿਤ ਹੋ ਜਾਂਦੀ ਹੈ। ਇਸ ਵਿਚ ਮਾਧਿਅਮ ਤੇ ਉਦੇਸ਼ ਦਾ ਦ੍ਵੈਤ ਮਿਟ ਜਾਂਦਾ ਹੈ। ਇਸ ਤਰ੍ਹਾਂ ਪ੍ਰਵਚਨ ਭਾਸ਼ਾ ਦੀ ਆਪਣੀ ਵਿਸ਼ੁਧਤਾ ਤੇ ਇਸ ਦੇ ਅੰਤਰਗਤ ਕੰਮ ਕਰਦੀ ਨਿਰਮਾਣਪਰਕ ਤੇ ਪ੍ਰਬੰਧਸ਼ੀਲ ਪ੍ਰਕਿਰਿਆ ਨੂੰ ਪਛਾਨਣ ਨਾਲ ਜਾ ਜੁੜਦਾ ਹੈ। ਇਥੇ ਇਕ ਸਮੱਸਿਆ ਪੈਦਾ ਹੋ ਜਾਂਦੀ ਹੈ ਕਿ ਅਸੀਂ ਨਿਤਾਪ੍ਰਤੀ ਜ਼ਿੰਦਗੀ ਦੇ ਸੰਚਾਰ ਨੂੰ ਵੀ ਤਾਂ ਭਾਸ਼ਾ ਰਾਹੀਂ ਸਿਰੇ ਚਾੜ੍ਹਦੇ ਹਾਂ ਅਤੇ ਉਪਯੋਗੀ ਭੌਤਿਕ ਵਸਤਾਂ ਨੂੰ ਭਾਸ਼ਾ ਰਾਹੀਂ ਹੀ ਪਛਾਨਣ ਦਾ ਯਤਨ ਕਰਦੇ ਹਾਂ। ਇਸ ਲਈ ਭਾਸ਼ਾਈ ਵਿਸ਼ੁਧਤਾ ਦਾ ਸੰਕਲਪ ਕਿਸੇ ਮਸਲੇ ਨੂੰ ਸਪਸ਼ਟ ਕਰਨ ਦੀ ਬਜਾਇ ਸਗੋਂ ਉਲਝਾਂਦਾ ਪ੍ਰਤੀਤ ਹੁੰਦਾ ਹੈ। ਸਮੱਸਿਆ ਤਾਂ ਸਹੀ ਹੈ। ਆਮ ਆਦਮੀ ਤੇ ਸਮੂਹਕ ਪ੍ਰਤੀ ਉੱਤਰ ਇਸ ਸਮੱਸਿਆ ਵਿਚ ਸਹਿਜੇ ਹੀ ਗ੍ਰਸਤ ਹੁੰਦੇ ਹਨ ਪਰ ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਅਸੀਂ ਭਾਸ਼ਾ ਦੇ ਸਹੀ ਸਰੂਪ ਦੀ ਪਛਾਣ ਕਰੀਏ। ਇਸ ਵਿਚ ਸੰਦੇਹ ਨਹੀਂ ਕਿ ਭਾਸ਼ਾ ਮਨੁੱਖ ਦੇ ਸਾਰੇ ਅਮਲੀ ਵਤੀਰੇ ਨੂੰ ਵੀ ਆਪਣੀ ਪਕੜ ਵਿਚ ਲੈਂਦੀ ਹੈ ਤੇ ਨਾਲ ਨਾਲ ਉਸ ਦੀ ਮਾਨਸਿਕਤਾ ਵੀ ਨਿਰਮਿਤ ਕਰਦੀ ਹੈ। ਪਰ ਜਦੋਂ ਅਸੀਂ ਅਮਲੀ ਵਤੀਰੇ ਦੀ ਭੌਤਿਕਤਾ ਤੇ ਭਾਸ਼ਾ ਦੀ ਆਪਣੀ ਨਿਆਇਯੁਕਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਿਰਤੀ ਨੂੰ ਇਕ ਦੂਸਰੇ ਤੋਂ ਨਖੇੜਦੇ ਹਾਂ ਤਾਂ ਪਤਾ ਲਗਦਾ ਹੈ ਕਿ ਭਾਸ਼ਾ ਵਸਤਾ ਨੂੰ ਸਥਾਪਿਤ ਨਹੀਂ ਕਰਦੀ; ਸਗੋਂ ਵਸਤਾਂ ਸੰਬੰਧੀ ਚਿੰਤਨ ਕਰਦੀ ਹੈ ਤੇ ਉਸ ਚਿੰਤਨ ਨੂੰ ਇਕ ਵਿਸ਼ੇਸ਼ ਸਾਰਥਕ ਪ੍ਰਬੰਧ ਦੁਆਰਾ ਵਸਤੂਨਿਸ਼ਠ ਕਰ ਦੇਂਦੀ ਹੈ। ਇਸੇ ਲਈ ਆਧੁ-ਨਿਕ ਭਾਸ਼ਾ ਵਿਗਿਆਨ ਦੇ ਸਾਹਮਣੇ ਆਉਣ ਤੋਂ ਪਹਿਲਾਂ ਹੀ ਜਰਮਨ ਦੇ ਪ੍ਰਸਿੱਧ ਦਾਰਸ਼ਨਿਕ ਕਜ਼ਾਇਰਰ ਨੇ ਆਪਣੇ ਪ੍ਰਤੀਕਵਾਦੀ ਰੂਪ ਦਰਸ਼ਨ ਦੇ ਤਿੰਨਾਂ ਭਾਗਾਂ ਵਿਚ ਇਹ ਗੱਲ ਸਮਝਾ ਦਿੱਤੀ ਸੀ ਕਿ ਮਨੁੱਖ ਵਸਤਾਂ ਦੇ ਜਗਤ ਵਿਚ ਨਹੀਂ. ਪ੍ਰਤੀਕਾਂ ਦੇ ਜਗਤ ਵਿਚ ਰਹਿੰਦਾ ਹੈ ਅਤੇ ਜਿਉਂ ਜਿਉਂ ਉਸ ਦੀ ਪ੍ਰਤੀਕ-ਬੁੱਧ ਵਧੇਰੇ ਵਿਕਸਿਤ ਹੁੰਦੀ ਹੈ ਵਾਸਤਵਿਕਤਾ ਦਾ ਪ੍ਰਭਾਵ ਮੰਦ ਪੈਂਦਾ ਚਲਾ ਜਾਂਦਾ ਹੈ। ਅਸਲ ਵਿਚ ਕਜ਼ਾਇਰਰ ਗਿਆਨ-ਸ਼ਾਸਤਰ ਦੇ ਸਰੂਪ ਨੂੰ ਪ੍ਰਤੀਕ ਦੇ ਨਿਆਇ ਦੇ ਅਰਥਾਂ ਵਿਚ ਸਮਝਾਂਦਾ ਹੈ। ਇਸ ਤਰ੍ਹਾਂ ਵਸਤਾਂ ਦੀ ਵਾਸਤਵਿਕ ਭੌਤਿਕਤਾ ਆਪੇ ਹੀ ਇਕ ਬੰਨੇ ਹੋ ਜਾਂਦੀ ਹੈ।

ਕਜ਼ਾਇਰਰ ਤੋਂ ਕੁਝ ਚਿਰ ਬਾਅਦ ਜਦੋਂ ਸਾਸੂਰ ਦਾ ਭਾਸ਼ਾ-ਵਿਗਿਆਨ ਆਪਣੀ ਗੁਮਨਾਮੀ ਵਿਚੋਂ ਨਿਕਲ ਕੇ ਗਿਆਨ-ਸ਼ਾਸਤਰ ਦੇ ਨਕਸ਼ੇ ਉੱਤੇ ਆਉਂਦਾ ਹੈ ਤਾਂ ਇਹ ਗੱਲ ਹੋਰ ਸਪਸ਼ਟ ਹੋਣੀ ਸ਼ੁਰੂ ਹੋ ਜਾਂਦੀ ਹੈ। ਸਾਸੂਰ ਆਪਣੇ ਤੋਂ ਪਹਿਲਾਂ ਪਰਚਲਿਤ ਇਤਿਹਾਸਕ ਭਾਸ਼ਾ ਸ਼ਾਸਤਰ ਦੇ ਮੁਕਾਬਲੇ ਉਤੇ ਆਪਣਾ ਸਿਸਟਮੀ ਭਾਸ਼ਾ-ਵਿਗਿਆਨ ਪ੍ਰਸਤੁਤ ਕਰਦਾ ਹੈ ਅਤੇ ਆਪਣੀ ਤਰਕ ਪੱਧਤੀ ਦੀ ਵਿਆਖਿਆ ਕਰਦਾ ਹੋਇਆ ਉਹ ਵੀ ਪਹਿਲਾਂ ਭਾਸ਼ਾ ਤੇ ਭਾਸ਼ਾ ਰਾਹੀਂ ਪ੍ਰਤਿਪਾਦਿਤ ਹੋਣ ਵਾਲੀ ਵਾਸਤਵਿਕ ਭੌਤਿਕਤਾ ਦੇ ਆਪਸੀ ਰਿਸ਼ਤੇ ਦੇ ਮਸਲੇ ਨੂੰ ਆਪਣੇ ਸਾਹਮਣੇ ਰੱਖਦਾ ਹੈ ਅਤੇ ਕਹਿੰਦਾ ਹੈ ਕਿ ਵਸਤੂ ਤੇ ਉਸ ਦੇ ਭਾਸ਼ਾਈ ਚਿਹਨ ਵਿਚਕਾਰ ਜੋ ਰਿਸ਼ਤਾ ਹੁੰਦਾ ਹੈ, ਉਹ ਆਪ ਹੁਦਰਾ ਹੁੰਦਾ ਹੈ ਤਥਾ arbitrary ਹੁੰਦਾ ਹੈ। ਇਸ ਗੱਲ ਨੂੰ ਉਸਨੇ ਆਪਣੀ ਪਰਭਾਸ਼ਿਕ ਸ਼ਬਦਾਵਲੀ ਵਿਚ ਚਿਹਨਕ ਤੇ ਚਿਹਨਿਤ ਦੇ ਰਿਸ਼ਤੇ ਰਾਹੀਂ ਸਮਝਾਇਆ ਹੈ। ਇਸ ਵਿਚੋਂ ਨਤੀਜੇ ਦੇ ਤੌਰ ਉਤੇ ਇਹ ਹੀ ਗੱਲ ਸਾਹਮਣੇ ਆਉਂਦੀ ਹੈ ਕਿ ਭਾਸ਼ਾ ਇਕ ਐਸਾ ਚਿਹਨ-ਪ੍ਰਬੰਧ ਹੈ ਜਿਸ ਵਿਚਲੀ ਨਿਆਇ ਵਾਸਤਵਿਕਤਾ ਉਪਰ ਆਧਾਰਿਤ ਨਹੀਂ, ਸਗੋਂ ਉਸਦੇ ਆਪਣੇ ਸਿਸਟਮੀ ਤੇ ਵਿਨਿ-ਆਸੀ ਪ੍ਰਕਿਰਿਆ ਉਪਰ ਆਧਾਰਿਤ ਹੈ। ਇਸ ਤਰ੍ਹਾਂ ਜਦੋਂ ਅਸੀਂ ਵਚਨ ਤੋਂ ਪ੍ਰਵਚਨ ਨੂੰ ਨਖੇੜਦੇ ਹਾਂ, ਉਦੋਂ ਅਸੀਂ ਵਸਤਾਂ ਦੇ ਪ੍ਰਤਿਪਾਦਨ ਦੇ ਜਗਤ ਵਿਚੋਂ ਨਿਕਲ ਕੇ ਚਿਹਨਾਂ ਦੇ ਸਾਰਥਕਤਾ ਸਿਰਜਨ ਵਾਲੇ ਜਗਤ ਵਿਚ ਪਰਵੇਸ਼ ਕਰ ਜਾਂਦੇ ਹਾਂ। ਇਸ ਜਗਤ ਵਿਚ ਵਰਤੀ ਗਈ ਭਾਸ਼ਾ ਆਪਣੇ ਆਪ ਵਿਚ ਪ੍ਰਤੀਕ ਆਧਾਰਿਤ ਹੋ ਜਾਂਦੀ ਹੈ। ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਅਸੀਂ ਆਪਣੇ ਸ਼ਬਦ-ਸਭਿਆਚਾਰ ਵਿਚੋਂ ਮਿਸਾਲਾਂ ਲੈਂਦੇ ਹਾਂ। ਮਿਸਾਲ ਵਜੋਂ ਪੰਜਾਬੀ ਸਾਹਿਤ ਦੇ ਮੁਢਲੇ ਯੁਗ ਵਿਚ ਕੁਝ ਲੋਕਯਾਨਿਕ ਰੂੜ੍ਹੀਆਂ ਪ੍ਰਚਲਿਤ ਹੋਈਆਂ। ਇਨ੍ਹਾਂ ਨੂੰ ਧਿਆਨ ਨਾਲ ਪੜ੍ਹਿਆਂ ਜੋ ਗੱਲ ਪਹਿਲੀ ਪੱਧਰ ਤੇ ਸਾਹਮਣੇ ਆਉਂਦੀ ਹੈ ਉਹ ਅਨੁਕ੍ਰਿਤੀ ਦੀ ਹੈ। ਅਰਥਾਤ ਇਹ ਲੋਕਯਾਨਿਕ ਰੂੜ੍ਹੀਆਂ ਜੀਵਨ ਰਹਤਲ ਦੇ ਕਰਣ ਦਾ ਅਨੁਕਰਣ ਪੇਸ਼ ਕਰਦੀਆਂ ਹਨ। ਇਥੇ ਭਾਸ਼ਾ ਪਾਰਦਰਸ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਧਿਅਮ ਹੈ। ਇਹ ਗੱਲ ਵੱਖਰੀ ਹੈ ਕਿ ਨਵੇਂ ਭਾਸ਼ਾ ਵਿਗਿਆਨਕ ਅਸਰਾਂ ਦੇ ਅਧੀਨ ਅੱਜ ਲੋਕਯਾਨ ਸ਼ਾਸਤਰੀਆਂ ਨੇ ਲੋਕਯਾਨਿਕ ਰੂੜ੍ਹੀਆਂ ਨੂੰ ਵੀ ਪਾਰਦਰਸ਼ੀ ਭਾਸ਼ਾ ਤੋਂ ਨਖੇੜ ਕੇ ਅਤੇ ਇਨ੍ਹਾਂ ਨੂੰ ਅਨੁਕਰਣ ਦੀ ਕੋਟੀ ਵਿਚੋਂ ਕੱਢ ਕੇ ਚਿਹਨ-ਆਧਾਰੀ ਤੇ ਗਿਆਨ-ਸ਼ਾਸਤਰੀ ਪ੍ਰਵਚਨ ਵਾਂਗ ਪੜ੍ਹਨ ਵਾਲੀ ਵਿਆਖਿਆ ਦਾ ਮੁੱਢ ਬੰਨ੍ਹ ਦਿੱਤਾ ਹੈ। ਪਰ ਪਰੰਪਰਾਈ ਵਿਆਖਿਆ ਦੇ ਰਾਹ ਚੱਲਣ ਵਾਲੀ ਮਾਨਸਿਕਤਾ ਦੇ ਮੁਤਾਬਕ ਇਹ ਰੂੜ੍ਹੀਆਂ ਪਹਿਲੀ ਨਜ਼ਰੇ ਕਰਣ ਦਾ ਅਨੁਕਰਣ ਕਰਦੀਆਂ ਹਨ ਅਤੇ ਇਨ੍ਹਾਂ ਰਾਹੀਂ ਆਮ ਵਿਅਕਤੀ ਸਹਜੇ ਹੀ ਭਾਸ਼ਾਈ ਤੇ ਜਿਹਨਕੀ ਸਤਰ ਤੋਂ ਸਰਕ ਕੇ ਭੌਤਿਕੀ ਖੇਤਰ ਵਿਚ ਦਾਖਲ ਹੋ ਜਾਂਦਾ ਹੈ। ਪਰ ਇਨ੍ਹਾਂ ਲੋਕਯਾਨਿਕ ਰੂੜ੍ਹੀਆਂ ਨੂੰ ਆਪਣੇ ਨਾਲ ਰੱਖਦਿਆਂ ਸਾਡੇ ਸ਼ਬਦ-ਸਭਿਆਚਾਰ ਵਿਚ ਗੁਰਬਾਣੀ ਦੀ ਪਰੰਪਰਾ ਵੀ ਚੱਲਦੀ ਹੈ। ਪਰੰਤੂ ਗੁਰਬਾਣੀ ਲੋਕਯਾਨਿਕ ਰੂੜ੍ਹੀਆਂ ਦੀ ਸਾਰੀ ਵਿਧੀ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਰੂਪਾਂਤ੍ਰਣ ਦੇ ਦਿੰਦੀ ਹੈ। ਇਸ ਰੂਪਾਂਤ੍ਰਣ ਨਾਲ ਪੰਜਾਬ ਦੇ ਸ਼ਬਦ-ਸਭਿਆਚਾਰ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਅਵਚੇਤਨ ਪਰਵੇਸ਼ ਕਰਦਾ ਹੈ। ਇਹ ਅਵਚੇਤਨ ਪ੍ਰਤੀਕ ਆਧਾਰੀ ਰਚਨਾ ਨੂੰ ਨਿਰਮਿਤ ਕਰਨ ਦਾ ਅਵਚੇਤਨ ਹੈ। ਅਜਿਹੇ ਅਵਚੇਤਨ ਵਿਚ ਯਾਤਰਾ ਪ੍ਰਤੀਕ ਤੋਂ ਪ੍ਰਤੀਕ ਦੀ ਹੁੰਦੀ ਹੈ ਤੇ ਇਸ ਯਾਤਰਾ ਨੂੰ ਸੂਤ੍ਰਿਤ ਤੇ ਨਿਯੰਤ੍ਰਿਤ ਸਥਿਤੀ ਵਿਚ ਕਾਇਮ ਰੱਖਣ ਵਾਲਾ ਭਾਸ਼ਾਈ ਵਿਨਿਆਸ ਹੁੰਦਾ ਹੈ। ਸਾਡੀ ਸੰਪਰਦਾਈ ਵਿਆਖਿਆ ਵਿਧੀ ਅਨੁਸਾਰ ਗੁਰੂਆਂ ਨੇ ਬਾਣੀ ਸਿਰਜੀ ਹੈ। ਪਰ ਇਸ ਬਾਣੀ ਦੇ ਸੰਬੰਧ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਧੁਰ ਤੋਂ ਆਈ ਬਾਣੀ ਹੈ। ਧੁਰ ਤੋਂ ਆਈ ਬਾਣੀ ਦਾ ਭਾਵ ਇਹ ਹੈ ਕਿ ਇਹ ਬਾਣੀਆਂ ਸਿਰ ਬਾਣੀ ਹੈ ਤੇ ਇਹ ਬਾਣੀਆਂ ਸਿਰ ਬਾਣੀ ਦਾ ਭਾਵ ਅਗੋਂ ਫਿਰ ਸਾਡੇ ਤਰਕ ਵਿਧਾਨ ਦੇ ਮੁਤਾਬਕ ਇਹ ਨਿਕਲਦਾ ਹੈ ਕਿ ਇਹ ਕਿਸੇ ਵਾਸਤਵਿਕਤਾ ਦੀ ਅਨੁਕ੍ਰਿਤੀ ਵਜੋਂ ਹੋਂਦ ਵਿਚ ਨਹੀਂ ਆਉਂਦੀ। ਇਸ ਦਾ ਅਰੰਭ ਵੀ ਧੁਰ ਤੋਂ ਹੈ, ਮੱਧ ਵੀ ਧੁਰ ਨਾਲ ਸੰਬੰਧਿਤ ਹੈ ਤੇ ਅੰਤ ਵੀ ਧੁਰ ਪਰਕ ਹੈ। ਭਾਵ ਇਹ ਕਿ ਇਹ ਵਿਸ਼ੁਧ ਪ੍ਰਤੀਕਾਤਮਕ ਰਚਨਾ ਹੈ, ਜਿਸ ਨੂੰ ਅਸੀਂ ਵਚਨ ਤੋਂ ਨਿਖੇੜ ਕੇ ਪਰਵਚਨ ਕਹਿ ਸਕਦੇ ਹਾਂ। ਜਦੋਂ ਗੁਰਬਾਣੀ ਮਨੁੱਖ ਨੂੰ ਬਾਰ ਬਾਰ ਸ਼ਬਦ ਤੇ ਨਾਮ ਨਾਲ ਜੁੜਨ ਦਾ ਪੈਗਾਮ ਦੇਂਦੀ ਹੈ ਤਾਂ ਉਸ ਦਾ ਸਾਫ਼ ਅਰਥ ਇਹ ਹੈ ਕਿ ਗੁਰਬਾਣੀ ਸ਼ਬਦ ਤੇ ਨਾਮ ਨੂੰ ਭਾਸ਼ਾ ਦੇ ਵਿਸ਼ੁਧ ਵਿਨਿਆਸਧਰਮੀ ਆਯਾਮ ਵਿਚ ਦੇਖ ਰਹੀ। ਵਿਨਿਆਸ ਆਪਣੀ ਪਕੜ ਵਿਚ ਆਈ ਹਰ ਤਰ੍ਹਾਂ ਦੀ ਸਾਮੱਗ੍ਰੀ ਨੂੰ ਭਾਸ਼ਾਈ ਤਥਾ ਪ੍ਰਤੀਕੀ ਪੱਧਰ ਤੇ ਸੂਤ੍ਰਿਤ ਕਰ ਦੇਂਦਾ ਹੈ। ਜੇ ਰਤਾ ਡੂੰਘੀ ਦ੍ਰਿਸ਼ਟੀ ਨਾਲ ਦੇਖੀਏ ਤਾਂ ਮਨੁੱਖ ਦੀ ਤਾਂ ਵਿਸ਼ੇਸ਼ਤਾ ਹੀ ਇਹ ਹੈ ਕਿ ਉਹ ਆਪਣੀ ਸਭਿਆਚਾਰਕ ਜਿਗਿਆਸਾ ਦਾ ਰਸਤਾ ਤਿਆਰ ਕਰਨ ਲਈ, ਉਸ ਲਈ ਵਿਨਿਆਸਧਰਮੀ ਪ੍ਰਕਿਰਿਆ ਤਿਆਰ ਕਰ ਲੈਂਦਾ ਹੈ। ਤੇ ਇਸ ਤਰ੍ਹਾਂ ਆਪਣੇ ਜਾਤੀ ਤੇ ਜੈਵਿਕ ਵਿਹਾਰ ਵਿਚ ਪੈਦਾ ਹੋਣ ਵਾਲੀ ਸ਼ਕਤੀ ਤੇ ਸੂਚਨਾ ਨੂੰ ਵਿਨਿਆਸ ਦੁਆਰਾ ਸੂਤ੍ਰਿਤ ਕਰਦਾ ਜਾਂਦਾ ਹੈ। ਇਸ ਪ੍ਰਕਿਰਿਆ ਵਿਚ ਪਿਆਂ ਮਨੁੱਖ ਦਾ ਮਨੁੱਖ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਂਦ੍ਰਿਤ ਵਿਅਕਤਿਤਵ ਇਕ ਬੰਨੋ ਹੁੰਦਾ ਜਾਂਦਾ ਹੈ ਤੇ ਮਨੁੱਖਅਤੀਤ ਪ੍ਰਬੰਧ ਸਾਹਮਣੇ ਆਉਂਦਾ ਜਾਂਦਾ ਹੈ। ਗੁਰਬਾਣੀ ਵਿਚ ਮਨੁੱਖ ਤੋਂ ਨਿਰਾਕਾਰ ਬ੍ਰਹਮ ਤਕ ਦੀ ਯਾਤਰਾ ਇਸੇ ਸਫ਼ਰ ਨੂੰ ਸਪਸ਼ਟ ਕਰਦੀ ਹੈ। ਵਚਨ ਪ੍ਰਵਚਨ ਦੇ ਪ੍ਰਸੰਗ ਵਿਚ ਇਸ ਸੰਦਰਭ ਵਿਚ ਸਾਡੇ ਸਮਝਣ ਗੋਚਰੀ ਗੱਲ ਇਹ ਹੈ ਕਿ ਵਸਤਾਂ ਦੀ ਥਾਂ, ਵਸਤਾਂ ਦੇ ਅਰਥਾਂ ਨੂੰ ਨਿਆਇ-ਯੁਕਤ ਢੰਗ ਨਾਲ ਵਿਨਿਆਸ ਸੂਤ੍ਰਿਤ ਕਰਨਾ ਵੀ ਆਪਣੇ ਆਪ ਵਿਚ ਨਿਰਾਕਰਣ ਹੀ ਹੈ। ਜਦ ਤੀਕ ਇਸ ਨਿਰਾਕਰਣ ਦੀ ਸਥਿਤੀ ਵਿਚ ਬੈਠ ਕੇ ਕੁਝ ਰਚਿਆ ਨਹੀਂ ਜਾਂਦਾ ਜਾਂ ਰਚੀ ਹੋਈ ਕਿਰਤ ਨੂੰ ਇਸੀ ਆਯਾਮ ਵਿਚ ਸਮਝਿਆ ਨਹੀਂ ਜਾਂਦਾ ਉਦੋਂ ਤੀਕ ਵਚਨ ਨੂੰ ਪ੍ਰਵਚਨ ਵਿਚ ਪਰਵਿਰਤਿਤ ਨਹੀਂ ਕੀਤਾ ਜਾ ਸਕਦਾ ਤੇ ਜਦ ਤੀਕ ਵਚਨ ਨੂੰ ਪ੍ਰਵਚਨ ਵਿਚ ਪਰਵਰਤਿਤ ਨ ਕੀਤਾ ਜਾਏ ਉਦੋਂ ਤੀਕ ਸ਼ਾਇਦ ਸਾਡੇ ਤਰਕ ਮੁਤਾਬਕ ਵਚਨ ਨੂੰ ਵੀ ਸਹੀ ਅਰਥਾਂ ਵਿਚ ਨਹੀਂ ਸਮਝਿਆ ਜਾ ਸਕਦਾ। ਇਸ ਤਰ੍ਹਾਂ ਪ੍ਰਵਚਨ ਸਾਡੇ ਲਈ ਭਾਸ਼ਾਈ ਤੇ ਪ੍ਰਤੀਕ ਦੇ ਆਧਾਰਾਂ ਉਪਰ ਉਸਰੀ ਇਕ ਐਸੀ ਸ਼ਬਦ-ਰਚਨਾ ਹੈ ਜੋ ਆਪਣੇ ਤਰ੍ਹਾਂ ਦੇ ਵਿਕਾਸ ਤੇ ਅਰਥ ਪ੍ਰਕਿਰਿਆ ਵਿਚ ਇਸੇ ਰਾਹ ਤੁਰਦੀ ਹੈ।

ਪਿਛੇ ਅਸੀਂ ਇਹ ਕਿਹਾ ਹੈ ਕਿ ਅਸੀਂ ਵਚਨ ਤੋਂ ਪ੍ਰਵਚਨ ਵਿਚ ਦਾਖਲ ਹੋ ਗਏ ਹਾਂ। ਇਹ ਗੱਲ ਠੀਕ ਹੈ। ਪਰੰਤੂ ਜਦੋਂ ਵਚਨ ਤੇ ਪ੍ਰਵਚਨ ਦੇ ਵਿਚਕਾਰ ਮਾਨਸਿਕਤਾ ਪਰਵਿਸ਼ਟ ਕਰ ਜਾਂਦੀ ਹੈ, ਉਦੋਂ ਵਚਨ ਦੂਜੇ ਨੰਬਰ ਤੇ ਚਲਾ ਜਾਂਦਾ ਹੈ ਤੇ ਪ੍ਰਵਚਨ ਪ੍ਰਾਥਮਿਕਤਾ ਗ੍ਰਹਿਣ ਕਰ ਲੈਂਦਾ ਹੈ। ਇਹ ਵੀ ਵਾਸਤਵਿਕਤਾ ਉਪਰ ਪ੍ਰਤੀਕੀ ਸੰਵਾਦ ਦੀ ਪ੍ਰਾਪਤ ਕੀਤੀ ਪ੍ਰਾਥਮਿਕਤਾ ਹੈ। ਯਾਦ ਰਖਣਾ ਚਾਹੀਦਾ ਹੈ ਕਿ ਜਦੋਂ ਇਹ ਕਿਹਾ ਜਾਂਦਾ ਹੈ ਕਿ ਮਾਨਵੀ ਸਭਿਆਚਾਰ ਦਾ ਅਵਚੇਤਨ ਧਰਾਤਲ ਭਾਸ਼ਾ ਹੈ ਅਤੇ ਇਸ ਆਧਾਰ ਉਤੇ ਇਹ ਵੀ ਮਨ ਲਿਆ ਜਾਂਦਾ ਹੈ ਕਿ ਸਾਰੀਆਂ ਗ਼ੈਰ-ਭਾਸ਼ਾਈ ਪ੍ਰਾਪਤੀਆਂ ਵੀ ਭਾਸ਼ਾ ਦੇ ਹੀ ਵਿਸਤ੍ਰਿਤ ਤੇ ਰੂਪਾਂਤ੍ਰਿਤ ਰੂਪ ਹਨ ਤਾਂ ਇਸ ਦੇ ਨਾਲ ਨਾਲ ਵਾਸਤਵਿਕਤਾ ਦੇ ਪ੍ਰਭਾਵ ਅਧੀਨ ਇਸ ਭਰਮ ਨੂੰ ਵੀ ਗ੍ਰਹਿਣ ਕਰ ਲਿਆ ਜਾਂਦਾ ਹੈ ਕਿ ਭਾਸ਼ਾ ਉਚਰਿਤ ਕਥਨ ਹੈ। ਅਸੀਂ ਆਪਣੇ ਨਿਬੰਧ ਦੇ ਆਰੰਭ ਵਿਚ ਮਹਾਂਪੁਰਖਾਂ ਦੇ ਮੁਖਾਰਬਿੰਦ ਵਿਚੋਂ ਉਚਾਰੇ ਗਏ ਬੋਲਾਂ ਨੂੰ ਵਚਨ ਦੇ ਰੂਪ ਵਿਚ ਗ੍ਰਹਿਣ ਕੀਤਾ ਹੈ। ਭਾਸ਼ਾ ਦੇ ਇਸ ਬੋਲ ਰੂਪੀ ਸੁਭਾਉ ਤੋਂ ਹੀ ਇਹ ਗੱਲ ਚਲ ਪੈਂਦੀ ਹੈ ਕਿ ਭਾਸ਼ਾ ਰਾਹੀਂ ਸਭ ਕੁਝ ਹਾਜ਼ਰ ਨਾਜ਼ਰ ਹੋ ਜਾਂਦਾ ਹੈ। ਹਾਜ਼ਰ ਨਾਜ਼ਰ ਦੀ ਗੱਲ ਆਧੁਨਿਕ ਯੁਗ ਦੇ ਪ੍ਰਸਿਧ ਭਾਸ਼ਾ ਵਿਗਿਆਨੀ ਸਾਸੂਰ ਦੀ ਵਿਵਰਣ ਵਿਆਖਿਆ ਵਿਚ ਵੀ ਮੌਜੂਦ ਹੈ। ਭਾਸ਼ਾ ਸੰਬੰਧੀ ਸਾਸੂਰ ਦਾ ਪ੍ਰਸਤਾਵ ਪ੍ਰਬੰਧੀ ਹੈ। ਇਸ ਲਈ ਨਿਜਾਤੀਤ, ਅਨੁਭਵਅਤੀਤ ਤੇ ਮਾਨਵਅਤੀਤ ਹੈ ਪਰ ਉਸ ਦੀ ਵਿਵਰਣ-ਵਿਆਖਿਆ ਜਦੋਂ ਆਪਣੀ ਗੱਲ ਨੂੰ ਅਮਲੀ ਸਿਖਿਆ ਦਾ ਰੂਪ ਦੇਂਦੀ ਹੈ ਤਾਂ ਚਿਹਨ ਨੂੰ ਦੋ ਹਿੱਸਿਆਂ ਵਿਚ ਤਕਸੀਮ ਕਰਦੀ ਹੈ ਤੇ ਇਸ ਤਰ੍ਹਾਂ ਉਹ ਚਿਹਨ ਦੀ ਗਤੀ ਵਿਧੀ ਨੂੰ ਚਿਹਨਕ ਤੇ ਚਿਹਨਿਤ ਵਿਚ ਵੰਡ ਕੇ ਵੇਖਦੀ ਹੈ। ਚਿਹਨਕ ਉਹ ਹੈ ਜੋ ਨਾਦ-ਬਿੰਬ ਹੈ ਤੇ ਚਿਹਨਿਤ ਉਹ ਹੈ ਜੋ ਇਸ ਨਾਦ-ਬਿੰਬ ਦੁਆਰਾ ਪ੍ਰਗਟ ਹੋਣ ਵਾਲਾ ਸੰਕਲਪ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਦ ਤੇ ਵੇਦ ਦਾ ਇਹ ਨਖੇੜਾ ਖਾਸਾ ਅਰਥ-ਭਰਪੂਰ ਹੈ। ਪਰ ਗੱਲ ਇਹ ਹੈ ਕਿ ਇਸ ਵਿਧੀ ਵਿਚ ਭਾਸ਼ਾ ਦੀ ਪ੍ਰਤੀਕੀ ਵਿਸ਼ੇਸ਼ਤਾ, ਮੌਖਿਕਤਾ ਨਾਲ ਜਾ ਜੁੜਦੀ ਹੈ ਤੇ ਇਸ ਤਰ੍ਹਾਂ ਭਾਸ਼ਾ ਮਨੁੱਖ ਦੇ ਐਂਦ੍ਰੀਯ ਅਨੁਭਵ ਨਾਲ ਜੁੜ ਜਾਂਦੀ ਹੈ, ਜਦਕਿ ਐਂਦ੍ਰੀਯ ਅਨੁਭਵ ਤਾਂ ਜੈਵਿਕਤਾ ਦਾ ਜਗਤ ਹੈ। ਮਾਨਵੀ ਮਾਨਸਿਕਤਾ ਦਾ ਜਗਤ ਸ਼ੁਰੂ ਹੀ ਭਾਸ਼ਾਈ ਵਿਨਿਆਸ ਤੋਂ ਹੁੰਦਾ ਹੈ ਅਤੇ ਇਹ ਜਗਤ ਮਾਨਵੀ ਅਨੁਭਵਤਾ ਦੀ ਹਾਜ਼ਰੀ ਦੇ ਮੁਕਾਬਲੇ ਉਤੇ ਗ਼ੈਰ-ਹਾਜ਼ਰੀ ਦਾ ਜਗਤ ਹੈ। ਵਾਸਤਵਿਕਤਾ ਗੈਰ-ਹਾਜ਼ਰ ਹੁੰਦੀ ਜਾਂਦੀ ਹੈ ਅਤੇ ਪ੍ਰਤੀਕਾਤਮਕ ਚਿੰਤਨ ਉਸ ਉਪਰ ਹਾਵੀ ਹੁੰਦਾ ਚਲਾ ਜਾਂਦਾ ਹੈ। ਇਸ ਤਰ੍ਹਾਂ ਆਧੁਨਿਕ ਭਾਸ਼ਾ ਵਿਗਿਆਨੀ ਸਾਸੂਰ ਦੇ ਅਨੁਸਰਨ ਕਰਨ ਵਾਲੇ ਸੰਸਕ੍ਰਿਤੀ-ਵਿਗਿਆਨ ਨੇ ਵਚਨ-ਕੇਂਦ੍ਰਿਤ ਸੰਵਾਦ ਦੀ ਮਿੱਥ ਨੂੰ ਅਗਰਭੂਮੀ ਉਤੇ ਲਿਆਂਦਾ ਹੈ ਅਤੇ ਇਹ ਮਿੱਥ ਕਾਫ਼ੀ ਦੇਰ ਤੀਕ ਸਭਿਆਚਾਰਕ ਵਿਗਿਆਨਕਤਾ ਦਾ ਡੰਕਾ ਵਜਾਂਦੀ ਰਹੀ ਹੈ। ਸੰਰਚਨਾਵਾਦ ਭਾਵੇਂ ਆਪਣੇ ਅੰਤਮ ਅਰਥਾਂ ਵਿਚ ਪ੍ਰਤੀਕਆਧਾਰੀ ਤੇ ਵਿਨਿਆਸਆਧਾਰੀ ਆਯਾਮਾਂ ਨਾਲ ਜਾ ਜੁੜਦਾ ਹੈ ਪਰ ਇਸ ਨੇ ਉਪਰੋਕਤ ਵਚਨ-ਕੇਂਦ੍ਰਿਤ ਮਿੱਥ ਨੂੰ ਇਕ ਕਲਾਸਕੀ ਟੀਚੇ ਦੇ ਤੌਰ ਤੇ ਸਾਹਮਣੇ ਲਿਆਂਦਾ ਹੈ। ਇਸ ਤਰ੍ਹਾਂ ਗਿਆਨ-ਚਿੰਤਨ ਦੇ ਖੇਤਰ ਵਿਚੋਂ ਮਨੁੱਖ ਦੀ ਮਿਰਤੂ ਦਾ ਐਲਾਨ ਕਰਨ ਵਾਲੇ ਸੰਰਚਨਾਵਾਦ ਨੇ ਆਪ ਵਚਨ-ਆਧਾਰੀ ਕੇਂਦ੍ਰੀਯਤਾ ਦੀ ਮਿੱਥ ਨੂੰ ਪਕੇਰਾ ਕੀਤਾ। ਇਸ ਕੇਂਦ੍ਰੀਯਤਾ ਦੇ ਸੁਨਿਸ਼ਚਿਤ ਹੋਣ ਨਾਲ ਇਸੇ ਨਾਲ ਸੰਬੰਧਿਤ ਕਈ ਹੋਰ ਕੇਂਦਰ ਵੀ ਚਿੰਤਨ ਦੇ ਜਗਤ ਵਿਚ ਨਿਸ਼ਚਿਤ ਹੋ ਗਏ। ਸੰਸਕ੍ਰਿਤੀ ਵਿਗਿਆਨ ਦੇ ਜਗਤ ਵਿਚ ਇਨ੍ਹਾਂ ਕੇਂਦਰਾਂ ਨੂੰ ਅਸੀਂ ਧੁਨੀ-ਆਧਾਰੀ, ਨਸਲ-ਆਧਾਰੀ, ਲਿੰਗ-ਆਧਾਰੀ, ਹਉਂ-ਆਧਾਰੀ ਤੇ ਵਚਨ-ਆਧਾਰੀ ਕਹਿ ਸਕਦੇ ਹਾਂ। ਇਹ ਕੇਂਦ੍ਰਣ ਵਿਧੀ ਨਿਸ਼ਚੈ ਹੀ ਮੌਖਿਕਤਾ ਨੂੰ ਭਾਸ਼ਾ ਦੇ ਲਿਖਤੀ ਸੁਭਾਉ ਉਪਰ ਤਰਜੀਹ ਦੇਂਦੀ ਹੈ। ਕਿਉਂਕਿ ਇਸ ਕੇਂਦਰ ਆਧਾਰੀ ਚਿੰਤਨ ਦੁਆਰਾ ਅਸੀਂ ਪ੍ਰਤੀਕ ਜਗਤ 'ਚੋਂ ਨਿਕਲ ਕੇ ਵਸਤੂ-ਸੰਸਾਰ ਦਾ ਰੁਖ ਕਰ ਲੈਂਦੇ ਹਾਂ। ਇਸੇ ਲਈ ਸੰਰਚਨਾਵਾਦ ਤੋਂ ਪਾਰਲੇ ਚਿੰਤਕਾਂ ਨੇ ਸਾਨੂੰ ਇਸ ਮਿੱਥ ਤੋਂ ਸੁਚੇਤ ਕੀਤਾ ਹੈ ਅਤੇ ਦਸਿਆ ਹੈ ਕਿ ਮਾਨਸਿਕਤਾ ਦੀ ਵਿਨਿਆਸ ਧਰਮੀ ਗੱਲ ਐਂਦ੍ਰੀਯ ਅਨੁਭਵ ਤੋਂ ਨਹੀਂ ਸ਼ੁਰੂ ਹੁੰਦੀ, ਸਗੋਂ ਮਾਨਸਿਕਤਾ ਵਿਚ ਕੁਰੇਦੇ ਸੰਸਾਰਕਾਰਾਂ ਤੋਂ ਸ਼ੁਰੂ ਹੁੰਦੀ ਹੈ। ਇਸੇ ਲਈ ਇਸ ਸੰਦਰਭ ਵਿਚ ਫ਼ਰਾਇਡ ਦੇ ਪੁਨਰ ਅਧਿਐਨ ਦੁਆਰਾ **Fort/Da** ਦੀ ਖੇਡ ਪੁਨਰ ਸੁਰਜੀਤੀ ਲੈ ਲੈਂਦੀ ਹੈ ਅਤੇ ਇਸ ਦੁਆਰਾ ਸਭਿਆਚਾਰ ਵਿਗਿਆਨੀ ਲਿਖਿਤ ਨੂੰ ਮੌਖਿਕਤਾ ਉਪਰ ਤਰਜੀਹ ਦੇਂਦੇ ਹਨ। ਪੈਰਿਸ ਵਿਚ ਯਕ ਦੈਰੀਦਾ ਤੇ ਯਕ ਲਾਕਾਂ ਆਪੋ ਆਪਣੇ ਢੰਗ ਰਾਹੀਂ ਇਸ ਰਾਹ ਉਤੇ ਚਲਦਿਆਂ ਹਾਜ਼ਰੀ ਦੇ ਮੁਕਾਬਲੇ ਉਤੇ ਗ਼ੈਰਹਾਜ਼ਰੀ ਦੀ ਮਹੱਤਾ ਦਸ ਕੇ, ਪ੍ਰਵਚਨ ਨੂੰ ਵਚਨ ਉਪਰ ਤਰਜੀਹ ਦੇਂਦੇ ਹਨ ਅਤੇ ਆਪਣੀ ਉਥਾਪਨਾ ਵਿਧੀ ਦੁਆਰਾ ਇਹ ਦਸਦੇ ਹਨ ਕਿ ਲਿਖਿਤ ਦੇ ਸੰਸਕਾਰਾਂ ਤੋਂ ਭਾਸ਼ਾ ਨੂੰ ਸੰਕਲਪਦਿਆਂ ਵਚਨ ਨੂੰ ਵੀ, ਪ੍ਰਵਚਨ ਦੀ ਤਰਕ-ਪੱਧਤੀ ਉਤੇ ਉਤਾਰ ਕੇ ਹੀ ਉਸ ਦੇ ਅਸਲ ਮਹੱਤਵ ਨੂੰ ਲਖਿਆ ਜਾ ਸਕਦਾ ਹੈ ਤੇ ਇਸ ਤਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦੇ ਅੰਤਰਗਤ ਸਭਿਆਚਾਰ ਦੀਆਂ ਅਗਲੇਰੀਆਂ ਵਿਗਿਆਨਿਕ ਸੰਭਾਵਨਾਵਾਂ ਨੂੰ ਸੰਕਲਪਿਆ ਜਾ ਸਕਦਾ ਹੈ।

ਗੱਲ ਨੂੰ ਰਤਾ ਕੁ ਅਗੇ ਤੋਰਦਿਆਂ ਪ੍ਰਵਚਨ ਸੰਬੰਧੀ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਪ੍ਰਵਚਨ ਆਪਣੇ ਪ੍ਰਵਚਨੀ ਆਯਾਮ ਦੇ ਅੰਤਰਗਤ ਜਦੋਂ ਕੇਂਦਰ ਆਧਾਰੀ ਚਿੰਤਨ ਦਾ ਵਿਨਾਸ਼ ਕਰਦਾ ਹੈ ਤਾਂ ਸਿਰਜਿਤ ਪਾਠ ਆਪਣੇ ਸਮੁੱਚੇ ਰੂਪ ਵਿਚ ਆਜ਼ਾਦ ਹੋ ਜਾਂਦਾ ਹੈ। ਯਾਦ ਰਖਣਾ ਚਾਹੀਦਾ ਹੈ ਕਿ ਸਿਰਜਿਤ ਪਾਠ ਵਿਚ ਕਈ ਪ੍ਰਕਾਰ ਦੀਆਂ ਪਰਸਪਰ ਵਿਰੋਧੀ ਤੱਤਾਂ ਉਪਰ ਆਧਾਰਿਤ ਚਿਹਨ ਵਿਧੀਆਂ ਕਾਰਜਸ਼ੀਲ ਹੁੰਦੀਆਂ ਹਨ। ਪਰ ਸੁਕੇਂਦ੍ਰਿਤ ਚਿੰਤਨ-ਵਿਧੀ ਪਾਠ ਦੀ ਅਜਿਹੀ ਵੰਨ-ਸੁਵੰਨਤਾ ਨੂੰ ਕੇਵਲ ਪਰਵਾਨ ਪ੍ਰਤਿਮਾਨ ਨੂੰ ਹੀ ਉਘਾੜਨ ਦੀ ਇਜਾਜ਼ਤ ਦੇਂਦੀ ਹੈ ਤੇ ਇਸ ਤਰ੍ਹਾਂ ਸਿਰਜਿਤ ਪਾਠ ਦੀਆਂ ਪ੍ਰਧਾਨ ਵਿਧੀਆਂ ਵਿਆਖਿਆ ਦਾ ਭਾਗ ਬਣੀਆਂ ਰਹਿੰਦੀਆਂ ਹਨ। ਲੇਖਕ, ਪਾਠਕ ਤੇ ਸਮੀਖਿਅਕ ਸਾਰੇ ਇਸੇ ਕੇਂਦਰ-ਮਾਰਗੀ ਤਥਾ ਇਕਮਾਰਗੀ ਦ੍ਰਿਸ਼ਟੀ ਦੇ ਗਾਡੀ ਰਾਹ ਉਪਰ ਚਲਦੇ ਰਹਿੰਦੇ ਹਨ। ਪਰੰਤੂ ਜਦੋਂ ਕੇਂਦਰ ਸੰਘਾਰਕ ਦ੍ਰਿਸ਼ਟੀ ਪਾਠ ਵਿਚ ਪਰਵੇਸ਼ ਕਰਦੀ ਹੈ ਤਾਂ ਉਹ ਵਿਧੀਆਂ ਵੀ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਨੂੰ ਸਮੀਖਿਆਤਮਕ ਜਾਂ ਵਿਆਖਿਆਤਮਕ ਅਭਿਆਸ ਦਬਾਈ ਚਲਿਆ ਆਉਂਦਾ ਹੈ। ਇਸ ਤਰ੍ਹਾਂ ਪ੍ਰਵਚਨ ਮਾਨਵੀ ਸਭਿਆਚਾਰ ਦੇ ਅੰਤਰਗਤ ਇਨਕਲਾਬੀ ਵੀ ਹੋ ਨਿਬੜਦਾ ਹੈ। ਇਸ ਵਿਚੋਂ ਕੰਮ ਆਉਂਦਾ ਪ੍ਰਸਤਾਵ ਇਹ ਨਿਕਲਦਾ ਹੈ ਕਿ ਭਾਸ਼ਾ, ਪ੍ਰਤੀਕ ਤੇ ਪਾਠ ਨੂੰ ਨਜ਼ਾਮ ਦੀ ਰਾਜਨੀਤਕਤਾ ਦੁਆਰਾ ਸ਼ੋਸ਼ਿਤ ਹੋਣ ਸੰਬੰਧੀ ਚੇਤੰਨ ਹੋਣਾ ਵੀ ਬੜਾ ਜ਼ਰੂਰੀ ਹੈ।

ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਉਪਰੋਕਤ ਵਿਚ ਕਥਿਤ ਵਚਨ ਪ੍ਰਵਚਨ ਦੇ ਨਿਆਇ ਨੂੰ ਨਾਲ ਲੈ ਕੇ ਚਲੀਏ।

ਸਹਾਇਕ ਗ੍ਰੰਥ-ਸੂਚੀ

1. Derrida, Jacques; *Of Grammatology*; Johns Hopkins University Press, 1976.
2. Foucault, Michel; *The Archaeology of Knowledge and the Discourse On Language*; Pantheon, New York, 1972.
3. Ackroyd, Peter; *Notes For a New Culture*, Vision Publishers, London, 1976.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. Silverman, Hugh. J; *Inscriptions Between Phenomenology and Structuralism*, Routledge and Kegan Paul, London, 1987.

5. Lacan, Jacques; *Ecxi*; Tavistock, London, 1977.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਸਾਹਿਤ ਦਾ ਕਾਵਿ-ਸ਼ਾਸਤ੍ਰ

ਆਧੁਨਿਕ ਯੁਗ ਵਿਚ ਜਦੋਂ ਵੀ ਕਾਵਿ-ਸ਼ਾਸਤ੍ਰ ਦੀ ਗੱਲ ਕੀਤੀ ਜਾਂਦੀ ਹੈ ਮਸਲਾ ਸੰਬੰਧਿਤ ਸਭਿਆਚਾਰ ਦੀਆਂ ਸਾਰਥਕ ਪ੍ਰਾਪਤੀਆਂ ਦਾ ਵਿਆਕਰਣ-ਵਿਗਿਆਨ ਉਸਾਰਨ ਦੀ ਬਣ ਜਾਂਦੀ ਹੈ। ਸ਼ਬਦ-ਸਭਿਆਚਾਰ ਦਾ ਵਿਆਕਰਣ-ਵਿਗਿਆਨ ਉਸਾਰਨ ਤੋਂ ਭਾਵ ਰਚਨਾਵਾਂ ਦੇ ਲਿਖਤੀ ਚਰਿੱਤ੍ਰ ਨੂੰ ਉਜਾਗਰ ਕਰਨ ਤੋਂ ਹੈ। ਲਿਖਤੀ ਚਰਿੱਤ੍ਰ ਵਿਸ਼ੁੱਧ ਲਿਖਤ ਦੇ ਕਿਰਦਾਰ ਨੂੰ ਉਸਦੇ ਨੇਮ-ਵਿਧਾਨ ਦੇ ਆਧਾਰ ਤੇ ਗ੍ਰਹਿਣ ਕਰਨ ਨਾਲ ਜੁੜਿਆ ਹੋਇਆ ਹੈ। ਕਾਵਿ-ਸ਼ਾਸਤ੍ਰ ਦੀ ਇਹ ਧਾਰਨਾ ਕਾਵਿ-ਸ਼ਾਸਤ੍ਰ ਦੇ ਪਰੰਪਰਗਤ ਸੰਕਲਪ ਤੋਂ ਬਿਲਕੁਲ ਵੱਖਰੀ ਹੈ। ਪਰੰਪਰਾਗਤ ਕਾਵਿ-ਸ਼ਾਸਤ੍ਰ ਰਚਨਾਵਾਂ ਦੇ ਸ਼ਿਲਪ-ਵਿਧਾਨ ਤੇ ਰੂਪਾਕਾਰਾਂ ਦਾ ਅਧਿਐਨ ਕਰਦਾ ਹੈ ਅਤੇ ਸਭਿਆਚਾਰਕ ਸਾਰਥਕਤਾ ਦੇ ਨੁਕਤੇ ਤੋਂ ਇਨ੍ਹਾ ਦੀ ਵਿਆਖਿਆ ਤੇ ਮੁਲਾਂਕਣ ਕਰਦਾ ਹੈ। ਪਰੰਤੂ ਵਿਆਕਰਣ-ਵਿਗਿਆਨ ਉਸਾਰਨ ਦਾ ਸੰਕਲਪ ਰਚਨਾਵਾਂ ਦੀ ਬਣਤਰ ਵੱਲ ਰੁਚਿਤ ਹੋ ਕੇ ਪ੍ਰਾਥਮਿਕ ਤੇ ਦੁਜੱਲੇ ਮਾਡਲਾਂ ਦੀ ਚੇਤੰਨਤਾ ਨਾਲ ਆਪਣਾ ਕੰਮ ਸ਼ੁਰੂ ਕਰਦਾ ਹੈ ਅਤੇ ਧਾਰਨਾ ਇਹ ਬਣਾਉਂਦਾ ਹੈ ਕਿ ਇਸ ਸੰਦਰਭ ਵਿਚ ਹਰ ਕਿਰਤ ਮੌਖਿਕਤਾ ਵਿਚੋਂ ਨਿਕਲ ਕੇ ਲਿਖਤ ਵਿਚ ਪ੍ਰਵੇਸ਼ ਕਰਦੀ ਹੈ।

ਜੇ ਅਸੀਂ ਕਲਾਸਕੀ ਯੂਨਾਨ ਦੇ ਸਮੇਂ ਤੋਂ ਲੈ ਕੇ ਅੱਜ ਦੇ ਜ਼ਮਾਨੇ ਤਕ ਦੀ ਕਾਵਿ-ਸ਼ਾਸਤ੍ਰੀ ਯਾਤਰਾ ਨੂੰ ਆਪਣੇ ਸਾਹਮਣੇ ਰਖੀਏ ਤਾਂ ਸਾਡੀ ਉਪਰੋਕਤ ਧਾਰਨਾ ਖ਼ਾਸੀ ਸਪਸ਼ਟਤਾ ਨਾਲ ਪ੍ਰਸਤੁਤ ਹੋ ਸਕਦੀ ਹੈ। ਕਾਵਿ-ਸ਼ਾਸਤ੍ਰ ਦੀ ਕਲਾਸਕੀ ਧਾਰਨਾ ਅਰਸਤੂ ਦੇ ਕਾਵਿ-ਸ਼ਾਸਤ੍ਰ ਰਾਹੀਂ ਸਾਹਮਣੇ ਆਉਂਦੀ ਹੈ। ਅਰਸਤੂ ਨੇ ਆਪਣੇ ਸਾਹਮਣੇ ਆਪਣੇ ਵੇਲੇ ਦੀਆਂ ਕਿਰਤਾਂ ਸੰਬੰਧੀ ਪ੍ਰਸਤਾਵ ਬਣਾਉਣ ਲਗਿਆਂ ਕੇਂਦਰ ਵਿਚ ਅਨੁਕਰਣ ਦਾ ਸਿਧਾਂਤ ਰਖਿਆ। ਭਾਵੇਂ ਉਸ ਨੇ ਆਪਣੇ ਪਲਾਟ ਦੇ ਸੰਕਲਪ ਦੀ ਮਦਦ ਨਾਲ ਅਨੁਕਰਣ ਸਿਧਾਂਤ ਨੂੰ ਵੱਧ ਤੋਂ ਵੱਧ ਸਿਰਜਣਾਤਮਕ ਸਾਰਥਕਤਾ ਪ੍ਰਦਾਨ ਕਰਨ ਦਾ ਯਤਨ ਕੀਤਾ ਪਰੰਤੂ ਅਰਸਤੂ ਤੋਂ ਮਗਰੋਂ ਆਉਣ ਵਾਲੇ ਕਾਵਿ-ਚਿੰਤਕਾਂ ਤੇ ਸਾਹਿਤ-ਸ਼ਾਸਤ੍ਰੀਆਂ ਨੇ ਅਨੁਕਰਣ-ਸਿਧਾਂਤ ਦੀ ਵਰਤੋਂ ਅਨੁਕਰਣ ਦੇ ਸਾਧਾਰਣ ਤੇ ਮਕਾਨਕੀ ਅਰਥਾਂ ਵਿਚ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ ਅਤੇ ਜਿਹੜੀ ਤਰਕ ਪੱਧਤੀ ਸ਼ਬਦ-ਸਭਿਆਚਾਰ ਸੰਬੰਧੀ ਕਾਵਿ-ਸ਼ਾਸਤ੍ਰ ਦੇ ਇਤਿਹਾਸ ਵਿਚ ਬਾਰ ਬਾਰ ਉਘੜ ਕੇ ਆਉਂਦੀ ਰਹੀ ਉਹ ਚਿਤ੍ਰਣ, ਪ੍ਰਦਰਸ਼ਨੀ ਤੇ ਪੇਸ਼ਕਾਰੀ ਨਾਲ ਹੀ ਸੰਬੰਧਿਤ ਰਹੀ। ਜਿਸ ਦਾ ਅਰਥ ਇਹ ਹੈ ਕਿ ਸਾਹਿਤਕਾਰ ਆਪਣੀਆਂ ਰਚਨਾਵਾਂ ਰਾਹੀਂ ਜਾਂ ਤਾਂ ਚਿਤ੍ਰਣ ਕਰਦਾ ਹੈ, ਜਾਂ ਪ੍ਰਦਰਸ਼ਨ ਕਰਦਾ ਹੈ, ਤੇ ਜਾਂ ਪੇਸ਼ਕਾਰੀ ਕਰਦਾ ਕਰਦਾ ਹੈ। ਉਨੀਵੀਂ ਸਦੀ ਤੇ ਵੀਹਵੀ ਸਦੀ ਵਿਚ ਜਦੋਂ ਯਥਾਰਥਵਾਦ ਦਾ ਮਸਲਾ ਜ਼ੋਰ ਫੜ ਗਿਆ ਤਾਂ ਸਾਹਿਤ ਸੰਬੰਧੀ ਇਹੀ ਧਾਰਨਾ ਪ੍ਰਤਿਬਿੰਬ ਦਾ ਤਰਕ ਪ੍ਰਸਤੁਤ ਕਰਨ ਲੱਗੀ। ਅਰਥਾਤ ਇਸ ਵਿਚਲਾ ਪ੍ਰਸਤਾਵ ਇਸ ਗੱਲ ਤੇ ਜ਼ੋਰ ਦੇਣ ਲੱਗਾ ਕਿ ਸਾਹਿਤਕ ਰਚਨਾਵਾਂ ਯਥਾਰਥ ਦਾ ਚਿਤ੍ਰਣ ਕਰਦੀਆਂ ਹਨ, ਯਥਾਰਥ ਦਾ ਪ੍ਰਦਰਸ਼ਨ ਕਰਦੀਆਂ ਹਨ ਅਤੇ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ। ਕਲਾਸਕੀ ਯੁਗ ਵਿਚ ਚਿਤ੍ਰਕਾਰੀ, ਪ੍ਰਦਰਸ਼ਨ ਤੇ ਪੇਸ਼ਕਾਰੀ ਦੀ ਗੱਲ ਕਰਦਿਆਂ ਸਾਹਿਤ-ਸ਼ਾਸਤ੍ਰੀ, ਸਾਹਿਤ ਦੇ ਸ਼ਿਲਪ-ਵਿਧਾਨ ਸੰਬੰਧੀ ਵੀ ਖ਼ਾਸੀ ਚਰਚਾ ਕਰਦੇ ਸਨ ਪਰੰਤੂ ਯਥਾਰਥਵਾਦ ਦੇ ਜ਼ੋਰ ਨਾਲ ਇਹ ਸਾਰੀ ਚਰਚਾ ਪਿਠਭੂਮੀ ਵਿਚ ਚਲੀ ਗਈ ਅਤੇ ਯਥਾਰਥਵਾਦ ਦੀ ਦਾਰਸ਼ਨਿਕ ਵਿਆਖਿਆ ਦੇ ਆਧਾਰ ਉਤੇ ਸ਼ਬਦ-ਸਭਿਆਚਾਰ ਨਾਲ ਸੰਬੰਧਿਤ ਕਿਰਤਾਂ ਦੀ ਵਿਆਖਿਆ ਹੋਣੀ ਸ਼ੁਰੂ ਹੋ ਗਈ। ਇਸ ਵਿਆਖਿਆ ਨਾਲ ਸ਼ਿਲਪ-ਵਿਧਾਨ ਦੇ ਨਾਲ ਨਾਲ ਲਿਖਤ ਦਾ ਲਿਖਤੀ ਚਰਿੱਤ੍ਰ ਵੀ ਗਿਆਨ-ਸ਼ਾਸਤ੍ਰ ਦੇ ਮਾਨ-ਚਿੱਤ੍ਰ ਵਿਚੋਂ ਬਾਹਰ ਹੋ ਗਿਆ ਅਤੇ ਇਸਤਰ੍ਹਾਂ ਸਮੁੱਚੇ ਗਿਆਨ-ਸ਼ਾਸਤ੍ਰ ਤੇ ਸਭਿਆਚਾਰ-ਸ਼ਾਸਤ੍ਰ ਦੇ ਕੇਂਦਰ ਵਿਚ ਮੌਖਿਕਤਾ ਦਾ ਸਿਧਾਂਤ ਜ਼ੋਰ ਪਕੜਦਾ ਗਿਆ। ਮੌਖਿਕਤਾ ਲਿਖਤ ਦੇ ਵਿਰੋਧ ਵਿਚ ਸਮਝੀ ਜਾ ਸਕਦੀ ਹੈ। ਹਰ ਉਹ ਸੰਕਲਪ ਮੌਲਿਕ ਹੈ ਜੋ ਰਚਨਾ ਦੀ ਰਚਨਾਤਮਕਤਾ ਤੋਂ ਤਿਲ੍ਹਕ ਕੇ ਕਿਸੇ ਵਸਤੂਮੂਲਕ ਅਧਿਆਤਮਕਤਾ ਦੇ ਆਭਾਸ ਨਾਲ ਜਾ ਜੁੜਦਾ ਹੈ ਅਤੇ ਅਜਿਹਾ ਕਰਨ ਵਿਚ ਐਸੀ ਸੰਕਲਪਸ਼ੀਲ ਪ੍ਰਕ੍ਰਿਆ ਨੂੰ ਕਿਸੇ ਤਰ੍ਹਾਂ ਦੇ ਤਰਕ ਦੇ ਵਿਨਾਸ਼ ਹੋਣ ਦੀ ਕੋਈ ਸੂਚਨਾ ਨਹੀਂ ਮਿਲਦੀ ਇਹ ਚਿੰਤਕ-ਪ੍ਰਕ੍ਰਿਆ ਵੀਹਵੀਂ ਸਦੀ ਦੇ ਦੂਜੇ ਅੱਧ ਤੀਕ ਚਲਦੀ ਰਹੀ। ਅਰਸਤੂ ਦੇ ਜ਼ਮਾਨੇ ਤੋਂ ਲੈ ਕੇ ਨਵ-ਅਮਰੀਕੀ ਆਲੋਚਨਾ ਤੇ ਸ਼ਿਕਾਗੋ ਆਲੋਚਨਾ ਤੀਕ ਇਹ ਆਪਣਾ ਕਾਰਜ ਕਰਦੀ ਰਹੀ। ਜਦੋਂ ਕਵਿਤਾ ਸੰਬੰਧੀ ਇਸ ਦੇ ਚਿੱਤ੍ਰਣ ਦੀ ਧਾਰਨਾ ਪ੍ਰਸਤੁਤ ਕੀਤੀ ਇਹ ਗੱਲ ਤਾਂ ਭਾਵੇਂ ਮੰਨ ਲਈ ਗਈ ਕਿ ਕਵਿਤਾ ਵਿਚ ਚਿੱਤ੍ਰ ਹੁੰਦਾ ਹੈ ਪਰ ਚਿੱਤ੍ਰ ਨਾਲੋਂ ਕਿਤੇ ਵਧੇਰੇ ਪ੍ਰਾਥਮਿਕਤਾ ਉਸ ਨੂੰ ਦਿਤੀ ਗਈ ਜਿਸਦਾ ਕਿ ਇਹ ਚਿੱਤ੍ਰ ਹੈ। ਸਪਸ਼ਟ ਹੈ ਕਿ ਐਸੀ ਧਾਰਨਾ ਚਿੱਤ੍ਰ ਦੀ ਭੌਤਿਕਤਾ ਨਾਲੋਂ ਚਿੱਤ੍ਰ ਬਾਹਰੀ ਅਧਿਆਤਮਕਤਾ ਨਾਲ ਜੁੜੀ ਹੋਈ ਹੈ। ਇਸ ਤਰ੍ਹਾਂ ਬਿਰਤਾਂਤ ਵਿਚ ਅਧਿਕ ਮਹੱਤਵ ਪ੍ਰਦਰਸ਼ਿਤ ਸਾਮੱਗ੍ਰੀ ਨੂੰ ਦਿਤਾ ਗਿਆ ਅਤੇ ਬਿਰਤਾਂਤ ਸੰਬੰਧੀ ਧਾਰਨਾ ਹੀ ਇਹ ਬਣਾ ਲਈ ਗਈ ਕਿ ਬਿਰਤਾਂਤ ਦਾ ਕੰਮ ਵਾਤਾਵਰਣ, ਪਾਤਰ, ਘਟਨਾਵਾਂ ਦ੍ਵੰਦਾ-ਤਮਿਕਤਾ ਆਦਿ ਦੇ ਆਧਾਰ ਉਤੇ ਯਥਾਰਥ ਦਾ ਪ੍ਰਦਰਸ਼ਕ ਕਰਨਾ ਹੈ। ਬਿਰਤਾਂਤ ਦੇ ਬਹੁਤ ਸਾਰੇ ਸਿਧਾਂਤ ਇਸੇ ਧਾਰਨਾ ਉਤੇ ਕਾਇਮ ਹਨ। ਸਪਸ਼ਟ ਹੈ ਕਿ ਇਹ ਧਾਰਨਾ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਚਨਾ ਬਾਹਰੇ ਵਿਵਰਣਾਂ ਦੀ ਪੇਸ਼ਕਾਰੀ ਨਾਲ ਹੀ ਸਬੰਧਿਤ ਹੈ। ਇਸ ਤਰ੍ਹਾਂ ਨਾਟਕ ਦੇ ਸੰਬੰਧ ਵਿਚ ਪੇਸ਼ਕਾਰੀ ਜਿਸ ਨੂੰ ਅਸੀਂ ਜੀਵੰਤ ਅਦਾਕਾਰੀ ਜਾਂ ਕਾਰਜਸ਼ੀਲ ਅਨੁਕਰਣ ਦਾ ਰੂਪ ਕਹਿ ਸਕਦੇ ਹਾਂ, ਦੇ ਸਿਧਾਂਤ ਪੇਸ਼ ਕੀਤੇ ਗਏ ਅਤੇ ਨਾਟਕ ਦੇ ਮੰਚੀ ਚਰਿੱਤ੍ਰ ਨੂੰ ਨਾਟਕ ਵਿਹੀਨ ਵਾਸਤਵਿਕਤਾ ਨਾਲ ਜੋੜ ਦਿੱਤਾ ਗਿਆ ਅਜਿਹੇ ਸਾਰੇ ਸਿਧਾਂਤਾਂ ਵਿਚ ਜਿਹੜੀ ਤਰਕ-ਪੱਧਤੀ ਖਾਰਜ ਹੈ, ਉਹ ਲਿਖਤ ਦੀ ਹੈ। ਲਿਖਤ ਕਿਥੋਂ ਸ਼ੁਰੂ ਹੁੰਦੀ ਹੈ, ਕਿਥੇ ਖਤਮ ਹੁੰਦੀ ਹੈ, ਇਸਦਾ ਸਰੂਪ ਕੀ ਹੈ ਅਤੇ ਇਸਦਾ ਪ੍ਰਕਾਰਜ ਕੀ ਹੈ ? ਉਪਰੋਕਤ ਸਾਰੇ ਸਿਧਾਂਤਾਂ ਵਿਚੋਂ ਸਿੱਧੀ ਹੀ ਖਾਰਜ ਹੈ। ਜੇਕਰ ਉਪਰੋਕਤ ਕਾਵਿ-ਸ਼ਾਸਤ੍ਰੀ ਦ੍ਰਿਸ਼ ਨੂੰ ਰਤਾ ਕੁ ਵਧੇਰੇ ਗਹੁ ਨਾਲ ਪੜ੍ਹਿਆ ਜਾਏ ਤਾਂ ਇਹ ਗੱਲ ਜ਼ਿਆਦਾ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਸਾਹਿਤ ਨਾਲ ਸੰਬੰਧਿਤ ਰਚਨਾਵਾਂ ਆਪਣੇ ਚਰਿੱਤ੍ਰ ਵਿਚ ਵਧੇਰੇ ਜੀਵੰਤ ਹੁੰਦੀਆਂ ਹਨ। ਇਨ੍ਹਾਂ ਨੂੰ ਅਸੀਂ ਸੰਵੇਦਨਾ ਆਧਾਰੀ ਅਨੁਭਵ-ਆਧਾਰੀ, ਯਥਾਰਥ-ਆਧਾਰੀ ਤੇ ਕਾਰਜ-ਆਧਾਰੀ ਕਹਿੰਦੇ ਹਾਂ ਅਤੇ ਇਨ੍ਹਾਂ ਦੇ ਅਜਿਹੇ, ਚਰਿੱਤ੍ਰ ਦੇ ਆਧਾਰ ਤੇ ਹੀ ਇਨ੍ਹਾਂ ਨੂੰ ਸਿਧਾਂਤ ਦੇ ਅਮੂਰਤ ਚਰਿੱਤ੍ਰ ਤੋਂ ਵੱਖਰਿਉਣ ਦਾ ਯਤਨ ਕਰਦੇ ਹਾਂ। ਇਹ ਪ੍ਰਸਤਾਵ ਵੀ ਮੌਖਿਕਤਾ ਨੂੰ ਪ੍ਰਾਥਮਿਕਤਾ ਦੇਣ ਵਾਲਾ ਹੈ। ਇਸਤਰ੍ਹਾਂ ਕਾਵਿ-ਸ਼ਾਸਤ੍ਰ ਦੀ ਤੁਰੀ ਆਉਂਦੀ ਸਿਧਾਂਤਾਮਿਕ ਨਿਰੰਤਰਤਾ ਵਿਚ ਇਹੀ ਤਰਕ ਰੂੜ੍ਹ ਹੁੰਦਾ ਗਿਆ ਹੈ। ਇਥੋਂ ਤੀਕ ਕਿ ਰੂਪ ਤੇ ਵਸਤੂ ਦਾ ਵਿਵਾਦ ਛੇੜਣ ਵਾਲੇ ਵਿਦਵਾਨ ਵੀ ਰੂਪਵਾਦੀ ਜਾਂ ਵਸਤੂਵਾਦੀ ਹੁੰਦਿਆਂ ਬੁਨਿਆਦੀ ਤੌਰ ਤੇ ਸਾਹਿਤ ਸੰਬੰਧੀ ਮੌਖਿਕਤਾ ਦੀ ਗਵਾਹੀ ਭਰਨ ਵਾਲੀ ਉਪਰੋਕਤ ਤਰਕ ਪੱਧਤੀ ਦੇ ਹੀ ਹਾਮੀ ਰਹੇ ਹਨ।

ਪੰਜਾਬੀ ਸ਼ਬਦ-ਸਭਿਆਚਾਰ ਦੀ ਪਰੰਪਰਾ ਦੇ ਅੰਤਰਗਤ ਉਪਰੋਕਤ ਕਿਸਮ ਦੀ ਕਰੜੀ ਤੇ ਰੂੜ੍ਹ ਤਰਕ-ਪੱਧਤੀ ਵਾਲਾ ਗਿਆਨ ਸ਼ਾਸਤ੍ਰ ਤਥਾ ਕਾਵਿ ਸ਼ਾਸਤ੍ਰ ਉਪਲਬਧ ਨਹੀਂ ਪਰ ਕਾਵਿ ਤਥਾ ਸਾਹਿਤ ਅਧਿਐਨ ਲਈ ਜਿਸ ਸ਼ਾਸਤ੍ਰ ਦੀ ਵਰਤੋਂ ਕੀਤੀ ਗਈ ਹੈ ਉਹ ਪ੍ਰਤੱਖ ਜਾਂ ਪਰੋਖ ਰੂਪ ਵਿਚ ਉਪਰੋਕਤ ਕਾਵਿ-ਸ਼ਾਸਤ੍ਰ ਤੋਂ ਹੀ ਸਹਾਇਤਾ ਲੈਂਦਾ ਰਿਹਾ ਹੈ। ਇਸ ਤਰ੍ਹਾਂ ਸਾਡੇ ਸ਼ਬਦ-ਸਭਿਆਚਾਰ ਵਿਚ ਵੀ ਸਾਹਿਤ ਆਲੋਚਨਾ ਦਾ ਇਕ ਆਪਣਾ ਮੁਹਾਂਦਰਾ ਨਿਖਰ ਆਇਆ ਹੈ। ਇਹ ਆਲੋਚਨਾ ਆਮ ਕਰਕੇ ਕਾਵਿ, ਬਿਰਤਾਂਤ, ਨਾਟਕ ਅਤੇ ਹੋਰ ਸਾਹਿਤ ਅਤਿਰਿਕਤ ਸਭਿਆਚਾਰਕ ਕਿਰਤਾਂ ਨਾਲ ਸੰਬੰਧਿਤ ਹੈ। ਇਸ ਆਲੋਚਨਾ ਵਿਚ ਪੰਜਾਬ ਦੀ ਸ਼ਬਦ ਸਭਿਆਚਾਰ ਦੀ ਪਰੰਪਰਾ ਨੂੰ ਧਿਆਨ ਵਿਚ ਰੱਖਦਿਆਂ ਕੋਈ ਵਿਸ਼ੇਸ਼ ਪ੍ਰਕਾਰ ਦਾ ਕਾਵਿ-ਸ਼ਾਸਤ੍ਰ ਬਣਾਉਣ ਦੀ ਪ੍ਰਣਾਲੀ ਪ੍ਰਾਪਤ ਨਹੀਂ। ਕੇਵਲ ਰਚਨਾਵਾਂ ਦਾ ਅਧਿਐਨ, ਵਿਸ਼ਲੇਸ਼ਣ ਜਾਂ ਵਿਆਖਿਆ ਹੈ ਜੋ ਉਪਰੋਕਤ ਵਿਚ ਪੇਸ਼ ਕਾਵਿ ਸ਼ਾਸਤ੍ਰੀ ਆਧਾਰਾਂ ਉਪਰ ਕੀਤੀ ਗਈ ਹੈ।

ਵੀਹਵੀਂ ਸਦੀ ਦੇ ਦੂਜੇ ਅੱਧ ਤੋਂ ਪੱਛਮ ਵਿਚ ਸਭਿਆਚਾਰਕ ਪਰੰਪਰਾਵਾਂ ਨੂੰ ਸਮਝਣ ਲਈ ਨਵੇਂ ਮਾਡਲਾਂ ਦੀ ਉਤਪਾਦਨਾ ਕੀਤੀ ਗਈ ਹੈ। ਇਨ੍ਹਾਂ ਮਾਡਲਾਂ ਦੇ ਆਧਾਰ ਉਤੇ ਮੌਖਿਕਤਾ ਤੇ ਲਿਖਤ ਦਾ ਵਾਦ-ਵਿਵਾਦ ਖ਼ੂਬ ਚਲਿਆ ਹੈ। ਪ੍ਰਸਿੱਧ ਭਾਸ਼ਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਗਿਆਨੀ ਸਾਸੂਰ ਤੋਂ ਲੈ ਕੇ ਜਗਤ-ਪ੍ਰਸਿੱਧ ਵਿਆਕਰਣ-ਵਿਗਿਆਨੀ ਯਕ ਦੈਰੀਦਾ ਤੀਕ ਇਹ ਵਾਦ-ਵਿਵਾਦ ਖ਼ੂਬ ਭਖ਼ਿਆ ਹੈ ਅਤੇ ਇਸ ਵਿਚ ਲਿਖਤ ਦਾ ਵਿਸ਼ੁੱਧ ਚਰਿੱਤ੍ਰ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਾਰੀ ਬਹਿਸ ਵਿਚ ਭਾਸ਼ਾ ਤੇ ਭਾਸ਼ਾ-ਵਿਗਿਆਨ ਕੇਂਦਰ ਵਿਚ ਆਉਂਦੇ ਹਨ। ਸ਼ਾਸਤ੍ਰੀ ਪੱਧਰ ਉਪਰ ਜਿਸ ਸੰਕਲਪ ਨੂੰ ਨਿਖਾਰਿਆ ਗਿਆ ਹੈ, ਉਹ ਮਨੁੱਖੀ ਸਭਿਆਚਾਰ ਦੀ ਭਾਸ਼ਾਈ ਰੂਪਾਂਤਰਣ ਵਿਚ ਸਥਿਤ ਹੋਈ ਸਾਰਥਕਤਾ ਹੈ। ਅਰਥਾਤ ਇਹ ਗੱਲ ਸਾਹਮਣੇ ਆਈ ਹੈ ਕਿ ਮਨੁੱਖ ਦੀ ਮਨੁੱਖਤਾ ਹੋਂਦ ਦੇ ਪਦਾਰਥਕ ਜਗਤ ਵਿਚੋਂ ਨਿਕਲ ਕੇ ਪ੍ਰਤੀਕਾਂ ਦੇ ਸਾਰਥਕ ਜਗਤ ਵਿਚ ਪ੍ਰਵੇਸ਼ ਕਰ ਜਾਂਦੀ ਹੈ ਅਤੇ ਪ੍ਰਤੀਕਾਂ ਦਾ ਇਹ ਸਾਰਾ ਜਗਤ ਬੁਨਿਆਦੀ ਤੌਰ ਤੇ ਭਾਸ਼ਾਈ-ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਸਾਸੂਰ ਇਸ ਗੱਲ ਨੂੰ ਮੰਨ ਕੇ ਜੋ ਚਿਹਨ-ਵਿਗਿਆਨ ਬਣਾਉਂਦਾ ਹੈ, ਉਸ ਵਿਚ ਚਿਹਨਾਂ ਤੋਂ ਤਿਲਕ ਕੇ ਬਹੁਤ ਵਾਰੀ ਵਸਤਾਂ ਤੀਕ ਚਲਾ ਜਾਂਦਾ ਹੈ। ਯਕ ਦੈਰੀਦਾ ਸਾਸੂਰ ਦੀ ਇਸੇ ਧਾਰਨਾ ਉਪਰ ਆਕਰਮਣ ਕਰਦਾ ਹੈ ਤੇ ਕਹਿੰਦਾ ਹੈ ਕਿ ਅਚੇਤ ਹੀ ਸਾਸੂਰ ਪੁਰਾਣੀ ਗਿਆਨ-ਸ਼ਾਸਤ੍ਰੀ ਪਰੰਪਰਾ, ਜੋ ਚਿੱਤ੍ਰਿਤ ਰਚਨਾਵਾਂ ਵਿਚ ਵਾਸਤਵਿਕਤਾ ਦੀ ਹਾਜ਼ਰੀ ਭਰਦੀ ਹੈ, ਦਾ ਅਨੁਸਾਰੀ ਹੈ ਅਤੇ ਯਾਦ ਇਹ ਰਖਣਾ ਚਾਹੀਦਾ ਹੈ ਕਿ ਚਿੱਤ੍ਰ ਹਾਜ਼ਰੀ ਵਿਚੋਂ ਨਹੀਂ ਗ਼ੈਰ-ਹਾਜ਼ਰੀ ਤੋਂ ਬਣਦਾ ਹੈ। ਇਹ ਸਬਕ ਪ੍ਰਸਿੱਧ ਮਨੋਵਿਗਿਆਨੀ ਫਰਾਇਡ ਦਾ ਸਿਖਾਇਆ ਹੋਇਆ ਸਬਕ ਹੈ। ਚਿੰਤਨ ਦਾ ਮਤਲਬ ਹੀ ਇਹ ਹੈ ਕਿ ਅਸੀਂ ਵਸਤਾਂ ਨੂੰ ਉਨ੍ਹਾਂ ਦੀ ਗ਼ੈਰਹਾਜ਼ਰੀ ਵਿਚ ਆਪਣੇ ਨਿਯੰਤ੍ਰਣ ਵਿਚ ਲੈ ਸਕਦੇ ਹਾਂ ਅਤੇ ਨਿਯੰਤ੍ਰਣ ਵਿਚ ਲੈਣ ਤੋਂ ਸਾਡਾ ਭਾਵ ਵਸਤ-ਅਧੀਨ ਹੋਣਾ ਨਹੀਂ ਹੁੰਦਾ ਸਗੋਂ ਚਿੰਤਨ ਨੂੰ ਅਗਾਂਹ ਲਿਜਾਣਾ ਹੁੰਦਾ ਹੈ। ਐਸੀ ਹਾਲਤ ਵਿਚ ਅਸੀਂ ਆਪਣੀ ਹਰ ਗੱਲ ਨੂੰ ਭਾਸ਼ਾਈ ਅਤੇ ਚਿਹਨਕੀ ਪ੍ਰਕਿਰਿਆ ਦੀ ਮਦਦ ਨਾਲ ਪਕੜਦੇ ਹਾਂ। ਇਹ ਪਕੜ ਸਮੂਰਤ ਉਪਰ ਅਮੂਰਤ ਦਾ ਹਾਵੀ ਹੋਣਾ ਹੈ, ਤੇ ਹਾਜ਼ਰੀ ਉਪਰ ਗ਼ੈਰ-ਹਾਜ਼ਰੀ ਦਾ।

ਸਾਡੀ ਆਪਣੀ ਦੇਸੀ ਪਰੰਪਰਾ ਵਿਚ ਮੱਧਕਾਲ ਵਿਚ ਗੁਰੂਆਂ ਨੇ ਸਭਿਆਚਾਰਕ ਇਨਕਲਾਬ ਪੈਦਾ ਕੀਤਾ। ਉਸ ਇੰਨਕਲਾਬ ਵਿਚ ਸਭਿਆਚਾਰ ਤੇ ਸਭਿਆਚਾਰ ਦੇ ਨਿਰਮਾਣ ਦਾ ਕਾਵਿ ਸ਼ਾਸਤ੍ਰ ਦੋਵੇਂ ਮੌਜੂਦ ਹਨ। ਇਸ ਵਿਚ ਗੁਰੂਆਂ ਨੇ ਮੂਰਤੀ ਨਾਲੋਂ ਅਮੂਰਤੀ ਦੀ ਮਹੱਤਾ ਵਧੇਰੇ ਦੱਸੀ, ਦੇਹਧਾਰੀ ਗੁਰੂ ਨਾਲੋਂ ਸ਼ਬਦ ਗੁਰੂ ਨੂੰ ਮਹਾਨ ਕਿਹਾ ਹੈ ਅਤੇ ਸਾਰੇ ਸੰਸਾਰ ਨੂੰ ਸ਼ਬਦ ਦੁਆਰਾ ਗ੍ਰਹਿਣ ਹੁੰਦਿਆਂ ਦਰਸਾਇਆ ਹੈ। ਇਹ ਸਿਧਾਂਤ ਗੁਰੂਆਂ ਨੇ ਆਦਿ-ਗ੍ਰੰਥ ਵਿਚ ਬੜੇ ਸਪਸ਼ਟ ਸ਼ਾਸਤ੍ਰੀ ਆਯਾਮਾਂ ਵਿਚ ਪੇਸ਼ ਕੀਤਾ ਹੈ ਅਤੇ ਉਨ੍ਹਾਂ ਨੇ ਥਾਂ ਪਰ ਥਾਂ ਮਾਨਵ ਦੇ ਨੁਕਤੇ ਤੋਂ ਸਮੁੱਚੇ ਵਿਸ਼ਵ ਭਰ ਵਿਚ ਤਿੰਨ ਪੱਧਰਾਂ ਕਾਰਜਸ਼ੀਲ ਹੁੰਦੀਆਂ ਦਰਸਾਈਆਂ ਹਨ। ਪਹਿਲੀ ਪੱਧਰ ਜੀਵਾਤਮਕਤਾ ਦੀ ਹੈ ਦੂਸਰੀ ਪੱਧਰ ਨਾਮ ਦੀ ਹੈ ਤੀਸਰੀ ਪੱਧਰ ਧਰਮ ਤੇ ਤਰਕ ਦੀ ਹੈ। ਜੀਵਾਤਮਕਤਾ ਦੀ ਪੱਧਰ ਤੇ ਮਨੁੱਖ ਵੀ ਦੂਸਰੇ ਜੀਵਾਂ ਵਾਂਗ ਜੀਉਂਦਾ ਹੈ ਅਤੇ ਆਪਣੀ ਉਪਜੀਵਕਾ ਲਈ ਕੁਦਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਆਪਣੇ ਤਤਕਾਲੀਨ ਵਾਤਾਵਰਣ ਨਾਲ ਜੁੜਿਆ ਹੁੰਦਾ ਹੈ। ਦੂਸਰੀ ਪੱਧਰ ਨਾਮ ਦੀ ਹੈ, ਜੋ ਮਨੁੱਖੀ ਜੀਵਾਤਮਕਤਾ ਨੂੰ ਉਸ ਦੀ ਜੀਵਾਤਮਕਤਾ ਸਹਿਤ ਸੰਸਾਰ ਵਿਚ ਪਾ ਦੇਂਦੀ ਹੈ। ਇਸ ਦੀ ਪੱਧਰ ਤੇ ਮਨੁੱਖ ਨਾਮ-ਸੰਸਾਰ ਦੀ ਯਾਤਰਾ ਵੀ ਕਰਦਾ ਹੈ ਤੇ ਨਾਮ ਧਾਰੀ ਵਸਤਾਂ ਨਾਲ ਵੀ ਨਬੇੜਦਾ ਹੈ। ਇਸ ਤੋਂ ਅਗਲੀ ਪੱਧਰ ਧਰਮ ਤੇ ਤਰਕ ਦੀ ਹੈ। ਇਸ ਦੀ ਮਦਦ ਨਾਲ ਮਨੁੱਖ ਨੇਮ ਵੀ ਪਛਾਣਦਾ ਹੈ ਤੇ ਖੋਟੇ ਖਰੇ ਵਿਚ ਤਮੀਜ਼ ਕਰਦਾ ਹੈ। ਦੂਜੇ ਸ਼ਬਦਾਂ ਵਿਚ ਮਨੁੱਖ ਕੋਟੀਆਂ ਬਣਾ ਕੇ ਚੱਲਦਾ ਹੈ। ਇਹ ਪ੍ਰਕ੍ਰਿਆ ਨਿਸ਼ਚੇ ਹੀ ਸ਼ਾਸਤ੍ਰੀ ਪ੍ਰਕ੍ਰਿਆ ਹੈ ਜੋ ਮੌਖਿਕਤਾ ਨੂੰ ਉਲੰਘਦੀ ਹੈ ਅਤੇ ਮਾਨਸਿਕਤਾ ਤੇ ਲਿਖਤ ਨੂੰ ਨਿਸ਼ਚਿਤ ਕਰਨ ਵਿਚ ਸਾਡੀ ਸਹਾਇਕ ਹੁੰਦੀ ਹੈ। ਅਸੀਂ ਇਸ ਪਰੰਪਰਾ ਨੂੰ ਨਾਲ ਲੈ ਕੇ ਪੱਛਮ ਵਿਚ ਵਿਕਸਿਤ ਹੋਏ ਵਿਆਕਰਣ ਵਿਗਿਆਨ ਦੇ ਮਾਡਲ ਦੁਆਰਾ ਜਦੋਂ ਆਪਣੇ ਸ਼ਬਦ ਸਭਿਆਚਾਰ ਵੱਲ ਮੁੜਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਸਾਡਾ ਸ਼ਬਦ ਸਭਿਆਚਾਰ ਵਿਸ਼ੇਸ਼ ਕਰਕੇ ਸਮਕਾਲੀ ਹਾਲਤ ਵਿਚ ਵਧੇਰੇ [illegible] ਆਧਾਰੀ ਹੈ। ਯਥਾਰਥ ਪ੍ਰਸਤੀ ਤਾਂ ਦਿਨ ਬਦਿਨ ਘਟ ਰਹੀ ਹੈ ਪਰ ਹਾਲੇ ਤੀਕ ਇਸ ਨੇ ਪ੍ਰਤੀਕ ਦੀ ਸਰਪ੍ਰਸਤੀ ਨੂੰ ਪੂਰੀ ਤਰ੍ਹਾਂ ਕਬੂਲਿਆ ਨਹੀਂ। ਪ੍ਰਤੀਕ ਦੀ ਸਰਪ੍ਰਸਤੀ ਜ਼ੋਰ ਇਸ ਗੱਲ ਤੇ ਦਿੰਦੀ ਹੈ ਕਿ ਸ਼ਬਦਾਂ ਦੇ ਆਧਾਰ ਤੇ ਸੰਕਲਪਿਤ ਅਤੇ ਨਿਰਮਿਤ ਮਨੁੱਖ ਦੀ ਮਾਨਸਿਕਤਾ ਜੋ ਕੁਝ ਵੀ ਸਿਰਜਦੀ ਹੈ, ਉਹ ਇਕ ਪ੍ਰਵਚਨ ਹੁੰਦਾ ਹੈ। ਇਥੇ ਪ੍ਰਵਚਨ ਤੋਂ ਭਾਵ ਜੀਵਾਂ ਸੰਵਾਦ ਤੋਂ ਨਹੀਂ ਸਗੋਂ ਐਸੀ ਰਚਨਾ ਤੋਂ ਹੈ ਜਿਸ ਨੂੰ ਮਾਨਸਿਕਤਾ ਸ਼ਬਦਾਂ ਦੀ ਮਦਦ ਨਾਲ ਨਿਰਮਿਤ ਕਰਦੀ ਹੈ। ਅਜਿਹੀ ਰਚਨਾ ਨਿਸ਼ਚੇ ਹੀ ਕਿਸੇ ਅਰਥ ਦਾ ਉਤਪਾਦਨ ਹੈ। ਇਹ ਵਿਵਸਥਾ ਅਸਲ ਵਿਚ ਭਾਸ਼ਾਈ ਅਵਚੇਤਨ ਨੂੰ ਪ੍ਰਵਾਹਿਤ ਕਰਨ ਦੀ ਅਵਸਥਾ ਹੈ। ਜਿਵੇਂ ਪਿਛੇ ਅਸੀਂ ਮੌਖਿਕਤਾ ਨੂੰ ਲਿਖਤ ਵਿਚ ਖਲਲ ਪਾਉਣ ਵਾਲੀ ਸਮਝ ਕੇ ਪਰ੍ਹਾਂ ਕੀਤਾ ਹੈ, ਇਥੇ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਮਾਨਸਿਕਤਾ ਵੀ ਆਪਣੇ ਆਪ ਵਿਚ ਕਿਸੇ ਵਜੂਦੀਅਤ ਦੀ ਧਾਰਨੀ ਨਹੀਂ ਸਗੋਂ ਇਹ ਵੀ ਸ਼ਾਬਦਿਕ ਬਣਤਰ ਹੈ। ਜਦੋਂ ਅਸੀਂ ਇਹ ਗੱਲ ਕਹਿੰਦੇ ਹਾਂ ਤਾਂ ਉਦੋਂ ਬੁਨਿਆਦੀ ਤੌਰ ਤੇ ਇਸ ਕਥਨ ਨੂੰ ਪ੍ਰੌੜ੍ਹਤਾ ਦੇ ਰਹੇ ਹੁੰਦੇ ਹਾਂ ਕਿ ਮਾਨਵੀ ਸਭਿਆਚਾਰ ਦਾ ਅਵਚੇਤਨ ਪ੍ਰਤੀਕੀ ਅਤੇ ਭਾਸ਼ਾਈ ਹੈ ਅਤੇ ਜਦੋਂ ਇਹ ਅਵਚੇਤਨ ਪ੍ਰਵਾਹਿਤ ਹੋ ਜਾਂਦਾ ਹੈ ਉਦੋਂ ਭਾਸ਼ਾ ਤੋਂ ਪਾਰ ਸਾਰੀ ਸਾਮੱਗ੍ਰੀ, ਭਾਸ਼ਾ ਦੇ ਅਨੁਸ਼ਾਸਨ ਵਿਚ ਪੈ ਕੇ ਹੀ ਮਨੁੱਖੀ ਮਾਨਸਿਕਤਾ ਦਾ ਰੂਪ ਧਾਰਦੀ ਹੈ। ਇਥੇ ਇਹ ਗੱਲ ਕਹਿਣੀ ਬਣਦੀ ਹੈ ਕਿ ਸਾਹਿਤਕਾਰ ਵੀ ਇਸੇ ਅਵਚੇਤਨ ਦੁਆਰਾ ਆਪਣੀਆਂ ਸਾਹਿਤਕ ਗਤੀਵਿਧੀਆਂ ਨੂੰ ਨਿਰੂਪਣ ਦੇਂਦਾ ਹੈ। ਇਹ ਵੱਖਰੀ ਗੱਲ ਹੈ ਕਿ ਉਸ ਦੇ ਨਿਰੂਪਣ ਵਿਚ ਭਾਸ਼ਾ ਅਤਿਰਿਕਤ ਜੁਗਤਾਂ ਵੀ ਪ੍ਰਵੇਸ਼ ਕਰਦੀਆਂ ਹਨ। ਪਰ ਅਜਿਹੀ ਹਰ ਜੁਗਤ ਭਾਸ਼ਾਈ ਸੰਜਮ ਤੇ ਅਨੁਸ਼ਾਸਤ ਦਾ ਰੂਪ ਧਾਰਨ ਕਰਦੀ ਜਾਂਦੀ ਹੈ। ਅਜਿਹੀ ਹਾਲਤ ਵਿਚ ਲਿਖਤ ਹਮੇਸ਼ਾਂ ਭਾਸ਼ਾਈ ਪੱਧਰ ਉਪਰ ਸੰਕਲਪਿਤ ਹੁੰਦੀ ਹੈ। ਭਾਸ਼ਾਈ ਸੰਕਲਪਨ ਅਨੁਭਵ, ਹਾਜ਼ਰੀ, ਵੇਦਨਾ, ਸੰਵੇਦਨਾ ਆਦਿ ਸਾਰੀਆਂ ਕੋਟੀਆਂ ਦੀ ਮੌਖਿਕ ਤੇ ਜੀਵਾਤਮਕ ਬਿਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਉਲੰਘਦਾ ਹੈ, ਤਾਂ ਹੀ ਇਹ ਲਿਖਤ ਦੇ ਆਯਾਮ ਨੂੰ ਉਘਾੜਨ ਦਾ ਕਾਰਣ ਬਣਦਾ ਹੈ।

ਪੰਜਾਬ ਦੇ ਸਮਕਾਲੀ ਪ੍ਰਸੰਗ ਵਿਚ ਸ਼ਬਦ-ਸਭਿਆਚਾਰ ਨੂੰ ਉਪਰੋਕਤ ਪ੍ਰਕਾਰ ਦੇ ਕਾਵਿ-ਸ਼ਾਸਤ੍ਰੀ ਤਥਾ ਗਿਆਨ-ਸ਼ਾਸਤ੍ਰੀ ਸਮੱਸਿਆਵਾਦ ਦੇ ਸਨਮੁੱਖ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਅੱਜ ਦੇ ਯੁਗ ਵਿਚ ਸਾਹਿਤਕਾਰ ਪਾਸੋਂ ਸਾਹਿਤ ਪ੍ਰੇਰਨਾ ਨਾਲੋਂ ਸੁਚੇਤ ਉੱਦਮ ਦੇ ਅਧੀਨ ਰਚਨਾ ਕਰਨ ਦੀ ਮੰਗ ਵਧਦੀ ਜਾ ਰਹੀ ਹੈ। ਪੰਜਾਬੀ ਸਾਹਿਤ ਹੈ ਕਿ ਇਸ ਵਿਚ ਬਹੁਤ ਸਾਰੇ ਸਾਹਿਤਕਾਰ ਸਾਹਿਤ-ਰਚਨਾ ਦੇ ਨਾਮ ਉੱਤੇ ਵੇਦਨਾ-ਸੰਵੇਦਨਾ ਦੇ ਸਭਿਆਚਾਰ ਨੂੰ ਪ੍ਰੋਤਸਾਹਨ ਦੇਣ ਵਿਚ ਰੁੱਝੇ ਹੋਏ ਹਨ। ਪੰਜਾਬੀ ਕਵਿਤਾ, ਜੋ ਵਿਸ਼ੇਸ਼ ਕਰਕੇ ਮੋਹਨ ਸਿੰਘ ਦੇ ਯੁੱਗ ਤੋਂ ਸ਼ੁਰੂ ਹੋ ਕੇ ਅੱਜ ਤੀਕ ਆਉਂਦੀ ਹੈ, ਵਿਚ ਉਚੇਚੇ ਤੌਰ ਤੇ ਚਿਤ੍ਰਣ ਨੂੰ ਹੀ ਅਗਰਭੂਮੀ ਤੇ ਲਿਆਉਣ ਦਾ ਯਤਨ ਕੀਤਾ ਗਿਆ ਹੈ। ਮੋਹਨ ਸਿੰਘ 'ਸਾਵੇ ਪੱਤਰ' ਤੋਂ ਲੈ ਕੇ ਆਪਣੀ ਆਖਰੀ ਰਚਨਾ 'ਬੂਹੇ' ਤੀਕ ਭਾਵ-ਉਤੇਜਨਾ ਤੋਂ ਸ਼ੁਰੂ ਕਰਕੇ ਚਿਤ੍ਰਣ ਤੀਕ ਪੁੱਜਿਆ ਹੈ। ਇਸ ਚਿਤ੍ਰਣ ਵਿਚ ਭਾਵੇਂ ਉਸ ਦੇ ਕਾਵਿ-ਬਿੰਬ ਵਿਚ ਪ੍ਰਦਰਸ਼ਨ ਦਾ ਐਂਦ੍ਰੀਯ ਨਿਖਾਰ ਜ਼ਰੂਰ ਆਇਆ ਹੈ ਪਰ ਉਸਦੀ ਕਵਿਤਾ ਵਿਚ ਸਾਰੀ ਗੱਲ ਚਿਤ੍ਰਣ ਤਕ ਹੀ ਮਹਿਦੂਦ ਰਹੀ ਹੈ। ਅੰਮ੍ਰਿਤਾ ਪ੍ਰੀਤਮ ਨੇ ਆਪਣੀ ਕਾਵਿ-ਯਾਤਰਾ ਵਿਚ ਪਹਿਲਾ ਅਧਿਆਇ ਮੱਧ-ਸ਼੍ਰੇਨਿਕ ਇਸਤ੍ਰੀ ਦੀਆਂ ਸਮੱਸਿਆਵਾਂ ਵਿਚੋਂ ਪੈਦਾ ਹੋਣ ਵਾਲੇ ਸੰਕਟ ਉਪਰ ਸਰਫ ਕਰ ਦਿੱਤਾ ਹੈ। ਇਨ੍ਹਾਂ ਕਵਿਤਾਵਾਂ ਦਾ ਆਧਾਰ ਕਰੁਣਾ ਜਾਂ ਸਹਾਨੁਭੂਤੀ ਹੈ। ਉਸ ਤੋਂ ਮਗਰੋਂ ਅੰਮ੍ਰਿਤਾ ਨੇ ਚੇਤੰਨ ਹੋ ਕੇ ਬਿੰਬ-ਪ੍ਰਸਤੁਤੀ ਵਾਲੀ ਕਵਿਤਾ ਪੰਜਾਬੀ ਨੂੰ ਦਿੱਤੀ ਹੈ। 'ਸੁਨੇਹੜੇ' ਸੰਗ੍ਰਹਿ ਇਸ ਦਾ ਪ੍ਰਮਾਣ ਹੈ ਅਤੇ ਇਸ ਤੋਂ ਉਪਰੰਤ ਵੀ ਸਾਰੀਆਂ ਕਵਿਤਾਵਾਂ ਵਿਚ ਉਹ ਅਧਿਕਤਰ ਚਿਤ੍ਰਣ ਉਪਰ ਬਣ ਦੇਂਦੀ ਰਹੀ ਹੈ। ਇਨ੍ਹਾਂ ਦੋ ਕਵੀਆਂ ਤੋਂ ਉਪਰੰਤ ਸਾਡੇ ਪਾਸ ਸ਼ਿਵ ਕੁਮਾਰ ਕਾਵਿ ਹੈ, ਜੋ ਪੰਜਾਬੀ ਰਹਿਤਲ ਪ੍ਰਤਿ ਅਤਿਅੰਤ ਭਾਵੁਕ ਪ੍ਰਤਿਉੱਤਰ ਦੇ ਆਧਾਰ ਉੱਤੇ ਉਤੇਜਨਾ ਭਰਪੂਰ ਬਿੰਬ ਸਿਰਜਦਾ ਰਿਹਾ ਹੈ। ਹਰਿਭਜਨ ਸਿੰਘ-ਕਾਵਿ ਐਂਦ੍ਰੀਯ ਬਿੰਬ-ਪ੍ਰਦਰਸ਼ਨ ਦੇ ਆਧਾਰ ਤੇ ਵਿਸ਼ੁੱਧ ਸੁਹਜ-ਸ੍ਰਿਜਨ ਵਿਚ ਗ੍ਰਸਤ ਰਿਹਾ ਹੈ। ਪ੍ਰਯੋਗਵਾਦੀ ਕਵਿਤਾ ਦੀ ਲਹਿਰ ਜੋ 1960 ਤੋਂ ਸ਼ੁਰੂ ਹੋ ਕੇ ਕਾਫ਼ੀ ਸਮੇਂ ਤੀਕ ਚਲਦੀ ਰਹੀ, ਨੇ ਕਾਵਿ ਪ੍ਰਤਿ ਚੇਤੰਨ ਸੰਸਕ੍ਰਿਤੀ ਜ਼ਰੂਰ ਪੈਦਾ ਕੀਤੀ ਪਰੰਤੂ ਇਸ ਲਹਿਰ ਅਧੀਨ ਸਾਹਮਣੇ ਆਉਣ ਵਾਲੀ ਕਵਿਤਾ ਚਿਤ੍ਰਣ ਦੀਆਂ ਸੀਮਾਵਾਂ ਵਿਚ ਹੀ ਰਹੀ। ਫ਼ਰਕ ਕੇਵਲ ਇਹ ਪਿਆ ਕਿ ਇਨ੍ਹਾਂ ਵਿਚਲਾ ਚਿਤ੍ਰਣ ਰਵਾਇਤੀ ਚਿਤ੍ਰਣ ਤੋਂ ਵੱਖਰੀ ਕਿਸਮ ਦਾ ਰੂਪ ਧਾਰਨ ਕਰ ਗਿਆ। ਇਸ ਤੋਂ ਉਪਰੰਤ ਪ੍ਰਗਤੀਵਾਦੀ ਤੇ ਜੁਝਾਰਵਾਦੀ ਕਾਵਿ-ਲਹਿਰਾਂ ਕੇਵਲ ਸਮਾਜਵਾਦੀ ਆਦਰਸ਼ਵਾਦ ਦੇ ਉਦੇਸ਼ ਨੂੰ ਉਘਾੜਨ ਵਾਲੀਆਂ ਕਾਵਿ-ਲਹਿਰਾਂ ਹਨ। ਪਰ ਯੋਜਨਾ ਇਨ੍ਹਾਂ ਦੀ ਵੀ ਚਿਤ੍ਰਣ ਦੀ ਹੀ ਹੈ। ਇਸ ਤਰ੍ਹਾਂ ਆਧੁਨਿਕ ਪੰਜਾਬੀ-ਕਾਵਿ ਦਾ ਸਾਰਾ ਦ੍ਰਿਸ਼ ਅਧਿਕਤਰ ਚਿਤ੍ਰਣ ਵਿਚ ਹੀ ਗ੍ਰਸਤ ਹੈ। ਕਾਵਿ ਇਕ ਲਿਖਤ ਵਜੋਂ ਸੁਤੰਤਰ ਹੋ ਕੇ ਇਸ ਵਿਚ ਸਾਹਮਣੇ ਨਹੀਂ ਆਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਤਰ੍ਹਾਂ ਸਾਡਾ ਬਿਰਤਾਂਤਕ ਸਾਹਿਤ ਜਿਸ ਵਿਚ ਨਾਵਲ ਤੇ ਨਿੱਕੀ ਕਹਾਣੀ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਆਪਣੇ ਸਰੂਪ ਵਿਚ ਪ੍ਰਦਰਸ਼ਨ ਨਿਸ਼ਠ ਹੈ। ਅਸੀਂ ਨਾਨਕ ਸਿੰਘ ਤੋਂ ਹੀ ਆਪਣੀ ਗੱਲ ਸ਼ੁਰੂ ਕਰ ਸਕਦੇ ਹਾਂ। ਨਾਨਕ ਸਿੰਘ ਨੇ ਪੰਜਾਬੀ ਵਿਚ ਨਿਰਸੰਦੇਹ ਨਾਵਲ-ਕਲਚਰ ਪੈਦਾ ਕੀਤਾ। ਪਰੰਤੂ ਉਸਦਾ ਸਾਰਾ ਨਾਵਲ-ਸਾਹਿਤ ਉਪਯੋਗੀ ਕਿਸਮ ਦਾ ਸਾਹਿਤ ਹੈ। ਉਹ ਆਪਣੇ ਨਾਵਲਾਂ ਵਿਚ ਇਕ ਤਾਂ ਰੋਮਾਂਟਿਕ ਵਾਯੂਮੰਡਲ ਉਸਾਰਦਾ ਹੈ, ਜੋ ਕਈ ਹਾਲਤਾਂ ਵਿਚ ਵਿਲਾਸ-ਭਾਵਨਾ ਤੀਕ ਵਧ ਜਾਂਦਾ ਹੈ ਤੇ ਦੂਸਰਾ ਉਸ ਨਾਲ ਕੋਈ ਸੁਧਾਰਵਾਦੀ ਰਾਸ਼ਟਰਵਾਦੀ ਜਾਂ ਸਮਾਜਵਾਦੀ ਸਮੱਸਿਆਵਾਦ ਨੂੰ ਜੋੜ ਲੈਂਦਾ ਹੈ। ਅਜਿਹੇ ਸਮੱਸਿਆਵਾਦ ਸੰਬੰਧੀ ਵੀ ਨਾਨਕ ਸਿੰਘ ਦੀ ਪਹੁੰਚ ਅਤਿਅੰਤ ਭਾਵੁਕ ਹੁੰਦੀ ਹੈ। ਉਹ ਜ਼ਦੋਂ ਸਮਾਜ ਵਿਚ ਪ੍ਰਵਿਸ਼ਟ ਗ਼ਲਤ ਕੀਮਤਾਂ ਨੂੰ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਨ੍ਹਾਂ ਸੰਬੰਧੀ ਅਤਿਅੰਤ ਉਤੇਜਿਤ ਦ੍ਰਿਸ਼ ਪ੍ਰਸਤੁਤ ਕਰਦਾ ਹੈ। ਅਜਿਹੀ ਸਮਾਜਕ ਸੂਝ ਜਿਸ ਰਾਹੀਂ ਸਮਾਜ ਨੂੰ ਸਮਝਿਆ ਜਾ ਸਕੇ, ਉਸ ਵਿਚ ਬਹੁਤ ਘੱਟ ਹੁੰਦੀ ਹੈ। ਪਾਠਕ ਵਰਗ ਲਈ ਨਾਨਕ ਸਿੰਘ ਦੇ ਅਜਿਹੇ ਨਾਵਲ, ਜਿਨ੍ਹਾਂ ਵਿਚ ਰੋਮਾਂਸ ਤੇ ਉਤੇਜਨਾ-ਭਰਪੂਰ ਦ੍ਰਿਸ਼ ਹੁੰਦੇ ਹਨ, ਬਹੁਤ ਟੁੰਬਦੇ ਹਨ। ਇਸੇ ਲਈ ਪੰਜਾਬ ਦੇ ਲੋਕ-ਅਵਚੇਤਨ ਵਿਚ ਜੇ ਕੋਈ ਨਾਵਲਾਕਾਰ ਹੈ ਤਾਂ ਉਹ ਨਾਨਕ ਸਿੰਘ ਹੈ। ਇਸ ਤਰ੍ਹਾਂ ਨਾਨਕ ਸਿੰਘ ਨੇ ਪੰਜਾਬ ਨੂੰ ਇਹ ਨਾਵਲ-ਅਵਚੇਤਨ ਪ੍ਰਦਾਨ ਕੀਤਾ ਹੈ ਜਿਸ ਨੂੰ ਅਗੋਂ ਆਉਣ ਵਾਲੇ ਨਾਵਲਕਾਰਾਂ ਨੇ ਇਕ ਵਿਨਿਆਸ ਦੇ ਰੂਪ ਵਿਚ ਅਪਣਾ ਲਿਆ ਹੈ। ਨਾਵਲਕਾਰਾਂ ਦੇ ਦ੍ਰਿਸ਼ ਤੇ ਸੰਦਰਭ ਬਦਲ ਗਏ ਹਨ ਪਰੰਤੂ ਬਿਰਤਾਂਤਕ-ਵਿਨਿਆਸ ਲਗਭਗ ਨਾਨਕ ਸਿੰਘ ਵਾਲਾ ਰਿਹਾ ਹੈ। ਜਸਵੰਤ ਸਿੰਘ ਕੰਵਲ ਆਦਰਸ਼ਵਾਦ ਤੋਂ ਤੁਰ ਕੇ ਸਮਾਜਵਾਦ ਤੀਕ ਜਾਣ ਵਾਲਾ ਨਾਵਲਕਾਰ ਹੈ ਪਰ ਇਸ ਦੇ ਸਾਰੇ ਨਾਵਲਾਂ ਦੀ ਸੰਗਠਨਮੂਲਕ ਗ਼ੈਰਹਾਜ਼ਰੀ ਵਿਚ ਨਾਨਕ ਸਿੰਘ ਦਾ ਬਿਰਤਾਂਤਕ ਵਿਨਿਆਸ ਪਿਆ ਹੋਇਆ ਹੈ। ਇਸੀ ਤਰ੍ਹਾਂ ਸਾਡੇ ਹੋਰ ਬਹੁਤ ਸਾਰੇ ਨਾਵਲਕਾਰ ਹਨ ਜਿਨ੍ਹਾਂ ਵਿਚ ਸੁਰਿੰਦਰ ਸਿੰਘ ਨਰੂਲਾ, ਰਾਮ ਸਰੂਪ ਅਣਖੀ, ਨਰਿੰਦਰਪਾਲ ਸਿੰਘ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਕਰਤਾਰ ਸਿੰਘ ਦੁੱਗਲ ਆਦਿ ਸ਼ਾਮਲ ਕ ਤੇ ਜਾ ਸਕਦੇ ਹਨ। ਬੁਨਿਆਦੀ ਤੌਰ ਤੇ ਆਪਣੀ ਬਿਰਤਾਂਤਕ ਰਚਨਾ ਦਾ ਵਿਧਾਨ ਅਚੇਤ ਤੌਰ ਤੇ ਨਾਨਕ ਸਿੰਘ ਪਾਸੋਂ ਹੀ ਪ੍ਰਾਪਤ ਕਰਦੇ ਹਨ। ਇਸ ਲਈ ਇਨ੍ਹਾਂ ਬਿਰਤਾਂਤਕਾਰਾਂ ਦੀਆਂ ਰਚਨਾਵਾਂ ਨੂੰ ਪੜ੍ਹਣ ਤੋਂ ਇਹ ਪਤਾ ਚਲਦਾ ਹੈ ਕਿ ਇਹ ਜਾਂ ਤਾਂ ਭਾਵਨਾਵਾਂ ਨੂੰ ਉਤੇਜਿਤ ਕਰਨ ਵਾਲੇ ਦ੍ਰਿਸ਼ ਸਿਰਜਦੇ ਹਨ ਜਾਂ ਅਜਿਹੇ ਆਦਰਸ਼ਵਾਦ ਦਾ ਪ੍ਰਚਾਰ ਕਰਦੇ ਹਨ ਜੋ ਭਾਸ਼ਾਈ ਤੇ ਪ੍ਰਤੀਕੀ ਆਯਾਸ ਤੋਂ ਵੱਖਰੇ ਹੋਣ ਦੇ ਆਭਾਸ ਵਿਚ ਪਿਆ ਹੋਇਆ ਹੈ। ਇਸ ਦਾ ਸਾਫ਼ ਅਰਥ ਇਹ ਹੈ ਕਿ ਇਹ ਬਿਰਤਾਂਤਕਾਰ ਬਿਰਤਾਂਤ ਦੀ ਵਿਨਿਆਸੀ ਜੁਗਤ, ਜੋ ਭਾਸ਼ਾਈ ਤੇ ਭਾਸ਼ਾ ਅਤਿਰਿਕਤ ਰੂੜ੍ਹੀਆਂ ਉਪਰ ਆਧਾਰਿਤ ਹੈ, ਪ੍ਰਤਿ ਚੇਤੰਨ ਨਹੀਂ। ਉਹ ਇਸ ਸਾਰੇ ਜੁਗਤ-ਵਿਧਾਨ ਨੂੰ ਅਰਥ-ਉਤਪਾਦਨੀ ਵਿਧੀ ਵਜੋਂ ਇਸਤੇਮਾਲ ਕਰਨ ਦੀ ਬਜਾਏ ਇਸ ਨੂੰ ਅਨੁਕਰਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਧੀ ਵਜੋਂ ਵਰਤਦੇ ਹਨ । ਇਸ ਤਰ੍ਹਾਂ ਇਨ੍ਹਾਂ ਦੇ ਸਾਰੇ ਸਾਹਿਤਕ ਪ੍ਰਯਤਨ ਅਤੇ ਉੱਦਮ ਵਿਚ ਮੌਖਿਕਤਾ ਵਧੇਰੇ ਛਾਈ ਰਹਿੰਦੀ ਹੈ ਅਤੇ ਇਸ ਤਰ੍ਹਾਂ ਅਰਥ-ਉਤਪਾਦਨ ਦੀ ਬਜਾਇ ਪ੍ਰਦਰਸ਼ਨ ਦਾ ਵਾਰਾ-ਪਹਿਰਾ ਕਾਇਮ ਰਹਿੰਦਾ ਹੈ ।

ਬਿਰਤਾਂਤਕ ਰਚਨਾਵਾਂ ਤੋਂ ਉਪਰੰਤ ਜਦੋਂ ਅਸੀਂ ਨਾਟਕ ਖੇਤਰ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਈਸ਼ਵਰ ਚੰਦਰ ਨੰਦਾ ਤੋਂ ਲੈ ਕੇ ਅਜਮੇਰ ਔਲਖ ਤੇ ਆਤਮਜੀਤ ਤੀਕ ਪੰਜਾਬੀ ਨਾਟਕ ਦਾ ਸਾਰਾ ਇਤਿਹਾਸ ਤੇ ਵਿਕਾਸ ਫੈਲਿਆ ਹੋਇਆ ਹੈ । ਈਸ਼ਵਰ ਚੰਦਰ ਨੰਦਾ ਵਿਚ ਵਾਸਤਵਿਕਤਾ ਦੀ ਕੋਟੀ ਤੇ ਸਹਿਜੇ ਹੀ ਤਬਦੀਲ ਹੋ ਸਕਣ ਵਾਲੀ ਪੇਸ਼ਕਾਰੀ ਕਾਰਜਸ਼ੀਲ ਹੈ । ਇਹੀ ਕਾਰਣ ਹੈ ਕਿ ਉਸਦੇ ਨਾਟਕਾਂ ਵਿਚ ਇਕ ਐਸੀ ਸਰਲਤਾ ਹੈ ਜੋ ਜੀਵਨ ਨੂੰ ਡਰਾਮੇ ਵਿਚ ਤੇ ਡਰਾਮੇ ਨੂੰ ਸਟੇਜ ਤੇ ਬਿਨਾਂ ਹੀਲ ਹੁੱਜਤ ਪੇਸ਼ ਕਰ ਸਕਣ ਦੇ ਸਮਰੱਥ ਹੈ । ਹਰਚਰਨ ਸਿੰਘ ਨੰਦੇ ਦਾ ਉਤਰਾਧਿਕਾਰੀ ਹੈ । ਇਹ ਗੱਲ ਵੱਖਰੀ ਹੈ ਕਿ ਉਸ ਨੇ ਆਪਣੇ ਨਾਟਕਾਂ ਦੇ ਖੇਤਰ ਨੂੰ ਵੰਨ-ਸੁਵੰਨੀਆਂ ਸਮੱਸਿਆਵਾਂ ਵੱਲ ਲਿਜਾ ਕੇ ਵਧੇਰੇ ਖਿਲਾਰ ਲਿਆ ਹੈ । ਪਰ ਉਹ ਵੀ ਬੁਨਿਆਦੀ ਤੌਰ ਤੇ ਇਸੇ ਜਤਨ ਵਿਚ ਰਹਿੰਦਾ ਹੈ ਕਿ ਨਾਟਕ ਵਾਸਤਵਿਕਤਾ ਦੀ ਪ੍ਰਤਿਨਿਧਤਾ ਜਾਂ ਅਨੁਕਰਣ ਦੀ ਪੱਧਰ ਤਕ ਹੀ ਰਹੇ । ਬਲਵੰਤ ਗਾਰਗੀ ਦੇ ਨਾਟਕਾਂ ਵਿਚ ਕਿਤੇ ਕਿਤੇ ਵਾਸਤਵਿਕਤਾ ਦੇ ਪ੍ਰਦਰਸ਼ਨ ਨੂੰ ਭੰਗ ਕਰਨ ਦੀ ਵਿਧੀ ਪ੍ਰਚਲਿਤ ਹੈ ਪਰ ਅਜਿਹੀਆਂ ਸਥਿਤੀਆਂ ਵਿਚ ਉਸਦੇ ਨਾਟਕਾਂ ਦੀ ਵਾਰਤਾਲਾਪ ਵਿਚ ਚਿਤ੍ਰਣ ਵਿਧੀ ਪ੍ਰਵੇਸ਼ ਕਰ ਜਾਂਦੀ ਹੈ । ਇਹ ਚਿਤ੍ਰਣ ਕਈ ਵਾਰੀ ਵਿਚ੍ਰਿਤਣ ਵੀ ਹੁੰਦਾ ਹੈ । ਪਰ ਪ੍ਰਦਰਸ਼ਨ ਤੇ ਚਿਤ੍ਰਣ ਦੀਆਂ ਵਿਧੀਆਂ ਰਾਹੀਂ ਗਾਰਗੀ ਪੇਸ਼ਕਾਰੀ ਦੇ ਵਧੇਰੇ ਨੇੜੇ ਰਹਿਣਾ ਹੀ ਪਸੰਦ ਕਰਦਾ ਹੈ । ਗਾਰਗੀ ਨੇ ਡਰਾਮੇ ਨੂੰ ਸਟੇਜ ਤੇ ਲਿਜਾਣ ਦਾ ਖਾਸਾ ਜ਼ਿਕਰਯੋਗ ਯਤਨ ਕੀਤਾ ਹੈ ਪਰ ਕੀ ਉਸ ਨੇ ਮੰਚ ਨੂੰ ਲਿਖਤ ਵਿਚ ਰੂਪਾਂਤ੍ਰਿਤ ਕੀਤਾ ਹੈ ? ਇਹ ਪ੍ਰਸ਼ਨ ਗਾਰਗੀ ਦੀ ਸਾਰੀ ਨਾਟਕੀ-ਪ੍ਰਕ੍ਰਿਆ ਲਈ ਹੈ । ਗਾਰਗੀ ਤੋਂ ਅਗਲਾ ਦ੍ਰਿਸ਼ ਨਵੇਂ ਨਾਟਕਕਾਰਾਂ ਦਾ ਹੈ, ਜਿਨ੍ਹਾਂ ਵਿਚ ਅਜਮੇਰ ਔਲਖ ਤੇ ਆਤਮਜੀਤ ਦੇ ਨਾਂ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ । ਇਹ ਦੋਵੇਂ ਨਾਟਕਕਾਰ ਸੰਕਲਪਸ਼ੀਲ ਵੀ ਹਨ ਤੇ ਇਸ ਤਕਨੀਕ ਲਈ ਚੇਤੰਨ ਵੀ ਹਨ ਕਿ ਮੰਚਨ ਨੂੰ ਇਕ ਲਿਖਤ ਦਾ ਰੂਪ ਦਿਤਾ ਜਾਵੇ । ਮੰਚਨ ਬੁਨਿਆਦੀ ਤੌਰ ਤੇ ਵਿਚਾਰ ਨੂੰ ਵਿਹਾਰ ਵਿਚ ਢਾਲਣ ਦਾ ਨਾਂ ਹੈ । ਵਿਹਾਰ ਨੂੰ ਇਕ ਚਿਹਨਕੀ ਜੁਗਤ ਬਣਾ ਕੇ ਨਾਟਕ ਤੇ ਦਰਸ਼ਕਾਂ ਨੂੰ ਪਾਠ ਤੇ ਪਾਠਕ ਦੇ ਰਿਸ਼ਤੇ ਵਿਚ ਬੰਨ੍ਹਣਾ, ਇਸ ਨੂੰ ਲਿਖਤ ਦਾ ਚਰਿੱਤ੍ਰ ਪ੍ਰਦਾਨ ਕਰਨ ਮਾਤਰ ਹੈ । ਇਨ੍ਹਾਂ ਤੋਂ ਬਿਨਾਂ ਕੁਝ ਨਾਟਕਕਾਰ ਅਜਿਹੇ ਵੀ ਹੋਏ ਹਨ ਜਿਨ੍ਹਾਂ ਨੇ ਨੰਦਾ ਤੇ ਹਰਚਰਨ ਸਿੰਘ ਦੀ ਨਿਰੰਤਰਤਾ ਨੂੰ ਭੰਗ ਕਰਕੇ ਨਾਟਕ ਲਿਖੇ ਹਨ । ਇਸ ਵਿਚ ਕਪੂਰ ਸਿੰਘ ਘੁੰਮਣ, ਸੁਰਜੀਤ ਸਿੰਘ ਸੇਠੀ, ਹਰਸਰਨ ਸਿੰਘ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ । ਇਨ੍ਹਾਂ ਨਾਟਕਕਾਰਾਂ ਨੂੰ ਅਸੀਂ ਨਵੇਂ ਪ੍ਰਯੋਗ ਕਰਨ ਵਾਲੇ ਨਾਟਕਕਾਰ ਤਾਂ ਕਹਿ ਸਕਦੇ ਹਾਂ ਪਰੰਤੂ ਪੇਸ਼ਕਾਰੀ ਦੇ ਪੱਖ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਦੀਆਂ ਰਚਨਾਵਾਂ ਵਿਚ ਵੀ ਅਧਿਕਤਰ ਅਨੁਕਰਣ ਵਾਲਾ ਗੁਣ ਹੀ ਪ੍ਰਧਾਨ ਹੈ ।

ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਪੰਜਾਬੀ ਸਾਹਿਤ ਆਪਣੇ ਦੇ ਮੰਜ਼ਰ ਵਿਚ ਅਨੁਕਰਣ ਤੇ ਲਿਖਤ ਇਕ ਦੂਸਰੇ ਵਿਚ ਖ਼ਾਸੇ ਉਲਝੇ ਹੋਏ ਪ੍ਰਤੀਤ ਹੁੰਦੇ ਹਨ । ਜਿਸ ਤਰ੍ਹਾਂ ਕਿ ਅਸੀਂ ਆਪਣੇ ਇਸ ਪੱਤਰ ਦੇ ਆਰੰਭ ਵਿਚ ਕਾਵਿ ਸ਼ਾਸਤ੍ਰ ਨੂੰ ਸ਼ਬਦ-ਸਭਿਆਚਾਰ ਦੇ ਵਿਆਕਰਣ-ਵਿਗਿਆਨ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ । ਉਸ ਆਧਾਰ ਤੇ ਜੇ ਅਸੀਂ ਇਸ ਸਾਰੇ ਸਾਹਿਤ ਦੀ ਕਾਵਿ-ਸ਼ਾਸਤ੍ਰੀ ਦ੍ਰਿਸ਼ਟੀ ਤੋਂ ਦਿਸ਼ਾ ਨੂੰ ਉਜਾਗਰ ਕਰਨਾ ਹੋਵੇ ਤਾਂ ਅਸੀਂ ਇਹ ਕਹਿ ਸਕਦੇ ਹਾਂ ਇਹ ਸਾਹਿਤ ਉਦੋਂ ਤੀਕ ਆਦਰਸ਼-ਲਿਖਤ ਦੇ ਚਰਿੱਤ੍ਰ ਤੀਕ ਨਹੀਂ ਪੁੱਜ ਸਕਦਾ ਜਦੋਂ ਤੀਕ ਇਸ ਵਿਚ ਆਪਣੇ ਸੰਗਠਨ ਦੀਆਂ ਭਾਸ਼ਾਈ ਤੇ ਭਾਸ਼ਾ ਅਤਿਰਿਕਤ ਜੁਗਤਾਂ ਦੀ ਪ੍ਰਮਾਣਿਕ ਚੇਤੰਨਤਾ ਨਹੀਂ ਪੈਦਾ ਹੁੰਦੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਕਾਵਿ-ਅਵਚੇਤਨ

ਅਵਚੇਤਨ ਦਾ ਸੰਕਲਪ ਅਜੋਕੇ ਗਿਆਨ-ਸ਼ਾਸਤਰ ਦੇ ਅੰਤਰਗਤ ਇਕ ਬਹੁਤ ਹੀ ਮਹੱਤਵਸ਼ੀਲ ਪ੍ਰਾਪਤੀ ਮੰਨੀ ਗਈ ਹੈ। ਇਸ ਪ੍ਰਾਪਤੀ ਦੀ ਦਿਸ਼ਾ ਮਾਨਵੀ ਸਭਿਆਚਾਰ ਨਾਲ ਸੰਬੰਧਿਤ ਉਨ੍ਹਾਂ ਖੇਤਰਾਂ ਦਾ ਵਿਗਿਆਨ ਜਾਂ ਵਿਆਕਰਣ-ਵਿਗਿਆਨ ਪ੍ਰਸਤੁਤ ਕਰਨ ਦੀ ਹੈ ਜੋ ਵਿਸ਼ੁਧ ਗਿਆਨ ਖੇਤਰਾਂ ਤੋਂ ਰਤਾ ਕੁ ਨਿਚਲੀ ਪੱਧਰ ਉਪਰ ਵਿਚਰਦੇ ਹਨ। ਉਨੀਵੀਂ ਸਦੀ ਤੇ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਤੀਕ ਵਿਸ਼ੁੱਧ ਵਿਗਿਆਨ ਅਜਿਹੇ ਸਭਿਆਚਾਰਕ ਖੇਤਰਾਂ ਉਪਰ ਆਪਣੀਆਂ ਗਣਿਤ ਸ਼ਾਸਤ੍ਰੀ ਤੇ ਪ੍ਰਪੱਕ ਬਣਤਰਾਂ ਦੇ ਆਧਾਰ ਤੇ ਇਨ੍ਹਾਂ ਉਪਰ ਆਕਰਮਣ ਕਰਕੇ ਇਨ੍ਹਾਂ ਨੂੰ ਬੌਧਿਕ ਖੇਤਰ ਵਿਚੋਂ ਛੇਕਦੇ ਹੀ ਰਹੇ ਹਨ ਪਰੰਤੂ ਵੀਹਵੀਂ ਸਦੀ ਦੇ ਦੂਸਰੇ ਅੱਧ ਵਿਚ ਕੁਝ ਐਸੀ ਨਜ਼ਰ ਵਾਲੇ ਵਿਗਿਆਨੀ ਵੀ ਆਏ ਹਨ ਜਿਨ੍ਹਾਂ ਨੇ ਵਿਸ਼ੁੱਧ ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਮਨੁੱਖ ਦੇ ਸਮੂਰਤ ਵਿਹਾਰ ਤੇ ਸ਼ਬਦ-ਸਭਿਆਚਾਰ ਦੇ ਖੇਤਰਾਂ ਤੀਕ ਲਿਜਾ ਕੇ ਪ੍ਰਾਚੀਨ ਤੋਂ ਪ੍ਰਾਚੀਨ ਸਮਾਜਾਂ ਨੂੰ ਵੀ ਅਤਿਅੰਤ ਨੇਮਬੱਧ ਮਰਯਾਦਾ ਜਾਂ ਪ੍ਰਬੰਧ ਦੇ ਰੂਪ ਵਿਚ ਲੱਖਿਆ ਹੈ। ਇਸ ਤਰ੍ਹਾਂ ਇਕ ਐਸੀ ਲਹਿਰ ਚੱਲ ਪਈ ਹੈ ਜਿਸਨੇ ਪਰੰਪਰਾਈ ਸਮਾਜਾਂ ਤੇ ਸਭਿਆਚਾਰਕ ਪਰੰਪਰਾਵਾਂ ਦਾ ਵਿਆਕਰਣ ਵਿਗਿਆਨ ਪ੍ਰਸਤੁਤ ਕਰਨ ਵੱਲ ਉਚੇਰਾ ਯਤਨ ਪ੍ਰਯਤਨ ਆਰੰਭ ਦਿੱਤਾ ਹੈ। ਇਸੇ ਯਤਨ ਪ੍ਰਯਤਨ ਵਿਚ ਅਵਚੇਤਨ ਦਾ ਸੰਕਲਪ ਸਾਹਮਣੇ ਆਇਆ ਹੈ।

ਅਸੀਂ ਆਧੁਨਿਕਤਾਵਾਦੀ ਬੁੱਧ ਦੇ ਅਭਿਆਸੀ ਹੋ ਗਏ ਹਾਂ ਇਸ ਲਈ ਅਸੀਂ ਅਵਚੇਤਨ ਦੇ ਸੰਕਲਪ ਨੂੰ ਮਨੋਵਿਗਿਆਨ ਦੇ ਖੇਤਰ ਨਾਲ ਜੋੜ ਕੇ ਵੇਖਣ ਦੇ ਆਦੀ ਹਾਂ। ਸਾਡਾ ਮੱਤ ਇਸ ਪੱਖ ਤੋਂ ਅਵਚੇਤਨ ਨੂੰ ਜਾਂ ਤਾਂ ਫਰਾਇਡਵਾਦੀ ਮਨੋਵਿਸ਼ਲੇਸ਼ਣ ਨਾਲ ਜੋੜਦਾ ਹੈ ਜਾਂ ਜੁੰਗ ਦੇ ਵਿਸ਼ਲੇਸ਼ਣਾਤਮਕ ਮਨੋਵਿਗਿਆਨ ਨਾਲ ਜਾਂ ਅਜਿਹੇ ਹੋਰ ਮਾਨਸਿਕ ਚਿੰਤਕਾਂ ਨਾਲ ਜੋ ਤਾਤਵਿਕ ਅਰਥਾਂ ਵਿਚ ਮਨ ਦੀਆਂ ਡੂੰਘੇਰੀਆਂ ਤਹਿਆ, ਵਿਧੀਆਂ ਤੇ ਗੁੰਥੀਆਂ ਦੇ ਰਹੱਸ ਨੂੰ ਲੱਭਣ ਵੱਲ ਰੁਚਿਤ ਹਨ। ਇਸਦੇ ਨਾਲ ਨਾਲ ਅਜਿਹਾ ਵਿਚਾਰ ਵੀ ਪ੍ਰਚਲਿਤ ਹੈ ਕਿ ਅਵਚੇਤਨ ਕਿਸੇ ਐਸੀ ਗੁਫ਼ਾ ਦਾ ਨਾਮ ਹੈ ਜਿਸ ਵਿਚ ਆਦਰਸ਼ ਸ੍ਰਿਸ਼ਟਾਚਾਰ ਵਿਚ ਵਰਜਿਤ ਭਾਵ ਗੁੰਝਲਾਂ ਦੇ ਰੂਪ ਵਿਚ ਬੰਦ ਕਰ ਦਿੱਤੇ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਸਾਰਿਆਂ ਵਿਚੋਂ [illegible] ਉਸਾਰਿਆ ਅਵਚੇਤਨ ਦਾ ਸੰਕਲਪ ਕਾਫ਼ੀ ਜ਼ਿਆਦਾ ਪ੍ਰਚਲਿਤ ਵੀ ਰਿਹਾ ਹੈ ਤੇ ਗਿਆਨ ਖੇਤਰਾਂ ਵਿਚ ਇਸਦਾ ਪ੍ਰਯੋਗ ਵੀ ਕੀਤਾ ਗਿਆ। ਪਰੰਤੂ, ਇਸ ਸੰਕਲਪ ਦੇ ਗਿਆਨ ਖੇਤਰਾਂ ਵਿਚ ਗੱਲ ਨੂੰ ਉਘਾੜਨ ਜਾਂ ਸਪੱਸ਼ਟ ਕਰਨ ਦੀ ਬਜਾਇ ਇਕ ਰਹੱਸੀਕਰਣ ਪੈਦਾ ਕਰਨ ਵਿਚ ਹੀ ਆਪਣਾ ਯੋਗਦਾਨ ਪਾਇਆ। ਫਰਾਇਡਵਾਦੀ ਮਨੋਵਿਸ਼ਲੇਸ਼ਣ ਵਾਲਾ ਅਵਚੇਤਨ ਮਨੁੱਖੀ ਵਿਵਹਾਰ ਦੀ ਅਸਾਧਾਰਣਤਾ ਨੂੰ ਜਾਨਣ ਦਾ ਪ੍ਰਯਾਸ ਕਰਦਾ ਹੈ। ਉਸਦਾ ਮੱਤ ਹੈ ਕਿ ਜੋ ਕੁਛ ਕੋਈ ਵਿਅਕਤੀ ਆਪਣੇ ਸਮਾਜ ਸਵੀਕ੍ਰਿਤ ਵਰਤਾਰੇ ਵਿਚ ਕਰਦਾ ਹੈ ਉਸਦੀ ਪਿੱਠ-ਭੂਮੀ ਵਿਚ ਕੁਝ ਵਿਸ਼ੇਸ਼ ਮਾਨਸਿਕ ਕਾਰਨ ਹੁੰਦੇ ਹਨ। ਇਸ ਤਰ੍ਹਾਂ ਉਸਦੀ ਇਹ ਵਿਸ਼ਲੇਸ਼ਣ ਵਿਧੀ ਵਿਵਹਾਰ ਤੋਂ ਉਪਰੰਤ ਸ਼ਬਦ ਸਭਿਆਚਾਰ ਵਿਚ ਵੀ ਪ੍ਰਵਿਸ਼ਟ ਕਰਦੀ ਹੈ। ਉਥੇ ਇਸਦੇ ਆਧਾਰ ਤੇ ਸ਼ਬਦ ਬਣਤਰਾਂ ਨੂੰ ਵਿਕਰਿਤ ਵਿਹਾਰ ਵਿਧੀਆਂ ਵਜੋਂ ਜਾਣਿਆ ਜਾਂਦਾ ਹੈ। ਜੁੰਗ ਇਸੇ ਤੋਂ ਇਸ ਉਪਰ ਹਮਲਾ ਕਰਦਾ ਹੈ ਅਤੇ ਆਪਣਾ ਸਮੂਹਿਕ ਅਵਚੇਤਨ ਦਾ ਸਿਧਾਂਤ ਪ੍ਰਸਤੁਤ ਕਰਦਾ ਹੈ ਪਰ ਉਹ ਸਮੂਹਿਕ ਅਵਚੇਤਨ ਦੇ ਸਿਧਾਤ ਰਾਹੀਂ ਜੁਗਾਦੀ ਅਤੀਤ ਵਿਚ ਕਾਰਜਸ਼ੀਲ ਮਾਨਸਿਕਤਾ ਦੇ ਸੰਕਲਪ ਤੀਕ ਜਾ ਪੁੱਜਦਾ ਹੈ ਅਤੇ ਕੁਝ ਆਦਿ-ਵਿਧੀਆਂ ਦੀ ਗੱਲ ਵਿਸ਼ੇਸ਼ ਪ੍ਰਕਾਰ ਦੇ ਰਹੱਸੀਕਰਣ ਦੀ ਜ਼ਬਾਨ ਵਿਚ ਕਰਦਾ ਹੈ। ਪਰ ਜਿਸ ਅਵਚੇਤਨ ਦੀ ਗੱਲ ਅਸੀਂ ਕਰਨਾ ਚਾਹੁੰਦੇ ਹਾਂ ਉਹ ਇਸ ਆਧੁਨਿਕਤਾਵਾਦੀ ਅਵਚੇਤਨ ਤੋਂ ਬਹੁਤ ਵੱਖਰਾ ਹੈ। ਇਹ ਅਵਚੇਤਨ ਬੁਨਿਆਦੀ ਤੌਰ ਤੇ ਆਧੁਨਿਕ ਭਾਸ਼ਾ ਵਿਗਿਆਨ ਦੀ ਦੇਣ ਹੈ। ਆਧੁਨਿਕ ਭਾਸ਼ਾ ਵਿਗਿਆਨ ਜੋ ਆਪਣੀ ਮੂਲ ਬਿਰਤੀ ਵਿਚ ਪ੍ਰਬੰਧ ਆਧਾਰੀ ਹੈ ਇਹ ਧਾਰਨਾ ਪ੍ਰਸਤੁਤ ਕਰਦਾ ਹੈ ਕਿ ਹਰ ਭਾਸ਼ਾਈ ਉਕਤੀ ਦੋ ਧਰਾਤਲਾਂ ਉਤੇ ਵਿਚਰਦੀ ਹੈ ਇਸਦਾ ਉਪਰਲਾ ਤੇ ਸਪੱਸ਼ਟ ਧਰਾਤਲ ਬੋਲੀ ਬੋਲਦਾ ਹੈ। ਪਰ ਲੁਕਵਾਂ ਧਰਾਤਲ ਚੁੱਪ-ਚਾਪ ਇਕ ਖਾਮੋਸ਼ੀ ਵਿਚ ਇਸਦੇ ਨਾਲ ਨਾਲ ਤੁਰਦਾ ਇਸਨੂੰ ਹਰ ਪੱਧਰ ਉਪਰ ਸੁਨੇਮਿਤ ਕਰਦਾ ਹੈ। ਉਪਰਲੀ ਪੱਧਰ ਨੂੰ ਅਸੀਂ ਚੇਤੰਨ ਪੱਧਰ ਕਹਿ ਸਕਦੇ ਹਾਂ ਤੇ ਲੁਕਵੀਂ ਪੱਧਰ ਨੂੰ ਅਵਚੇਤਨ ਪੱਧਰ ਕਹਿ ਸਕਦੇ ਹਾਂ ਇਸ ਤਰ੍ਹਾਂ ਇਸ ਧਾਰਨਾ ਵਿਚੋਂ ਜੋ ਗੱਲ ਸਾਹਮਣੇ ਆਉਂਦੀ ਹੈ ਉਹ ਇਹ ਕਿ ਭਾਸ਼ਾ ਦਾ ਹਰ ਉਚਾਰ ਭਾਸ਼ਾਈ ਅਵਚੇਤਨ ਦੁਆਰਾ ਸੂਤਿਆ ਬੋਧਿਆ ਹੁੰਦਾ ਹੈ। ਉਚਾਰ ਦੀ ਪੱਧਰ ਉਪਰ ਕਥਨ ਹੁੰਦਾ ਹੈ ਇਸ ਕਥਨ ਵਿਚ ਨਾਦ-ਵੇਦ ਹੁੰਦਾ ਹੈ। ਨਾਦ-ਵੇਦ ਦਾ ਪ੍ਰਪੰਚ ਹੁੰਦਾ ਹੈ, ਜਿਸਨੂੰ ਅਵਚੇਤਨ ਇਕ ਪ੍ਰਬੰਧ ਆਧਾਰੀ ਜ਼ਮੀਨ ਪ੍ਰਦਾਨ ਕਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਕਿਸੇ ਵੀ ਭਾਸ਼ਾਈ ਬਣਤਰ ਦੇ ਭਾਸ਼ਾਈ ਦ੍ਰਿਸ਼ਟੀ ਤੋਂ ਨੇਮ ਲੱਭਣ ਦੀ ਗੱਲ ਤੁਰਦੀ ਹੈ ਤਾਂ ਸਾਨੂੰ ਉਚਾਰ ਦੀ ਚੇਤੰਨ ਪੱਧਰ ਤੋਂ ਸ਼ੁਰੂ ਹੋ ਕੇ ਪ੍ਰਬੰਧ ਦੇ ਅਵਚੇਤਨ ਤੀਕ ਜਾਣਾ ਪੈਂਦਾ ਹੈ। ਇਸ ਪੱਧਰ ਤੀਕ ਸਫ਼ਰ ਕਰਨ ਵਾਲਾ ਵਿਅਕਤੀ ਇਹ ਜਾਣ ਜਾਂਦਾ ਹੈ ਕਿ ਭਾਸ਼ਾਈ ਪ੍ਰਬੰਧ ਵਿਚ ਵਿਆਕਰਣ ਬੁਨਿਆਦੀ ਹੈ ਤੇ ਇਹ ਵਿਆਕਰਣ ਭਾਸ਼ਾ ਦਾ ਅਵਚੇਤਨ ਹੈ। ਮਾਨਵੀ ਸਭਿਆਚਾਰ ਦੀਆਂ ਵੰਨ-ਸੁਵੰਨੀਆਂ ਸ਼ਬਦ-ਬਣਤਰਾਂ ਆਪਣੇ ਪ੍ਰਯੋਜਨ ਵਿਚ ਕਈ ਪਹਿਲੂਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਲ ਜਾ ਸਕਦੀਆਂ ਹਨ, ਪਰੰਤੂ ਭਾਸ਼ਾਈ ਅਵਚੇਤਨ ਉਨ੍ਹਾਂ ਵਿਚ ਇਕ ਗਹਿਨ ਸੰਰਚਨਾ ਵਾਂਗ ਤੇ ਇਕ ਨੇਮ ਮੂਲਕ ਵਿਨਿਆਸ ਵਾਂਗ ਸਦਾ ਕਾਇਮ ਰਹਿੰਦਾ ਹੈ ਅਤੇ ਕਾਰਜਸ਼ੀਲ ਰਹਿੰਦਾ ਹੈ। ਸਾਰੀਆਂ ਬਣਤਰਾਂ ਇਸ ਅਵਚੇਤਨੀ ਧਰਾਤਲ ਦੇ ਉਪਰ ਹੀ ਉਸਾਰੀਆਂ ਜਾਂਦੀਆਂ ਹਨ। ਅਸਲ ਵਿਚ ਜਦੋਂ ਮਨੋਵਿਗਿਆਨਕ ਅਵਚੇਤਨ ਦੀ ਗੱਲ ਚਲਦੀ ਹੈ ਤਾਂ ਉਸ ਵਿਚ ਪਹਿਲੀ ਪੱਧਰ ਉਤੇ ਵੇਦਨਾ ਦਾ ਪ੍ਰਤਿਕਰਮ ਜਾਗਦਾ ਹੈ। ਦੂਸਰੀ ਪੱਧਰ ਉਪਰ ਸੰਵੇਦਨਸ਼ੀਲ ਪ੍ਰਤਿਕ੍ਰਮ ਮਿਸ਼ਰਣ। ਪਰ ਜਦੋਂ ਅਜਿਹੇ ਪ੍ਰਾਣਧਾਰੀ ਸੱਥਲਾਂ ਤੋਂ ਉਪਰ ਉਠ ਕੇ ਸਭਿਆਚਾਰਕ ਪ੍ਰਸੰਗ ਵਿਚ ਪ੍ਰਵਿਸ਼ਟ ਕਰੀਦਾ ਹੈ ਅਤੇ ਜਿਉਂ ਹੀ ਸ਼ਬਦ ਇਨ੍ਹਾਂ ਨੂੰ ਆਪਣੀ ਪਕੜ ਵਿਚ ਲੈਂਦਾ ਹੈ ਸ਼ਬਦ ਸਭਿਆਚਾਰ ਦੇ ਅੰਤਰਗਤ ਇਕ ਤਾਂ ਪ੍ਰਤੀਕਾਤਮਕ ਪਾਸਾਰ ਖੁਲ੍ਹ ਜਾਂਦਾ ਹੈ ਅਤੇ ਦੂਸਰਾ ਭਾਸ਼ਾਈ ਅਵਚੇਤਨ ਬਣਨਾ ਸ਼ੁਰੂ ਹੋ ਜਾਂਦਾ ਹੈ। ਇਸਤੋਂ ਅੱਗੋਂ ਜਦੋਂ ਵੀ ਇਸ ਭਾਸ਼ਾਈ ਅਵਚੇਤਨ ਦੇ ਆਧਾਰ 'ਤੇ ਬਣਤਰਾਂ ਬਣਦੀਆਂ ਹਨ ਭਾਸ਼ਾਈ ਅਵਚੇਤਨ ਦੇ ਅਨੁਰੂਪ ਭਾਸ਼ਾ ਅਤਿਰਿਕਤ ਅਵਚੇਤਨ ਨਾਲੋ ਨਾਲ ਉਸਰਦੇ ਚਲੇ ਜਾਂਦੇ ਹਨ। ਕਈ ਵਾਰ ਆਧਾਰ 'ਤੇ ਉਸਾਰ ਦੀ ਦ੍ਰਿਸ਼ਟੀ ਤੋਂ ਮਾਨਵੀ ਸਮਾਜ ਵਿਚ ਆਰਥਕਤਾ ਦੀ ਗੱਲ ਕੀਤੀ ਜਾਂਦੀ ਹੈ। ਆਰਥਕਤਾ ਨੂੰ ਆਧਾਰ ਸੰਰਚਨਾ ਬਣਾ ਕੇ ਇਸਨੂੰ ਅਵਚੇਤਨ ਦੇ ਬਰਾਬਰ ਕੀਤਾ ਜਾਂਦਾ ਹੈ। ਅਤੇ ਉਸਾਰ ਨੂੰ ਇਸਦਾ ਸਿੱਧਾ ਪ੍ਰਤਿਬਿੰਬ ਖਿਆਲ ਕੀਤਾ ਜਾਂਦਾ ਹੈ ਪਰ ਪ੍ਰਤੀਕ ਪਾਸਾਰ ਦੇ ਖੁਲ੍ਹਣ ਨਾਲ ਤੇ ਭਾਸ਼ਾਈ ਅਵਚੇਤਨ ਦੇ ਅਵਿਸ਼ਕਰਣ ਨਾਲ ਇਹ ਧਾਰਨਾ ਸਾਹਮਣੇ ਆਈ ਹੈ ਕਿ ਅਰਥ ਬੋਧ ਤੇ ਸੁਨੇਮਣ ਦੇ ਸਾਰੇ ਧਰਾਤਲ ਭਾਸ਼ਾਈ ਅਵਚੇਤਨ ਦੁਆਰਾ ਹੀ ਪ੍ਰਵਿਸ਼ਟ ਕਰਦੇ ਹਨ। ਭਾਸ਼ਾਈ ਅਵਚੇਤਨ ਦੇ ਪੂਰਨਿਆਂ ਤੇ ਚਲਦਿਆਂ ਅਗੋਂ ਕਈ ਤਹਿਆਂ ਭਾਸ਼ਾ ਅਤਰਿਕਤ ਅਵਚੇਤਨ ਦੀਆਂ ਬਣਦੀਆਂ ਚਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਅਵਚੇਤਨ ਸਮੁੱਚੇ ਸਭਿਆਚਾਰ ਪ੍ਰਪੰਚ ਨੂੰ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਬੰਨ੍ਹ ਕੇ ਵੇਖਣ ਲਈ ਇਕ ਨਿਯਮਪੂਰਕ ਵਿਧੀ ਬਣ ਗਈ ਹੈ ਜੋ ਵਿਨਿਆਸ ਵਾਂਗ ਰਚਨਾ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਰਹਿੰਦੀ ਹੈ। ਇਹ ਵਿਨਿਆਸ ਦੋ ਖੰਡਾਂ ਵਿਚ ਵਿਚਰਦਾ ਹੈ ਇਕ ਖੰਡ ਵਿਆਪਕ ਹੈ ਦੂਸਰਾ ਵਿਸ਼ੇਸ। ਵਿਆਪਕ ਖੰਡ ਤਾਂ ਸਮੁੱਚੇ ਸਮਾਜ ਸਭਿਆਚਾਰ ਦੀਆਂ ਸਾਰਥਕ ਰੂੜ੍ਹੀਆਂ ਨੂੰ ਗਤੀਮਾਨ ਰਖਦਾ ਹੈ ਤੇ ਵਿਸ਼ੇਸ਼ ਖੰਡ ਵਿਸ਼ੇਸ਼ ਕ੍ਰਿਤੀ ਤੇ ਕਿਰਤ ਦੀ ਪ੍ਰਕਿਰਤੀ ਤੇ ਪ੍ਰਯੋਜਨ ਦੇ ਮੁਤਾਬਿਕ ਆਪਣਾ ਅਵਚੇਤਨ ਨਾਲੋ ਨਾਲ ਘੜਦਾ ਹੈ। ਜਿਵੇਂ ਜਿਵੇਂ ਕੋਈ ਰਚਨਾਕਾਰ ਕੋਈ ਰਚਨਾ ਰਚਦਾ ਹੈ ਤਿਵੇਂ ਤਿਵੇਂ ਉਹ ਇਕ ਵਿਸ਼ੇਸ਼ ਪ੍ਰਕਾਰ ਦੇ ਅਵਚੇਤਨ ਦੀ ਉਸਾਰੀ ਵੀ ਨਾਲੋ ਨਾਲ ਕਰਦਾ ਜਾਂਦਾ ਹੈ। ਇਥੇ ਇਹ ਵੀ ਯਾਦ ਰੱਖਣਯੋਗ ਹੈ ਕਿ ਅਵਚੇਤਨ ਕੋਈ ਪ੍ਰਦੱਤ ਨਹੀਂ ਸਗੋਂ ਇਹ ਵੀ ਘੜਿਆ ਜਾਂਦਾ ਹੈ।

ਅਵਚੇਤਨ ਦੀ ਇਸ ਭੂਮਕਾਈ ਵਿਆਖਿਆ ਨੂੰ ਨਾਲ ਲੈ ਕੇ ਜਦੋਂ ਅਸੀਂ ਭਾਈ ਵੀਰ ਸਿੰਘ ਕਾਵਿ ਵਿਚ ਪ੍ਰਵਿਸ਼ਟ ਕਰਦੇ ਹਾਂ ਤਾਂ ਸਾਨੂੰ ਕਈ ਪ੍ਰਕਾਰ ਦੀਆਂ ਨਵੀਆਂ ਗੱਲਾਂ ਦੀ ਉਪਲਬਧੀ ਹੁੰਦੀ ਹੈ ਪਰ ਇਨ੍ਹਾਂ ਗੱਲਾਂ ਨੂੰ ਪ੍ਰਸਤੁਤ ਕਰਨ ਲਈ ਸਭ ਤੋਂ ਪਹਿਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਸੰਘਣੇ ਸਮੀਖਿਆ ਪ੍ਰਪੰਚ ਵਿਚੋਂ ਲੰਘਣ ਦੀ ਜ਼ਰੂਰਤ ਹੈ ਜੋ ਭਾਈ ਵੀਰ ਸਿੰਘ ਕਾਵਿ ਦੇ ਇਰਦ ਗਿਰਦ ਖਿੱਲਰਿਆ ਹੋਇਆ ਹੈ। ਇਸ ਪ੍ਰਪੰਚ ਦੇ ਅੰਤਰਗਤ ਭਾਈ ਵੀਰ ਸਿੰਘ ਕੁਦਰਤ ਦਾ ਮਹਾਨ ਕਵੀ ਹੈ। ਸਿੰਘ ਸਭਾ ਲਹਿਰ ਦਾ ਪ੍ਰਚਾਰਕ ਹੈ। ਸਿੱਖੀ ਦੀ ਪੁਨਰ ਸੁਰਜੀਤੀ ਕਰਨ ਵਾਲਾ ਹੈ। ਅਤੇ ਸਿੱਖ ਰਹੱਸਵਾਦ ਨੂੰ ਆਪਣੀ ਨਵੀਂ ਵਿਆਖਿਆ ਰਾਹੀਂ ਅੱਗੇ ਤੋਰਨ ਵਾਲਾ ਹੈ ਆਦਿ ਪ੍ਰਸਤਾਵ ਆਮ ਤੌਰ ਤੇ ਦੁਹਰਾਏ ਜਾਂਦੇ ਹਨ। ਜੇ ਇਸ ਸਾਰੇ ਪ੍ਰਪੰਚ ਨੂੰ ਮਿਥ ਵੀ ਲਿਆ ਜਾਵੇ ਤਾਂ ਇਹ ਪਤਾ ਲੱਗੇਗਾ ਕਿ ਇਸ ਵਿਚ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਦੀ ਹੀ ਵਿਆਖਿਆ ਦੂਸਰੇ ਸ਼ਬਦਾਂ ਵਿਚ ਕਰ ਦਿੱਤੀ ਗਈ ਹੈ। ਇਸ ਵਿਆਖਿਆ ਵਿਚ ਉਸਤਤ ਦੇ ਅਧਿਆਇ ਵੀ ਹਨ ਤੇ ਨਿੰਦਾ ਦੇ ਵੀ। ਪਰ ਕੁੱਲ ਮਿਲਾ ਕੇ ਇਹ ਵਿਆਖਿਆ ਹੀ ਹੈ। ਇਸ ਤਰ੍ਹਾਂ ਅਜਿਹੀ ਵਿਆਖਿਆ ਨਾਲ ਹੁਣ ਤੀਕ ਭਾਈ ਵੀਰ ਸਿੰਘ ਕਾਵਿ ਸੰਬੰਧੀ ਕੋਈ ਐਸੇ ਸੂਤਰ ਨਿਸ਼ਚਿਤ ਨਹੀਂ ਹੋਏ ਜੋ ਭਾਈ ਵੀਰ ਸਿੰਘ ਕਾਵਿ-ਅਵਚੇਤਨੀ ਧਰਾਤਲ ਅਖਵਾ ਸਕਦੇ ਹੋਣ। ਭਾਈ ਵੀਰ ਸਿੰਘ ਕਾਵਿ ਦੇ ਅਵਚੇਤਨੀ ਧਰਾਤਲ ਨੂੰ ਨਿਸ਼ਚਿਤ ਕਰਨ ਲਈ ਜ਼ਰੂਰਤ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਦੇ ਚੇਤੰਨ ਪੱਧਰ ਤੋਂ ਅਵਚੇਤਨ ਪੱਧਰ ਵੱਲ ਜਾਣ ਦੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਜਦੋਂ ਅਸੀਂ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਭਾਈ ਵੀਰ ਸਿੰਘ ਸ਼ਬਦ ਤੋਂ ਸ਼ਬਦ ਦੀ ਯਾਤਰਾ ਕਰਨ ਵਾਲਾ ਕਵੀ ਹੈ। ਅਨੁਭਵ ਸੰਵੇਦਨਾਂ ਜਾਂ ਪ੍ਰਤੀਕਰਮ ਉਸਦੀ ਕਵਿਤਾ ਵਿਚ ਨਾ ਵਿਦਾ ਬਿੰਦੂ ਹੈ ਨਾ ਪਹੁੰਚ ਬਿੰਦੂ। ਅਸੀਂ ਉਸਦੀਆਂ ਕਵਿਤਾਵਾਂ ਵਿਚੋਂ ਮਿਸਾਲਾਂ ਲੈਂਦੇ ਹਾਂ। ਟੁਕੜੀ ਜਗ ਤੋਂ ਨਿਆਰੀ ਹੈ ਭਾਈ ਵੀਰ ਸਿੰਘ ਦੀ ਬੜੀ ਪ੍ਰਸਿੱਧ ਕਵਿਤਾ ਹੈ। ਇਸ ਕਵਿਤਾ ਵਿਚ ਭਾਈ ਵੀਰ ਸਿੰਘ ਅਰਸ਼ਾਂ ਤੋਂ ਅਰਸ਼ਾਂ ਤਕ ਦੀ ਯਾਤਰਾ ਕਰਦਾ ਹੈ ਪਰ ਉਸ ਵਿਚਕਾਰ ਕਸ਼ਮੀਰ ਦੀ ਸੁੰਦਰਤਾ ਦੇ ਸਾਰੇ ਨਜ਼ਾਰੇ ਖਿਲਾਰ ਦਿੰਦਾ ਹੈ। ਇਸ ਤਰ੍ਹਾਂ ਇਹ ਕਵਿਤਾ ਆਪਣੀ ਬਣਤਰ ਤੋਂ ਇੰਜ ਲਗਦੀ ਹੈ ਜਿਵੇਂ ਕਿਸੇ ਵਿਸ਼ਿਸ਼ਟ ਧਾਰਨਾ ਨੂੰ ਸਿੱਧ ਕਰ ਰਹੀ ਹੋਵੇ ਅਤੇ ਇਹ ਗੱਲ ਹੈ ਵੀ ਠੀਕ। ਵਿਸ਼ਿਸ਼ਟ ਧਾਰਨਾਂ ਨੂੰ ਸਰਲ ਢੰਗ ਨਾਲ ਸਿੱਧ ਕਰਨਾ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਇਕ ਵਿਸ਼ੇਸ਼ ਵਿਨਿਆਸ ਹੈ। ਸਾਡੇ ਅੱਜ ਦੇ ਸਾਹਿਤਕ-ਸਭਿਆਚਾਰ ਵਿਚ ਖਾਸ ਕਰਕੇ ਸਮੀਖਿਆ ਅਭਿਆਸ ਵਿਚ ਸੁਹਜ, ਵੇਦਨਾ, ਸੰਵੇਦਨਾ ਕੁਝ ਇਸ ਤਰ੍ਹਾਂ ਛਾ ਗਏ ਹਨ ਕਿ ਰਚੈਤਾ ਆਪਣਾ ਪੂਰਾ ਜ਼ੋਰ ਲਾ ਕੇ ਆਪਣੀ ਰਚਨਾ ਵਿਚੋਂ ਸੰਵੇਦਨਾ ਦਾ ਪ੍ਰਪੰਚ ਖਿਲਾਰਦਾ ਹੈ ਅਤੇ ਸਮੀਖਿਆਕਾਰ ਉਸੇ ਸੰਵੇਦਨਾਵੀ ਪ੍ਰਪੰਚ ਵਿਚੋਂ ਪੈਦਾ ਹੋਏ ਰਸ ਅਸਵਾਦਨ ਨੂੰ ਆਪਣੀ ਸਮੀਖਿਆ ਦਾ ਆਧਾਰ ਬਣਾ ਲੈਂਦਾ ਹੈ। ਅਜਿਹੇ ਮਾਹੌਲ ਵਿਚ ਮੋਹਨ ਸਿੰਘ, ਹਰਿਭਜਨ ਸਿੰਘ, ਸ਼ਿਵ ਕੁਮਾਰ, ਅੰਮ੍ਰਿਤਾ ਆਦਿ ਕਵੀ ਦੇ ਰੂਪ ਵਿਚ ਅਤਿਅੰਤ ਜੀਵਤ ਹੋ ਨਿਬੜਦੇ ਹਨ ਤੇ ਭਾਈ ਵੀਰ ਸਿੰਘ ਅਪ੍ਰਸੰਗਿਕ ਹੋ ਜਾਂਦਾ ਹੈ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕਵਿਤਾ ਵੀ ਬੁਨਿਆਦੀ ਤੌਰ ਤੇ ਇਕ ਭਾਸ਼ਾਈ ਬਣਤਰ ਹੈ ਅਤੇ ਇਸ ਭਾਸ਼ਾਈ ਵਿਨਿਆਸ ਦੇ ਆਧਾਰ ਉਪਰ ਆਪਣੇ ਵਿਸ਼ਿਸ਼ਟ ਵਿਨਿਆਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਾਰੀ ਕਰਨੀ ਹੁੰਦੀ ਹੈ। ਜਦੋਂ ਕਾਵਿ ਵੇਦਨਾ ਸੰਵੇਦਨਾ ਦੇ ਰਾਹ ਉਤੇ ਤੁਰ ਪੈਂਦਾ ਹੈ ਉਦੋਂ ਉਹ ਵਿਨਿਆਸ ਨੂੰ ਛੱਡ ਕੇ ਇਕ ਆਪਹੁਦਰੀ ਖੁਲ੍ਹ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਨਾਲ ਭਾਸ਼ਾਈ ਬਣਤਰ ਦਾ ਮੂਲ ਉਦੇਸ਼ ਹੱਥੋਂ ਜਾਂਦਾ ਰਹਿੰਦਾ ਹੈ। ਅਸਲ ਵਿਚ ਸਾਡੇ ਬਹੁਤੇ ਕਵੀ ਆਪਣੀ ਕਵਿਤਾ ਲਿਖਦੇ ਹੀ ਇਕ ਸੰਵੇਦਨਾਵੀ ਘੁਸਮੁਸੇ ਵਿਚੋਂ ਹਨ ਭਾਸ਼ਾਈ ਜਾਂ ਪ੍ਰਤੀਕ ਆਧਾਰੀ ਚੇਤਨਤਾ ਤੋਂ ਉਕਾ ਹੀ ਕੋਰੇ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਰਚਨਾ ਵਿਚ ਭਾਸ਼ਾ ਇਕ ਅਜਿਹਾ ਹਥਿਆਰ ਬਣਦੀ ਹੈ ਜੋ ਪ੍ਰਵਿਰਤੀਆਂ ਦਾ ਰਾਹ ਖੋਲ੍ਹਦੀ ਹੈ। ਭਾਈ ਵੀਰ ਸਿੰਘ ਅਜਿਹੇ ਸਾਰੇ ਸਿਰਜਨਾਤਮਕ ਤੇ ਸਮੀਖਿਆਤਮਕ ਮਾਹੌਲ ਤੋਂ ਵੱਖਰਾ ਹੈ ਤੇ ਵੱਖਰਾ ਵੀ ਇਸ ਗੱਲ ਵਿਚ ਹੈ ਕਿ ਉਹ ਆਪਣੀ ਹਰ ਗੱਲ ਨੂੰ ਇਕ ਸਰਲ ਪ੍ਰਸਤਾਵ ਦੇ ਰੂਪ ਵਿਚ ਪ੍ਰਸਤੁਤ ਕਰ ਸਕਣ ਵਿਚ ਨਿਪੁੰਨ ਹੈ। ਕਈ ਵਾਰ ਸਾਡੇ ਵਿਦਵਾਨ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਨੂੰ ਕਵਿਤਾਵਾਂ ਨਾ ਕਹਿ ਕੇ ਉਦਾਹਰਣ ਕਹਿ ਦਿੰਦੇ ਹਨ ਪਰ ਉਥੇ ਵੀ ਗੱਲ ਇਹੀ ਹੈ ਕਿ ਭਾਈ ਵੀਰ ਸਿੰਘ ਭਾਵੇਂ 'ਬਿਨਫਸ਼ੇ ਦਾ ਫੁੱਲ' ਲਿਖ ਰਿਹਾ ਹੋਵੇ, 'ਗੁਲਾਬ ਦਾ ਫੁੱਲ' ਰਚ ਰਿਹਾ ਹੋਵੇ ਜਾਂ 'ਕਿੱਕਰ' ਵਾਲੀ ਗੱਲ ਕਰ ਰਿਹਾ ਹੋਵੇ ਉਸਦੀ ਕਵਿਤਾ ਵਿਚ ਭਾਸ਼ਾਈ ਵਿਨਿਆਸ ਦੇ ਅਨੁਰੂਪ ਇਕ ਆਪਣੀ ਕਿਸਮ ਦਾ ਕਾਵਿ-ਵਿਨਿਆਸ ਕਾਰਜਸ਼ੀਲ ਰਹਿੰਦਾ ਹੈ। ਇਹ ਕਾਵਿ-ਵਿਨਿਆਸ ਬੁਨਿਆਦੀ ਤੌਰ ਤੇ ਤਾਂ ਸ਼ਬਦ ਦੁਆਰਾ ਨਿਯੰਤਰਿਤ ਹੁੰਦਾ ਹੈ ਪਰ ਇਸਦੀ ਹੋਰ ਉਘੜਵੀਂ ਵਿਆਖਿਆ ਲਈ ਇਹ ਵੀ ਕਿਹਾ ਜਾ ਸਕਦਾ ਹੈ ਕਿ ਰੂਪਕ, ਦ੍ਰਿਸ਼ਟਾਂਤ ਆਦਿ ਦੇ ਨਾਲ ਨਾਲ ਇਕ ਐਸੀ ਨਿਆਇਕ-ਬਣਤਰ ਵੀ ਹੁੰਦੀ ਹੈ ਜਿਸਨੂੰ ਭਾਈ ਵੀਰ ਸਿੰਘ ਕਦੀ ਵੀ ਛੱਡਣ ਲਈ ਤਿਆਰ ਨਹੀਂ ਹੁੰਦਾ। ਅਜਿਹੀ ਨਿਆਇਕ ਬਣਤਰ ਰਾਹੀਂ ਇਹ ਪ੍ਰਤੀਤ ਹੁੰਦਾ ਹੈ ਕਿ ਭਾਈ ਵੀਰ ਸਿੰਘ ਇਕ ਚੇਤੰਨ ਕਾਵਿ-ਨਿਰਮਾਤਾ ਹੈ। ਅਸੀਂ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਜਾਂ ਸ਼ਿਵ ਕੁਮਾਰ ਬਾਰੇ ਇਸ ਤਰ੍ਹਾਂ ਦੀ ਟਿੱਪਣੀ ਦੇਣ ਲੱਗਿਆ ਕਈ ਵਾਰ ਸੋਚਾਂਗੇ ਉਹ ਕਵੀ ਤਾਂ ਹਨ ਪਰ ਚੇਤੰਨ ਨਿਰਮਾਤਾ ਨਹੀਂ। ਚੇਤੰਨ ਨਿਰਮਾਤਾ ਹੋਣਾ ਆਪਣੇ ਆਪ ਵਿਚ ਆਪਣੇ ਵਿਨਿਆਸ ਨੂੰ ਆਪਣੇ ਅਧੀਨ ਕਰਨਾ ਹੁੰਦਾ ਹੈ। ਭਾਈ ਵੀਰ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਇਹ ਵੇਖਣ ਨੂੰ ਮਿਲੇਗਾ ਕਿ ਕਵਿਤਾ ਦੇ ਨਾਲ ਨਾਲ ਕਵਿਤਾ ਬਾਰੇ ਟਿੱਪਣੀ ਵੀ ਪ੍ਰਾਪਤ ਹੁੰਦੀ ਜਾਂਦੀ ਹੈ। ਕੁਝ ਕਵਿਤਾਵਾਂ ਭਾਈ ਵੀਰ ਸਿੰਘ ਦੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਉਸਨੇ ਇਕ ਸਿਧਾਂਤਕਾਰ ਦੀ ਦ੍ਰਿਸ਼ਟੀ ਤੋਂ ਆਪਣੇ ਰਚਨਾਂ-ਸਿਧਾਂਤਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਬਿਰਤੀ ਅਵਚੇਤ ਹੀ ਭਾਈ ਵੀਰ ਸਿੰਘ ਕਾਵਿ ਵਿਚ ਚਲਦੀ ਨਜ਼ਰ ਆਉਂਦੀ ਹੈ। ਭਾਈ ਵੀਰ ਸਿੰਘ ਆਪਣੀ ਇਕ ਨਜ਼ਮ ਵਿਚ ਲਿਖਦੇ ਹਨ :

ਮੈਂ ਪੱਥਰ ਸੁੱਖ ਨੀਂਦੇ ਸੁੱਤਾ
ਵਿਚ ਸੁਪਨੇ ਕੋਈ ਸੁਣਾਵੇ
ਬਣ ਸ਼ੀਸ਼ਾ ਕਰ ਦੂਰ ਹਨੇਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੈਨੂੰ ਚਾਨਣ ਆ ਗਲ ਲਾਵੇ
ਆ ਪਾਪੀ ਅੱਗ ਤਾਪ ਸਹਿ
ਬਣ ਸ਼ੀਸ਼ਾ ਨੂਰ ਮੈਂ ਪਾਇਆ
ਹੁਣ ਲੋਚਾਂ ਮੈਂ ਹੀਰਾ ਬਣਨਾ
ਤਾਂ ਜੋ ਜ਼ਰਬ ਨਾ ਕੋਈ ਆਵੇ ।

ਇਨ੍ਹਾਂ ਸਤਰਾਂ ਨੂੰ ਧਿਆਨ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਪੱਥਰ ਤੋਂ ਹੀਰੇ ਤਕ ਦਾ ਰੂਪਾਂਤਰਣ ਹੈ ਤੇ ਰਸਤੇ ਵਿਚ ਸ਼ੀਸ਼ਾ ਅਵਸਥਾ ਹੈ। ਸੁੱਖ ਨੀਂਦੇ ਸੁੱਤੇ ਪੱਥਰ ਦੀ ਅਵਸਥਾ ਚੇਤਨਤਾ ਰਹਿਤ ਲੋਕ ਦੀ ਅਵਸਥਾ ਹੈ ਅਤੇ ਆਪਣੀ ਜਹਾਲਤ ਦਾ ਹਨੇਰਾ ਦੂਰ ਕਰਕੇ ਵਿਹਾਜੀ ਚੇਤਨਤਾ ਦੀ ਵਿਵਸਥਾ ਸ਼ੀਸ਼ਾ ਅਵਸਥਾ ਹੈ। ਸ਼ੀਸ਼ਾ ਅਵਸਥਾ ਵਾਸਤਵਿਕਤਾ ਤੇ ਪ੍ਰਾਣਾਧਾਰੀ ਪ੍ਰਤਿਕਰਮ ਦੇ ਆਪਸੀ ਦਵੰਦ ਵਾਲੀ ਅਵਸਥਾ ਹੈ। ਇਸ ਤੋਂ ਅਗਲੀ ਅਵਸਥਾ ਜਿਸਨੂੰ ਭਾਈ ਵੀਰ ਸਿੰਘ ਨੇ ਹੀਰਾ ਅਵਸਥਾ ਕਿਹਾ ਹੈ ਉਹ ਗਿਆਨ ਅਵਸਥਾ ਹੈ ਜਿਥੇ ਪਹੁੰਚ ਕੇ ਮਨੁੱਖ ਬੱਜਰ ਵਾਸਤਵਿਕਤਾ, ਪ੍ਰਾਣਾਧਾਰੀ ਕ੍ਰਮ-ਪ੍ਰਤਿਕ੍ਰਮ ਆਦਿ ਨੂੰ ਉਲੰਘ ਜਾਂਦਾ ਹੈ। ਅਸਲ ਵਿਚ ਇਹ ਅਵਸਥਾ ਪ੍ਰਤੀਕ ਅਵਸਥਾ ਹੈ। ਅਜੋਕੇ ਮਨੋਵਿਗਿਆਨੀ, ਭਾਸ਼ਾ ਵਿਗਿਆਨੀ ਇਸ ਸਾਰੀ ਪ੍ਰਕਿਰਿਆ ਨੂੰ ਵਾਸਤਵਿਕਤਾ, ਕਲਪਨਾ ਤੇ ਪ੍ਰਤੀਕ ਪ੍ਰਕਿਰਿਆ ਕਹਿੰਦੇ ਹਨ। ਮਨੁੱਖ ਵਾਸਵਿਕਤਾ ਤੋਂ ਤੁਰ ਕੇ ਕਲਪਨਾ ਤਕ ਪੁੱਜਦਾ ਹੈ ਤਾਂ ਉਹ ਸਵੈ-ਚੇਤੰਨ ਹੋ ਜਾਂਦਾ ਹੈ। ਇਹ ਸਵੈ-ਚੇਤਨਤਾ ਉਸ ਦੀ ਨਿੱਜੀ ਪਛਾਣ ਨੂੰ ਨਿਸ਼ਚਤ ਕਰਦੀ ਉਸਨੂੰ ਆਪਣੇ ਆਪ ਨਾਲ ਜੋੜਦੀ ਹੈ ਪਰੰਤੂ ਇਸ ਅਵਸਥਾ ਵਿਚ ਕਈ ਤਰ੍ਹਾਂ ਦੇ ਭਰਮ ਭੁਲੇਵੇਂ ਤੇ ਭੁਲੇਖੇ ਪੈ ਜਾਂਦੇ ਹਨ ਤੇ ਵਿਅਕਤੀ ਇਨ੍ਹਾਂ ਵਿਚ ਉਲਝਦਾ ਹੈ ਪਰੰਤੂ ਇਸਤੋਂ ਅਗਲੀ ਅਵਸਥਾ ਪ੍ਰਤੀਕ ਦੀ ਹੈ ਜਿਸ ਉਤੇ ਪੁੱਜ ਕੇ ਮਨੁੱਖ ਵਾਸਤਵਿਕਤਾ ਤੇ ਕਲਪਨਾ ਦੀਆਂ ਸਾਰੀਆਂ ਮੂੰਹ ਜ਼ੋਰ ਤਰੰਗਾਂ ਨੂੰ ਇਕ ਸਾਰਥਕ ਅਨੁਸ਼ਾਸ਼ਨ ਵਿਚ ਬੰਨ੍ਹ ਕੇ ਵੇਖ ਸਕਣ ਦੇ ਯੋਗ ਹੋ ਜਾਂਦਾ ਹੈ। ਭਾਈ ਵੀਰ ਸਿੰਘ ਨੇ ਇਸ ਪ੍ਰਕਿਰਿਆ ਨੂੰ ਆਪਣੇ ਕਾਵਿ-ਅਵਚੇਤਨ ਵਿਚ ਵਿਸ਼ੇਸ਼ ਥਾਂ ਦਿੱਤੀ ਹੈ। ਬਹੁਤ ਵਾਰੀ ਇਹ ਪ੍ਰਕਿਰਿਆ ਉਸਨੇ ਪ੍ਰਤੀਕਾਤਮਕ ਪੈਰਾਡਾਈਮ ਵਿਚ ਸਮਝਾਈ ਹੈ ਪਰ ਕਈ ਥਾਈਂ ਇਸਦੀ ਪ੍ਰਸਤੁਤੀ ਪ੍ਰੇਮ ਤੇ ਰਹੱਸ ਦੇ ਅਰਥਾਂ ਵਿਚ ਵੀ ਕੀਤੀ ਹੈ। ਪ੍ਰੇਮ ਦੇ ਅਰਥਾਂ ਵਿਚ ਜਦੋਂ ਇਸਦੀ ਪ੍ਰਸਤੁਤੀ ਕੀਤੀ ਹੈ ਤਾਂ ਉਸਨੂੰ ਪ੍ਰਤੱਖ-ਦਰਸ਼ਨ ਦੀ ਅਕਾਂਕਸ਼ਾ ਤੋਂ ਲੈ ਕੇ ਪ੍ਰਬਲ ਯਾਦ ਤੀਕ ਤੇ ਫਿਰ ਨਾਮ ਤੀਕ ਲਿਆਂਦਾ ਗਿਆ ਹੈ। ਇਸ ਸੰਬੰਧ ਵਿਚ ਭਾਈ ਵੀਰ ਸਿੰਘ ਦੀ ਰਚਨਾ ਧਿਆਨਯੋਗ ਹੈ :

ਲੱਗੇ ਪਿਆਰ ਤਾਂ ਪਿਆਰੜਾ ਪਾਸ ਵੱਸੇ
ਕਦੇ ਅੱਖੀਆਂ ਤੋਂ ਨਾ ਹੋਏ ਉਹਲੇ।
ਕਦੇ ਅੱਖੀਆਂ ਤੋਂ ਜੇ ਹੋਏ ਉਹਲੇ,
ਸੂਰਤ ਉਸ ਦੀ ਦਿਲੋਂ ਨਾ ਹੋਏ ਉਹਲੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਤ ਉਸ ਦੀ ਦਿਲੋਂ ਜੇ ਹੋਏ ਉਹਲੇ,
ਨਾਮ ਜੀਭ ਤੋਂ ਕਦੇ ਨਾ ਹੋਏ ਉਹਲੇ ।
ਨਾਮ ਜੀਭ ਤੋਂ ਕਦੇ ਜੇ ਹੋਏ ਉਹਲੇ,
ਸੁਰਤਿ ਦੇਹ ਤੋਂ ਸ਼ਾਲਾ ਤਦ ਹੋਏ ਉਹਲੇ ।

ਇਨ੍ਹਾਂ ਪੰਕਤੀਆਂ ਵਿਚ ਪਹਿਲੀ ਪੱਧਰ ਤੇ ਦਰਸ਼ਨ ਦੀ ਤੀਬਰ ਇੱਛਾ ਹੈ ਦੂਜੀ ਪੱਧਰ ਉਤੇ ਸਿਮਰਤੀ ਤੇ ਕਲਪਨਾ ਹੈ । ਤੇ ਤੀਸਰੀ ਪੱਧਰ ਉਤੇ ਨਾਮ ਹੈ । ਸਪੱਸ਼ਟ ਹੈ ਪਹਿਲੀਆਂ ਦੋਵੇਂ ਪੱਧਰਾਂ ਪ੍ਰਾਣਾਧਾਰੀ ਤਰੰਗਾਂ ਤੇ ਉਨ੍ਹਾਂ ਦੀ ਕਲਪਨਾ ਉਪਰ ਆਧਾਰਿਤ ਹਨ ਅਤੇ ਨਾਮ ਇਨ੍ਹਾਂ ਨੂੰ ਉਲੰਘ ਕੇ ਸ਼ਬਦ ਤਥਾ ਪ੍ਰਤੀਕ ਪੱਧਰ ਵਲ ਜਾਣ ਦਾ ਉਪਰਾਲਾ ਹੈ । ਇਸ ਤੋਂ ਵੀ ਇਹ ਸੰਕੇਤ ਮਿਲਦਾ ਹੈ ਕਿ ਭਾਈ ਵੀਰ ਸਿੰਘ ਵਾਸਤਵਿਕਤਾ, ਕਲਪਨਾ ਤੇ ਪ੍ਰਤੀਕ ਨੂੰ ਪ੍ਰਕਿਰਿਆ ਵਜੋਂ ਆਪਣੇ ਨਾਲ ਲੈ ਕੇ ਤੁਰਦਾ ਹੈ ਤੇ ਸਾਰਥਕ ਪ੍ਰਾਪਤੀ ਦਾ ਰਾਜ਼ ਪ੍ਰਤੀਕੀ ਅਨੁਸ਼ਾਸ਼ਨ ਵਿਚ ਦੱਸਦਾ ਹੈ । ਅਸਲ ਵਿਚ ਇਹ ਸਾਰੀ ਪ੍ਰਕਿਰਿਆ ਗੈਰ-ਹਾਜ਼ਰੀ ਦੀ ਅਧਿਆਤਮਿਕਤਾ (mataphysics of absence) ਦੀ ਸਮੱਸਿਆ ਹੈ । ਇਸਨੂੰ ਭਾਈ ਵੀਰ ਸਿੰਘ ਆਪਣੀਆਂ ਪ੍ਰੇਮ ਤੇ ਰਹੱਸ ਦੋਹਾਂ ਤਰ੍ਹਾਂ ਦੀਆਂ ਕਵਿਤਾਵਾਂ ਵਿਚ ਹੋਰ ਤਰ੍ਹਾਂ ਪੇਸ਼ ਕਰਦਾ ਹੈ । 'ਅਣਡਿੱਠਾ ਰਸਦਾਤਾ' ਨਾਮੀ ਕਵਿਤਾ ਵਿਚ ਸਾਰੀ ਗੱਲ ਹਾਜ਼ਰੀ ਦੀ ਵਾਸਤਵਿਕਤਾ ਤੋਂ ਗੈਰ-ਹਾਜ਼ਰੀ ਦੀ ਅਧਿਆਤਮਕਤਾ ਤੱਕ ਦੀ ਹੈ । ਕਵਿਤਾ ਦਾ ਪਾਠ ਸਾਡੀ ਇਸ ਗੱਲ ਦਾ ਸਮਰਥਨ ਕਰਦਾ ਹੈ :

ਬੁੱਲ੍ਹਾਂ ਅੱਧ ਖੁੱਲ੍ਹਿਆਂ ਨੂੰ
ਹਾਇ ਮੇਰੇ ਬੁੱਲ੍ਹਾਂ ਅੱਧ ਮੀਟਿਆਂ ਨੂੰ
ਛੋਹ ਗਿਆ ਨੀ, ਲਗਾ ਗਿਆ ਨੀ
ਕੌਣ ਕੁਛ ਲਾ ਗਿਆ
ਹੋਈ ਹਾਂ ਸਵਾਦ ਸਾਰੀ
ਆਪੇ ਤੋਂ ਮੈਂ ਆਪ ਵਾਰੀ
ਐਸੀ ਰਸਭਰੀ ਹੋਈ
ਸੁਆਦ ਸਾਰੇ ਧਾ ਗਿਆ
ਹਾਇ ਦਾਤਾ ਦਿਸਿਆ ਨਾ
ਸੁਆਦ ਜਿਨ ਦਿੱਤਾ ਐਸਾ
ਦੇਂਦਾ ਰਸਦਾਨ ਦਾਤਾ
ਆਪਾ ਕਿਉਂ ਲੁਕਾ ਗਿਆ ।

ਇਸ ਤਰ੍ਹਾਂ ਇਸ ਕਵਿਤਾ ਵਿਚ ਪ੍ਰੇਮ ਸੰਬੰਧੀ ਪ੍ਰਾਣਾਧਾਰੀ ਪ੍ਰਤਿਕਰਮ ਵੀ ਮੌਜੂਦ ਹੈ ਅਤੇ ਨਾਲ ਹੀ ਗੈਰ-ਹਾਜ਼ਰੀ ਵੀ ਪਈ ਹੋਈ ਹੈ । ਜਿਸ ਗੱਲ ਉਤੇ ਜ਼ੋਰ ਹੈ ਉਹ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਸਰੀਰ ਵਿਚ ਪ੍ਰਾਣਾਧਾਰੀ ਪ੍ਰਤਿਕਰਮ ਛੇੜਨ ਵਾਲੀ ਧਿਰ ਦਾ ਰੂਪ ਹਾਜ਼ਰ ਨਹੀਂ। ਅਜਿਹੀ ਗੈਰ-ਹਾਜ਼ਰੀ ਨੂੰ ਦ੍ਰਿੜ੍ਹ ਕਰਨ ਵਾਲੀਆਂ ਕਈ ਕਵਿਤਾਵਾਂ ਹਨ। ਧਿਆਨ ਨਾਲ ਦੇਖਿਆ ਜਾਵੇ ਤਾਂ ਇਹ ਗੈਰ-ਹਾਜ਼ਰੀ ਦੇਹ ਜਾਂ ਸਰੀਰ ਦੀ ਗੈਰ-ਹਾਜ਼ਰੀ ਹੈ। ਦੇਹ ਜਾਂ ਸਰੀਰ ਦੀ ਗੈਰ-ਹਾਜ਼ਰੀ ਹੀ ਗਿਆਨ ਪਾਸਾਰ ਜਾਂ ਪ੍ਰਤੀਕ ਆਯਾਮ ਦੀ ਯਾਤਰਾ ਹੈ। ਇਸ ਤਰ੍ਹਾਂ ਭਾਈ ਵੀਰ ਨੇ ਪ੍ਰੇਮ ਤੇ ਰਹੱਸ ਨਾਲ ਸੰਬਧਿਤ ਕਵਿਤਾਵਾਂ ਵਿਚ ਪ੍ਰੇਮ ਦੇਣ ਵਾਲੇ ਕਿਰਦਾਰ ਨੂੰ ਗੈਰ-ਹਾਜ਼ਰ ਰੱਖਿਆ ਹੈ। ਇਹ ਭਾਈ ਵੀਰ ਸਿੰਘ ਦੀ ਜੁਗਤ ਹੈ। ਭਾਈ ਵੀਰ ਸਿੰਘ ਦੀ ਪ੍ਰਸਿੱਧ ਰਚਨਾ 'ਰਾਣਾ ਸੂਰਤ ਸਿੰਘ' ਜਿਸ ਵਿਚ ਰਾਣਾ ਸੂਰਤ ਸਿੰਘ ਆਦਿ ਤੇ ਅੰਤ ਤਕ ਪ੍ਰਲੋਕਗਾਮੀ ਹੈ, ਗੈਰ-ਹਾਜ਼ਰ ਹੈ। ਗੈਰ-ਹਾਜ਼ਰੀ ਨਾਲ ਭਾਈ ਵੀਰ ਸਿੰਘ ਨੇ ਅਜਿਹੇ ਆਦਰਸ਼ ਆਯਾਮ ਜੋੜ ਦਿੱਤੇ ਹਨ ਜੋ ਉਸਨੂੰ ਗਿਆਨ ਸੰਪੰਨ ਪ੍ਰਤੀਕ ਹੀ ਸਿੱਧ ਕਰਦੇ ਹਨ ਤੇ ਰਾਣੀ ਰਾਜ ਕੌਰ ਆਪਣੀਆਂ ਸਾਰੀਆਂ ਵਾਸਤਵਿਕ ਮਜਬੂਰੀਆਂ, ਸਰੀਰਕ ਲੋੜਾਂ, ਵੇਦਨਾਵੀ ਤੇ ਸੰਵੇਦਨਾਵੀ ਤਰੰਗਾਂ ਸਮੇਤ ਉਸ ਮਨੁੱਖ ਦੀ ਪ੍ਰਤਿਨਿਧਤਾ ਕਰਦੀ ਹੈ ਜੋ ਕਲਪਨਾਵੀ ਭਰਮ ਭੁਲੇਖਿਆਂ ਵਿਚ ਪਿਆ ਇਸ ਗੈਰ-ਹਾਜ਼ਰ ਪ੍ਰਤੀਕ ਦੀ ਪ੍ਰਾਪਤੀ ਵਲ ਵਧ ਰਿਹਾ ਹੈ।

ਇਉਂ ਭਾਈ ਵੀਰ ਸਿੰਘ ਦੀ ਕਵਿਤਾ ਦੇ ਅਵਚੇਤਨ ਸੰਬੰਧੀ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਵਿਚ ਇਕ ਤਾਂ ਭਾਈ ਵੀਰ ਸਿੰਘ ਨੇ ਪੰਜਾਬੀ ਭਾਸ਼ਾ ਦੇ ਵਿਨਿਆਸ ਨੂੰ ਵਰਤਿਆ ਹੈ ਤੇ ਦੂਸਰਾ ਸਿੱਖ ਸੰਸਕ੍ਰਿਤੀ ਤੇ ਪਰੰਪਰਾ ਦੇ ਵਿਨਿਆਸ ਨੂੰ ਪ੍ਰਯੋਗ ਵਿਚ ਲਿਆਂਦਾ ਹੈ ਤੇ ਤੀਸਰਾ ਉਸ ਨੇ ਚੇਤੰਨ ਰਚੈਤਾ ਵਜੋਂ ਆਪਣੀ ਹਰ ਕਾਵਿ ਰਚਨਾ ਨੂੰ ਗਣਿਤਾਤਮਕ ਬਣਤਰ ਵਾਂਗ ਪ੍ਰਸਤੁਤ ਕੀਤਾ ਹੈ ਅਤੇ ਇਸ ਤਰ੍ਹਾਂ ਸੰਵੇਦਨਾਵੀ ਰੰਗ-ਤਰੰਗਾਂ ਨੂੰ ਆਪਣੀ ਚੇਤੰਨ ਨਿਰਮਾਤਾ ਦੀ ਸੂਝ ਦੇ ਆਧਾਰ ਤੇ ਇਕ ਪਾਸੇ ਰੱਖਿਆ ਹੈ ਇਸ ਤੋਂ ਉਪਰੰਤ ਭਾਈ ਵੀਰ ਸਿੰਘ ਨੇ ਆਪਣੇ ਚੇਤੰਨ ਕਵੀ ਦਾ ਸਬੂਤ ਇਸ ਗੱਲ ਵਿਚ ਵੀ ਦਿੱਤਾ ਹੈ ਕਿ ਉਸ ਨੇ ਆਪਣੀ ਕਵਿਤਾ ਦੇ ਅੰਤਰਗਤ ਇਕ ਨਿਰੰਤਰ ਨਿਰਮਾਣ ਪ੍ਰਕਿਰਿਆ ਚਲਾਈ ਹੈ। ਇਹ ਨਿਰਮਾਣ ਪ੍ਰਕਿਰਿਆ ਵਾਸਤਵਿਕਤਾ, ਕਲਪਨਾ ਤੇ ਪ੍ਰਤੀਕ ਦੇ ਆਪਸੀ ਸੰਬੰਧਾਂ ਉੱਤੇ ਆਧਾਰਿਤ ਹੈ। ਇਸ ਦੀ ਮਦਦ ਨਾਲ ਭਾਈ ਵੀਰ ਸਿੰਘ ਪ੍ਰਤੱਖ ਪ੍ਰਪੰਚ ਤੋਂ ਪ੍ਰੋਖ ਗਿਆਨ ਦੇ ਸਥਲਾਂ ਦਾ ਸਫ਼ਰ ਕਰਦਾ ਹੈ। ਇਹ ਸਾਰੇ ਭਾਈ ਵੀਰ ਸਿੰਘ ਦੀਆਂ ਆਪਣੀਆਂ ਬਣਤਰੀ ਲੋੜਾਂ ਦੇ ਮੁਤਾਬਿਕ ਸਿਰਜੇ ਗਏ ਵਿਨਿਆਸ ਹਨ ਜੋ ਪੰਜਾਬ ਦੇ ਭਾਸ਼ਾਈ ਵਿਨਿਆਸ ਦੇ ਐਨ ਅਨੁਰੂਪ ਹਨ। ਇਸੇ ਦਿਸ਼ਾ ਵਿਚ ਭਾਈ ਵੀਰ ਸਿੰਘ ਦੇ ਕਾਵਿ-ਅਵਚੇਤਨ ਨੂੰ ਨਿਸ਼ਚਿਤ ਕੀਤਾ ਜਾ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਣਾ ਸੂਰਤ ਸਿੰਘ : ਥੀਮਿਕ ਅਧਿਐਨ

ਭਾਈ ਵੀਰ ਸਿੰਘ ਵੀਹਵੀ ਸਦੀ ਵਿਚ ਸਿੱਖ ਪੁਨਰ ਸਥਾਪਤੀ ਦੀ ਪ੍ਰਮਾਣਕ ਵਿਆਖਿਆ ਕਰਨ ਵਾਲਾ ਸਾਹਿਤਕਾਰ ਹੋਇਆ ਹੈ। ਇਹ ਪ੍ਰਸਤਾਵ ਭਾ. ਵੀਰ ਸਿੰਘ ਦੀਆਂ ਸਾਰੀਆਂ ਰਚਨਾਵਾਂ ਵਿਚ ਵੱਖੋ ਵੱਖਰੇ ਗਿਆਨ ਧਰਾਤਲਾਂ ਤੇ ਦ੍ਰਿਸ਼ਟੀ ਬਿੰਦੂਆਂ ਉਪਰ ਕਾਰਜਸ਼ੀਲ ਨਜ਼ਰ ਆਉਂਦਾ ਹੈ। ਉਸ ਦੀਆਂ ਕਾਵਿ-ਰਚਨਾਵਾਂ ਤੇ ਗਲਪ ਰਚਨਾਵਾਂ — ਸਾਰੀਆਂ ਹੀ ਇਸੇ ਪ੍ਰਸਤਾਵ ਦੀ ਵਿਆਪਕਤਾ ਦੇ ਆਧਾਰ ਉਪਰ ਖੜ੍ਹੀਆਂ ਹਨ। ਇਕ ਤਰ੍ਹਾਂ ਨਾਲ ਅਸੀਂ ਇਸ ਪ੍ਰਸਤਾਵ ਨੂੰ ਭਾਈ ਵੀਰ ਸਿੰਘ ਦੀਆਂ ਸਾਹਿਤਕ ਰਚਨਾਵਾਂ ਦਾ ਥੀਮਿਕ ਪੈਰਾਡਾਈਮ ਕਹਿ ਸਕਦੇ ਹਾਂ। ਇਸ ਪੈਰਾਡਾਈਮ ਨੂੰ ਭਾਈ ਵੀਰ ਸਿੰਘ ਨੇ ਕਈ ਥਾਈਂ ਸਿੱਧਾ ਹੀ ਕਥਨ ਤੇ ਸੰਕਲਪਾਂ ਦੀ ਪੱਧਰ ਉਪਰ ਪੇਸ਼ ਕੀਤਾ ਹੈ ਅਤੇ ਕਈ ਥਾਈਂ, ਉਸ ਨੇ ਉਸ ਦੀ ਅਭਿਵਿਅਕਤੀ ਨੂੰ ਗਲਪੀ ਪ੍ਰਬੰਧ ਦਾ ਰੂਪ ਵੀ ਦਿੱਤਾ ਹੈ। ਗਲਪੀ ਪ੍ਰਬੰਧ ਦਾ ਰੂਪ ਅਧਿਕਤਰ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ, ਚਮਤਕਾਰਾਂ ਆਦਿ ਵਿਚ ਪੇਸ਼ ਕੀਤਾ ਹੈ ਅਤੇ ਵਿਸ਼ੁਧ ਸੰਕਲਪੀ ਵਿਆਖਿਆ ਉਸ ਨੇ ਆਪਣੀਆਂ ਛੋਟੇਰੀਆਂ ਕਵਿਤਾਵਾਂ ਵਿਚ ਪੇਸ਼ ਕੀਤੀ ਹੈ। 'ਰਾਣਾ ਸੂਰਤ ਸਿੰਘ' ਵਿਚ ਉਸ ਨੇ ਆਪਣੀਆਂ ਇਨ੍ਹਾਂ ਦੋਹਾਂ ਸੰਗਠਨੀ ਜੁਗਤਾਂ ਨੂੰ ਨਾਲ ਰਖਦਿਆਂ, ਇਸ ਵਿਚ ਰਹੱਸ ਸੰਪੰਨ ਸੰਵੇਦਨਾਂ ਦੇ ਅਨੁਭਵ ਨੂੰ ਵੀ ਨਾਲ ਜੋੜ ਦਿੱਤਾ ਹੈ। ਇਸ ਤਰ੍ਹਾਂ, 'ਰਾਣਾ ਸੂਰਤ ਸਿੰਘ', ਇਕ ਤੀਹਰੇ ਪਿੰਡੇ ਵਾਲੀ ਬਿਰਤਾਂਤਕ ਕਾਵਿ-ਰਚਨਾ ਬਣਦੀ ਹੈ। ਇਸ ਕਾਵਿ ਰਚਨਾ ਦੀ ਸਿੱਧੀ, ਨਿਰੰਤਰ ਤੇ ਪ੍ਰਤੱਖ ਵਿਧੀ ਬਿਰਤਾਂਤਕ ਹੈ। ਇਹ ਬਿਰਤਾਂਤਿਕਤਾ, ਸੰਵੇਦਨਸ਼ੀਲ ਰਾਣੀ ਰਾਜ ਦੀ ਆਪਣੇ ਵਿਛੜੇ ਪਤੀ ਦੀ ਤੜਪਨ ਤੋਂ ਸ਼ੁਰੂ ਹੋ ਕੇ ਕਈ ਪ੍ਰਕਾਰ ਦੀਆਂ ਜਟਿਲ ਪ੍ਰਕਿਰਿਆਵਾਂ ਵਿਚੋਂ ਲੰਘਦੀ ਹੋਈ, ਸਤਿਸੰਗ ਪ੍ਰਾਪਤੀ ਤੀਕ ਪੁੱਜਦੀ ਹੈ। ਇਸ ਤਰ੍ਹਾਂ ਇਹ ਕਥਾ-ਬਿਰਤਾਂਤ ਰਤਾ-ਕੁ ਡੂੰਘੀ ਦ੍ਰਿਸ਼ਟੀ ਨਾਲ ਵੇਖਿਆਂ, ਅਗਿਆਨ ਤੋਂ ਗਿਆਨ ਤਕ ਦੀ ਤਪੱਸਿਆ ਨੂੰ ਪ੍ਰਸਤੁਤ ਕਰਨ ਵਾਲੀ ਰਚਨਾ ਬਣ ਨਿਬੜਦਾ ਹੈ। ਇਸ ਤੋਂ ਉਪਰੰਤ ਇਸ ਰਚਨਾ ਦੀ ਦੂਸਰੀ ਵਿਧੀ, ਇਸ ਵਿਚਲੀ ਗਲਪਾਤਮਕ ਕਲਪਨਾ ਹੈ, ਜਿਸ ਰਾਹੀਂ ਭਾਈ ਵੀਰ ਸਿੰਘ ਪ੍ਰਕਿਰਤੀ ਦੇ ਭਰਵੇਂ ਦ੍ਰਿਸ਼ਾਂ ਦੀ ਪਿੱਠ-ਭੂਮੀ ਵਿਚ

CC-0. In Public Domain. Gurukul Kangri Collection, Haridwar

ਆਪਣੀ ਗਲਪ ਕਲਪਨਾ ਤੇ ਸੰਕਲਪਨਾ ਨੂੰ ਸਮੂਰਤ ਪ੍ਰਤੱਖ ਦੀ ਪੱਧਰ ਉਪਰ ਉਘਾੜਦਾ
Digitized by Arya Samaj Foundation Chennai and eGangotri
ਹੈ। ਇਹ ਪੱਧਰ ਭਾਈ ਵੀਰ ਸਿੰਘ ਦੇ ਗਲਪ ਦੀ ਸਾਖ ਭਰਨ ਦੇ ਨਾਲ ਨਾਲ, ਉਸ ਦੀ ਕਾਵਿ-ਸੰਵੇਦਨਾਂ ਦੀ ਗਵਾਹੀ ਵੀ ਭਰਦੀ ਹੈ। ਇਸ ਤੋਂ ਅਗਲੀ ਪੱਧਰ ਜਾਂ ਵਿਧੀ ਵਿਆਖਿਆ ਦੀ ਹੈ। ਇਸ ਦੀ ਮੱਦਦ ਨਾਲ ਭਾਈ ਵੀਰ ਸਿੰਘ ਬਿਰਤਾਂਤਕ ਨਿਰੰਤਰਤਾ ਤੇ ਗਲਪੀ ਬਿੰਬ ਨੂੰ ਥਾਂ ਪਰ ਥਾਂ ਤੋੜ ਕੇ, ਰਚਨਾ ਦੇ ਕੇਂਦਰੀ ਥੀਮ ਨੂੰ ਉਘਾੜਨ ਦਾ ਯਤਨ ਕਰਦਾ ਹੈ। ਇਸ ਕੰਮ ਲਈ ਭਾਈ ਵੀਰ ਸਿੰਘ ਨੇ ਗੁਰਬਾਣੀ ਸੰਸਕ੍ਰਿਤੀ ਦੀ ਭਾਸ਼ਾ ਨੂੰ ਵਿਸ਼ੇਸ਼ ਤੌਰ ਤੇ ਵਰਤਿਆ ਹੈ। ਭਾਈ ਵੀਰ ਸਿੰਘ ਨੇ ਆਦਿ ਗ੍ਰੰਥ ਦੀ ਬਾਣੀ ਵਿਚੋਂ ਪ੍ਰਤਿਨਿਧ ਸ਼ਬਦਾਂ, ਸ਼ਲੋਕਾਂ ਤੇ ਟੂਕਾਂ ਨੂੰ ਚੁਣ ਲਿਆ। ਇਹ ਟੂਕਾਂ ਆਮ ਕਰ ਕੇ ਦੋ ਤਰ੍ਹਾਂ ਦੀਆਂ ਹਨ। ਇਕ ਤਾਂ ਅਜਿਹੀਆਂ ਹਨ, ਜੋ ਪ੍ਰਗੀਤਕ ਸੰਵੇਦਨਾ ਨਾਲ ਭਰਪੂਰ ਪ੍ਰੇਮ ਭਾਵਨਾ ਨੂੰ ਉਜਾਗਰ ਕਰਦੀਆਂ ਹਨ ਤੇ ਦੂਸਰੀਆਂ ਉਹ ਜੋ ਵਿਸ਼ੁੱਧ ਦਾਰਸ਼ਨਿਕਤਾ ਦੀ ਪੱਧਰ ਉਪਰ ਸੰਵੇਦਨਾ ਪਾਰ ਦੀ ਸੰਕਲਪਨਾ ਨੂੰ ਸੁਗਠਿਤ ਕਰਦੀਆਂ ਹਨ। ਇਨ੍ਹਾਂ ਦੋਹਾਂ ਵਿਚ ਭਾਈ ਵੀਰ ਸਿੰਘ ਕਾਰਣਯੁਕਤ ਨਿਰੰਤਰਤਾ ਵਾਲਾ ਸੰਬੰਧ ਬਣਾਉਂਦਾ ਹੈ; ਇਹ ਸੰਬੰਧ ਬੱਜਰ ਯਥਾਰਥ, ਸੰਵੇਦਨਸ਼ੀਲ ਕਲਪਨਾ ਤੇ ਪ੍ਰਤੀਕ ਪਾਸਾਰੀ ਸੰਕਲਪਨਾ ਨੂੰ ਅਗਿਆਨ ਤੋਂ ਗਿਆਨ ਤਕ ਦੀ ਯਾਤਰਾ ਵਿਚ ਸਪੱਸ਼ਟ ਕਰਦਾ ਹੈ। 'ਰਾਣਾ ਸੂਰਤ ਸਿੰਘ,' ਜਿਸ ਨੂੰ ਭਾਈ ਵੀਰ ਸਿੰਘ ਨੇ ਸਿਖ ਸੰਸਕ੍ਰਿਤੀ ਦੇ ਸਾਰੇ ਗੁਣਾਂ ਨਾਲ ਸੰਪੰਨ ਕਰ ਕੇ ਪ੍ਰਲੋਕ ਵਿਚ ਵਸਦੇ ਇਕ ਅਦ੍ਰਿਸ਼ਟ ਆਦਰਸ਼ ਦਾ ਰੂਪ ਦੇ ਦਿੱਤਾ। ਰਾਣੀ ਰਾਜ ਕੌਰ, ਇਸ ਆਦਰਸ਼ ਦੀ ਹਕੀਕਤ ਨੂੰ ਜਾਣਨ ਤੇ ਇਸ ਨਾਲ ਅਭੇਦ ਹੋਣ ਦੇ ਯਤਨ ਪ੍ਰਯਤਨ ਕਰਦੀ ਹੈ। ਭਾਈ ਵੀਰ ਸਿੰਘ ਨੇ ਰਾਣੀ ਰਾਜ ਤੇ ਰਾਣਾ ਸੂਰਤ ਸਿੰਘ ਦੇ ਵਿਰੋਧ ਲਿੰਗਿਤ ਸੰਬੰਧਾਂ ਨੂੰ ਧਿਆਨ ਵਿਚ ਰੱਖਦਿਆਂ, ਇਸ ਸੰਕਲਪਨਾ ਨੂੰ ਪ੍ਰੇਮ-ਅਨੁਭਵ ਕਿਹਾ ਹੈ। ਇਸ ਪ੍ਰੇਮ-ਅਨੁਭਵ ਨੂੰ ਭਾਈ ਵੀਰ ਸਿੰਘ ਨੇ ਦੁਜੈਲੀ ਸਿਰਜਨਾ ਦੇ ਮਾਡਲ ਵਾਂਗ ਵਰਤਦਿਆਂ, ਨਿਰਗੁਣੀ ਅਧਿਆਤਮਕਤਾ ਦਾ ਮਾਧਿਅਮ ਬਣਾਇਆ ਹੈ। ਇਸ ਸੰਬੰਧ ਵਿਚ ਭਾਈ ਵੀਰ ਸਿੰਘ ਦੇ ਆਪਣੇ ਸ਼ਬਦ, ਰਚਨਾ ਦੀ ਉਥਾਨਕਾ ਵਿਚ ਇਸ ਪ੍ਰਕਾਰ ਹਨ :

> ਇਸ ਦਿਸਦੇ ਵਸਦੇ ਸੰਸਾਰ ਵਿਚ ਪ੍ਰੇਮ ਇਕ ਅਜਿਹੀ ਝਰਨਾਟ ਹੈ; ਜੋ ਕਿਸੇ ਅਣਦਿਸਦੇ ਨਕਸ਼ੇ ਦੀਆਂ ਖੋਹਾਂ ਪਾਉਂਦੀ ਹੈ। ਇਹ ਕੋਈ ਅਜਿਹੀ ਖਿਚ ਹੈ, ਜੋ ਸਾਰੇ ਦਿਸਦੇ ਤੋਂ ਉਪਰ ਕਿਸੇ ਅਲੌਕਿਕਤਾ ਵੱਲ ਲੈ ਜਾਂਦੀ ਹੈ।.........। ਇਹ ਕੋਈ ਐਸੀ ਰਸਾਇਣ, ਕੋਈ ਐਸੀ ਕਾਇਆਂ ਕਲਪ ਬਿਜਲੀ ਸ਼ਕਤੀ ਹੈ, ਕਿ ਰੂਪ ਤੋਂ ਅਰੂਪ ਤੇ ਅਰੂਪ ਤੋਂ ਰੂਪ ਨਕਸ਼ੇ ਪਲਟਣੇ ਇਸ ਦੇ ਸੁਭਾਵਿਕ ਚਮਤਕਾਰੇ ਹਨ। ਅਸਲ ਵਿਚ ਇਹ ਸਾਰੇ ਪਸਾਰੇ ਦੀ ਕੁੰਜੀ ਹੈ; ਜੋ ਦਿਸਦੇ ਦੇ ਮਗਰ ਬੈਠੀ ਤੇ ਸਤਿ ਸਰੂਪ ਹਸਤੀ ਦਾ ਪਤਾ ਦੇਂਦੀ ਤੇ ਉਸ ਤਕ ਲੈ ਜਾਂਦੀ ਹੈ।

ਇਨ੍ਹਾਂ ਸਤਰਾਂ ਵਿਚ ਇਕ ਤਰ੍ਹਾਂ ਨਾਲ ਭਾਈ ਵੀਰ ਸਿੰਘ ਆਪਣੀ ਇਸ ਰਚਨਾ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੁੱਚੀ ਥੀਮ ਦੇ ਬਹੁ ਆਯਾਮੀ ਪਹਿਲੂਆਂ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦੇਂਦਾ ਹੈ। ਇਸ ਤਰ੍ਹਾਂ ਇਸ ਟੂਕ ਨੂੰ ਧਿਆਨ ਵਿਚ ਰਖਿਆਂ ਜਦੋਂ ਅਸੀਂ 'ਰਾਣਾ ਸੂਰਤ ਸਿੰਘ' ਦੇ ਸਮੁੱਚੇ ਪਾਠ-ਪ੍ਰਬੰਧ ਦਾ ਅਧਿਐਨ ਕਰਦੇ ਹਾਂ ਤਾਂ ਇਹ ਪਤਾ ਲੱਗਦਾ ਹੈ ਕਿ ਇਸੇ ਮੂਲ ਪ੍ਰਸਤਾਵ ਦੀ ਵਿਆਖਿਆ ਤੇ ਸਿੱਧੀ ਹੀ ਇਸ ਵਿਚ ਪੇਸ਼ ਕੀਤੀ ਗਈ। ਇਸ ਸਾਰੀ ਚਰਚਾ ਤੋਂ ਅਸੀਂ ਜਿਹੜੀ ਵਿਸ਼ੇਸ਼ ਗੱਲ ਉਘਾੜਨਾ ਚਾਹੁੰਦੇ ਹਾਂ, ਉਹ ਇਹ ਹੈ ਕਿ ਭਾਈ ਵੀਰ ਸਿੰਘ ਇਕ ਪ੍ਰਤੀਬੱਧ ਲੇਖਕ ਹੋਣ ਦੇ ਨਾਤੇ ਆਪਣੇ ਥੀਮਿਕ ਆਦਰਸ਼ਾਂ ਤੇ ਸੰਰਚਨਾਵੀ ਜੁਗਤਾਂ ਸੰਬੰਧੀ ਪੂਰੀ ਤਰ੍ਹਾਂ ਚੇਤੰਨ ਕਲਾਕਾਰ ਹੈ। ਅਜਿਹੇ ਕਲਾਕਾਰ ਸਦਾ ਹੀ ਸੰਵੇਦਨਾ ਵੀ ਪ੍ਰਤੱਖ ਨੂੰ ਆਪਣੇ ਬੌਧਿਕ ਜੁਗਤ ਵਿਧਾਨ ਦੇ ਅਧੀਨ ਰੱਖਦੇ ਹਨ; ਇਸੇ ਲਈ ਬਹੁਤ ਵਾਰੀ ਇਹ ਹੁੰਦਾ ਹੈ, ਕਿ ਐਸੇ ਕਲਾਕਾਰਾਂ ਵਿਚ ਭਾਵੁਕ ਜਟਿਲਤਾ ਦੀ ਮਾਤਰਾ ਘਟਦੀ ਚਲੀ ਜਾਂਦੀ ਹੈ ਅਤੇ ਪ੍ਰਸਤਾਵੀ ਸੰਕਲਪ ਇਕ ਗਣਿਤਾਤਮਕ ਸਰਲਤਾ ਵਿਚ ਸੁਗਠਿਤ ਸਾਹਮਣੇ ਆ ਜਾਂਦਾ ਹੈ। 'ਰਾਣਾ ਸੂਰਤ ਸਿੰਘ' ਭਾਵੇਂ ਲਗਭਗ 250 ਪੰਨਿਆਂ ਦੀ ਲੰਬੀ ਕਥਾ ਹੈ; ਪਰ ਇਸ ਕਥਾ ਵਿਚ ਇਸ ਦੀ ਨਿਰੰਤਰਤਾ ਨੂੰ ਭੰਗ ਕਰ ਕਰ ਕੇ, ਇਕ ਅਤਿਅੰਤ ਸੂਤ੍ਰਿਤ ਵਿਧਾਨ ਬਾਰ ਬਾਰ ਸਾਹਮਣੇ ਆਉਂਦਾ ਹੈ। ਇਹ ਜੁਗਤ-ਵਿਧਾਨ ਜਿਵੇਂ ਕਿ ਅਸੀਂ ਪਹਿਲਾਂ ਵੀ ਸਪੱਸ਼ਟ ਕਰ ਚੁੱਕੇ ਹਾਂ—ਅਗਿਆਨ ਤੋਂ ਗਿਆਨ ਤਕ ਦੀ ਸਾਧਨਾ ਨੂੰ ਪੇਸ਼ ਕਰਦਾ ਹੈ। ਪਰ ਇਸ ਪੇਸ਼ਕਾਰੀ ਵਿਚ ਇਸ ਦੀ ਥੀਮਿਕ ਸਾਰਥਕਤਾ, ਨਾਲੋਂ ਇਸ ਦਾ ਜੁਗਤ-ਵਿਵੇਕ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਕਿਉਂਕਿ ਜੁਗਤ ਵਿਵੇਕ ਦੁਆਰਾ ਹੀ ਸਾਰੀ ਰਚਨਾ ਦਾ ਬਾਣਨੂੰ ਬਝਦਾ ਹੈ ਤੇ ਅੰਤਿਮ ਪ੍ਰਸਤਾਵ ਵਜੋਂ ਇਸ ਦੀ ਥੀਮਿਕ ਦ੍ਰਿਸ਼ਟੀ ਉਘੜਦੀ ਹੈ। ਇਸ ਜੁਗਤ ਵਿਵੇਕ ਵਿਚ, ਸਭ ਤੋਂ ਪਹਿਲੀ ਪੱਧਰ ਰਾਣੀ ਰਾਜ ਦੀ ਆਪਣੇ ਲੋਪ ਹੋ ਚੁੱਕੇ ਪਤੀ ਦੇ ਮਿਲਾਪ ਲਈ ਬਿਹਬਲ ਤੇ ਤੜਪਨ ਹੈ। ਇਸ ਨੂੰ ਭਾਈ ਵੀਰ ਸਿੰਘ ਨੇ ਆਪਣੀ ਰਚਨਾ ਦੇ ਮੁਢਲੇ ਕਈ ਖੰਡਾਂ ਵਿਚ ਪੇਸ਼ ਕੀਤਾ ਹੈ। ਜਿਉਂ ਜਿਉਂ ਰਾਣੀ ਰਾਜ ਆਪਣੀਆਂ ਵੇਦਨਾਵਾਂ ਤੇ ਸੰਵੇਦਨਾਵਾਂ ਵਿਚ ਜਾਗਦੀ ਹੈ; ਤਿਉਂ ਤਿਉਂ ਉਸ ਦਾ ਸਰੀਰਕ ਤੇ ਮਾਨਸਿਕ ਅਨੁਸ਼ਾਸਨ ਭੰਗ ਹੁੰਦਾ ਜਾਂਦਾ ਹੈ। ਇਕ ਵਿਕਾਰ ਗ੍ਰਸਤ ਮਾਨਸਿਕਤਾ ਵਾਂਗ ਉਹ ਨਾਲੋਂ ਘੁਥੀ ਆਲਪਤਾਲ ਵਿਰਲਾਪ ਕਰਦੀ ਨਜ਼ਰ ਆਉਂਦੀ ਹੈ। ਇਹ ਅਵਸਥਾ ਸੁਹਜ ਪਾਸ਼ਵਿਕਤਾ ਤੋਂ ਟੁੱਟਣ ਤੇ ਸੰਵੇਦਨਾਭਾਵੀ ਭਾਵੁਕਤਾ ਵਿਚ ਜਾਗਣ ਦੀ ਹੈ। ਇਸ ਨੂੰ ਅਸੀਂ ਮਨੁੱਖ ਦੀ ਮਾਨਸਿਕਤਾ ਦੀ ਘਾੜਤ ਦਾ ਪਹਿਲਾ ਪੜਾ ਕਹਿ ਸਕਦੇ ਹਾਂ। ਵੀਹਵੀ ਸਦੀ ਦੇ ਮਨੋਵਿਗਿਆਨੀਆਂ ਨੇ ਮਾਨਸਿਕਤਾ ਦੀ ਇਸ ਅਵਸਥਾ ਨੂੰ ਯਥਾਰਥੀ ਪੱਧਰ ਨਾਲ ਜੋੜਿਆ ਹੈ। ਇਸ ਤੋਂ ਅਗਲੀ ਪੱਧਰ ਕਲਪਨਾ ਤੇ ਸੁਪਨੇ ਦੀ ਦੁਨੀਆਂ ਦੀ ਹੈ, ਜਿਸ ਵਿਚ ਰਾਣੀ ਰਾਜ ਕਈ ਤਰ੍ਹਾਂ ਦੀਆਂ ਮਧਿਅਸਤ ਜੁਗਤਾਂ ਦੀ ਮਦਦ ਨਾਲ ਪੁਜਦੀ ਹੈ। ਇਸ ਅਵਸਥਾ ਉਪਰ ਭਾਵੇਂ ਭਾਵੁਕ ਸੰਵੇਦਨਾ ਨਾਲ ਚੇਤੰਨਤਾ ਆ ਰਲਦੀ ਹੈ; ਪਰ ਇਹ ਅਵਸਥਾ ਵੀ ਚੰਚਲ ਚਪਲ ਮਾਨਸਿਕਤਾ ਦੀ ਅਵਸਥਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਚ ਵਿਅਕਤੀ ਉਹ ਉਕਤ ਵਿਕਾਰ ਵਿਚ ਫਸ ਜਾਂਦਾ ਹੈ। ਕਈ ਪ੍ਰਕਾਰ ਦੇ ਸੰਸੇ, ਉਸ ਨੂੰ ਮਾਨਸਿਕ ਬਦਅਮਨੀ ਤੇ ਬੇਚੈਨੀ ਵਿਚ ਪਾਈ ਰੱਖਦੇ ਹਨ। ਇਸ ਮਾਨਸਿਕ ਸਥਿਤੀ ਨੂੰ ਭਾਈ ਵੀਰ ਸਿੰਘ ਨੇ, ਰਾਣੀ ਰਾਜ ਦੀ ਇਸ ਦਸ਼ਾ ਰਾਹੀਂ ਸਪੱਸ਼ਟ ਕੀਤਾ ਹੈ :

ਸ਼ੁਕਰ ਕਰੇ ਮੈਂ ਤਿਆਗ, ਧਰਤੀ ਆ ਗਈ
ਵਿਛੋੜੇ ਦਾ ਦੇਸ਼, ਹੋਇਆ ਦੂਰ ਹੈ
ਹੁਣ ਸਾਈਂ ਦੇ ਸ਼ਹਿਰ, ਪਹੁੰਚੀ ਆਣ ਕੇ
ਜਾਂ ਸੋਚੇ ਇਹ ਬਾਤ ਭਾਲੇ ਕੰਤ ਨੂੰ
ਉਹ ਭੀ ਦਿਸਦਾ ਨਾਹਿ ਕੋਈ ਹੋਰ ਨ
ਦਿਸਦਾ ਪਾਸ ਦੁਆਸ ਮਾਹੀ ਜੀਵ ਕੋ
ਜੋ ਦਸੇ ਕੁਝ ਭੇਦ ਇਸ ਪਰਲੋਕ ਦਾ
ਲੱਛਣ ਦੇਣ ਨ ਰਾਹ ਕਿਹੜਾ ਥਾਉਂ ਹੈ
ਲੋਕ ਨ ਦਿਸੇ ਮੂਲ ਨ ਪਰਲੋਕ ਹੀ
ਕਿਥੇ ਰਹੀ ਬਿਰਾਜ ਤੀਜੀ ਥਾਉਂ ਤੇ
ਸੰਗ ਲੀਤਾ ਘੇਰ ਰਾਣੀ ਬੁਧ ਨੂੰ
ਸੰਸਾ ਵੈਰੀ ਅਤ, ਮਨ ਦਾ ਜਾਣੀਐ
ਟਿਕਣ ਨ ਹਿਰਦਾ, ਦੇਇ ਇਹ ਮਾਨੁਖ ਦਾ
ਮਨ ਨੂੰ ਦੇਇ ਹਲਾਇ ਮਨ ਨੂੰ ਡਾਂਟਦਾ।

ਇਹ ਅਵਸਥਾ ਮਾਨਸਿਕਤਾ ਦੀ ਯਥਾਰਥਿਕਤਾ ਤੋਂ ਅਗਲੀ ਅਵਸਥਾ ਹੈ; ਜਿਸ ਨੂੰ ਅਸੀਂ ਕਲਪਨਾਵੀ ਅਵਸਥਾ ਕਹਿ ਸਕਦੇ ਹਾਂ। ਇਹ ਕਲਪਨਾਵੀ ਅਵਸਥਾ ਅਗਿਆਨ ਤੇ ਗਿਆਨ ਦੀ ਵਿਚਕਾਰਲੀ ਅਵਸਥਾ ਹੈ। ਇਸ ਤੋਂ ਅਗਲੀ ਅਵਸਥਾ ਜਿਸ ਨੂੰ ਅਸੀਂ ਨਿਰਗੁਣੀ ਵਿਚਾਰ ਦੀ ਵਿਸ਼ੁਧ ਅਵਸਥਾ ਕਹਿ ਸਕਦੇ ਹਾਂ ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ ਸਤਿਸੰਗ ਪ੍ਰਾਪਤੀ ਦੇ ਨਾਮ ਗਿਆਨ ਦੀ ਅਵਸਥਾ ਹੈ। ਇਸ ਵਿਚ ਮਾਨਸਿਕਤਾ ਆਪਣੀਆਂ ਪਹਿਲੀਆਂ ਅਵਸਥਾਵਾਂ ਅਰਥਾਤ ਯਥਾਰਥੀ ਤੇ ਕਲਪਨਾਵ ਅਵਸਥਾਵਾਂ ਨੂੰ ਉਲੰਘ ਕੇ ਰੂਪਾਂਕ੍ਰਿਤ ਹੋ ਜਾਂਦੀ ਹੈ। ਇਹ ਰੂਪਾਂਤ੍ਰਣ ਅਸਲ ਵਿਚ ਬੱਜਰ ਯਥਾਰਥ ਤੇ ਸੰਕਲਪਨਾਵੀ ਸੰਸਿਆਂ ਨੂੰ ਸੂਕ੍ਰਿਤ ਤੇ ਸੁਗਠਵੀਂ ਵਿਚਾਰਧਾਰਾ ਰਾਹੀਂ ਨਿਯੰਤ੍ਰਿਤ ਕਰਨ ਵਾਲਾ ਰੂਪਾਂਤ੍ਰਣ ਹੈ। ਰਾਣੀ ਰਾਜ ਇਸ ਦੀ ਪ੍ਰਾਪਤੀ ਦੁਆਰਾ, ਜਿਸ ਦਸ਼ਾ ਤੇ ਪੁਜਦੀ ਹੈ, ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ ਉਹ ਇਉਂ ਹੈ :

ਜੀਵਨ ਪਲਟਾ ਖਾਇ, ਗਿਆ ਰਾਜ ਦਾ
ਹੁਕਮ ਜੋ ਵਿਚ ਸਤਿਸੰਗ ਰਾਣੀ ਪਾਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰਾ ਲਿਆ ਕਮਾਇ ਉੱਕੀ ਨ ਕਿਤੈ ।

... ...

ਸਹਜ ਜੋਗ ਸੰਜੋਗ ਉਸ ਨੇ ਪਾ ਲਿਆ ।
ਗੁਰਮੁਖ ਪਦਵੀ ਪਾਇ ਭਾਗ ਸੁਲੱਖਣੀ ।
ਗੁਰਮੁਖ ਕਰਦੀ ਕਾਰ ਪੂਰੀ ਹੋ ਗਈ ।

ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਇਸ ਰਚਨਾ ਵਿਚ ਅਗਿਆਨ ਤੋਂ ਗਿਆਨ ਤਕ ਦੀ ਸਾਧਨਾ ਦੇ ਸਫਰ ਨੂੰ ਤਿੰਨ ਪੱਧਰਾਂ ਉਪਰ ਸੁਗਠਿਤ ਕਰ ਕੇ ਵੇਖਣ ਦਾ ਪ੍ਰਯਾਸ ਕੀਤਾ ਹੈ। ਇਹ ਤਿੰਨ ਪੱਧਰਾਂ : ਯਥਾਰਥ, ਕਲਪਨਾ ਤੇ ਪ੍ਰਤੀਕ ਦੀਆਂ ਪੱਧਰਾਂ ਹਨ। ਇਨ੍ਹਾਂ ਪੱਧਰਾਂ ਨੂੰ ਸਮਝਣ ਲਈ ਭਾਈ ਵੀਰ ਸਿੰਘ ਦੀਆਂ ਕਈ ਛੋਟੇਰੀਆਂ ਕਵਿਤਾਵਾਂ ਵੀ ਸਹਾਇਕ ਹੋ ਸਕਦੀਆਂ ਹਨ ਜਿਵੇਂ :

ਲਗੇ ਪਿਆਰ ਤਾਂ ਪਿਆਰੜਾ ਪਾਸ ਵਸੇ
ਕਦੇ ਅੱਖੀਆਂ ਤੋਂ ਨ ਹੋਇ ਓਹਲੇ ।
ਕਦੇ ਅੱਖੀਆਂ ਤੋਂ ਜੇ ਹੋਇ ਓਹਲੇ ।
ਸੂਰਤ ਓਸ ਦੀ ਦਿਲੋਂ ਨ ਹੋਇ ਓਹਲੇ ।
ਸੂਰਤ ਓਸ ਦੀ ਦਿਲੋਂ ਜੇ ਹੋਇ ਓਹਲੇ ।
ਨਾਮ ਜੀਭ ਤੋਂ ਕਦੇ ਨ ਹੋਇ ਓਹਲੇ ।
ਨਾਮ ਜੀਭ ਤੋਂ ਕਦੇ ਜੇ ਹੋਇ ਓਹਲੇ
ਸੂਰਤ ਦੇਹ ਤੋਂ, ਸ਼ਾਲਾ ਤਦ ਹੋਇ ਓਹਲੇ ।

ਜਾਂ

ਮੈਂ ਪੱਥਰ ਸੁਖ ਨੀਂਦੇ ਸੁੱਤਾ ਵਿਚ ਸੁਪਨੇ ਕੋਈ ਸੁਣਾਵੇ ।
ਬਣ ਸ਼ੀਸ਼ਾ ਕਰ ਦੂਰ ਹਨੇਰਾ ਤੈਨੂੰ ਚਾਨਣ ਆ ਗਲ ਲਾਵੇ ।
ਆਪਾ ਪੀਹ ਅਗ ਤਾਪ ਸਹਿ ਬਣ ਸ਼ੀਸ਼ਾ ਨੂਰ ਮੈਂ ਪਾਇਆ ।
ਹੁਣ ਲੋਚਾ ਮੈਂ ਹੀਰਾ ਬਣਨਾ ਤਾਂ ਜੋ ਜ਼ੁਰਬ ਨ ਕੋਈ ਆਵੇ ।

ਉਪਰੋਕਤ ਦੋਹਾਂ ਕਵਿਤਾਵਾਂ ਵਿਚ ਅਗਿਆਨ ਤੋਂ ਗਿਆਨ ਤਕ ਦੀ ਯਾਤਰਾ ਦਾ ਹੀ ਵਰਣਨ ਹੈ। ਪਹਿਲੀ ਕਵਿਤਾ ਵਿਚ ਪ੍ਰੇਮ ਨੂੰ ਮਾਧਿਅਮ ਬਣਾਇਆ ਹੈ ਤੇ ਦੂਜੀ ਕਵਿਤਾ ਵਿਚ ਪੱਥਰ, ਸ਼ੀਸ਼ਾ, ਹੀਰਾ ਦੀ ਰੂਪਾਂਤ੍ਰਣ ਪ੍ਰਕਿਰਿਆ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਹੈ। ਇਨ੍ਹਾਂ ਕਵਿਤਾਵਾਂ ਤੋਂ ਵੀ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਹ ਯਾਤਰਾ ਪ੍ਰਾਣਾਧਾਰੀ ਸਰੀਰਕਤਾ ਤੋਂ ਤੁਰ ਕੇ, ਗਿਆਨ ਸੰਪੰਨ ਪ੍ਰਤੀਕ ਅਵਸਥਾ ਤਕ ਪੁੱਜਣ ਦੀ ਯਾਤਰਾ ਹੈ। ਇਸ ਨੂੰ ਅਸੀਂ ਪ੍ਰਾਕਿਰਤਿਕ ਆਦਮੀਅਤ ਤੋਂ ਤੁਰ ਕੇ ਸਾਂਸਕ੍ਰਿਤਿਕ ਇਨਸਾਨੀਅਤ ਦੀ ਯਾਤਰਾ ਵੀ ਕਹਿ ਸਕਦੇ ਹਾਂ। ਪ੍ਰਾਕਿਰਤਕ ਆਦਮੀਅਤ ਪਦਾਰਥਕ ਹੋਂਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਅਨਾਮੀ ਸੰਸਾਰ ਹੈ, ਅਤੇ ਸਾਂਸਕ੍ਰਿਤਿਕ ਇਨਸਾਨੀਅਤ ਪ੍ਰਤੀਕਾਤਮਕ ਦ੍ਰਿਸ਼ਟੀ ਦਾ ਸੁਨਾਮੀ ਜਗਤ ਹੈ । ਗੁਰਬਾਣੀ ਦੀ ਭਾਸ਼ਾ ਵਿਚ ਇਸ ਸੁਨਾਮੀ ਜਗਤ ਨੂੰ ਨਾਮ ਕਿਹਾ ਗਿਆ ਹੈ। ਆਪਣੀ ਸੰਪ੍ਰਦਾਇਕ ਪ੍ਰਤੀਬੱਧਤਾ ਨੂੰ ਪਾਲਣ ਹਿਤ ਭਾਈ ਵੀਰ ਸਿੰਘ ਨੇ ਇਸ ਨੂੰ ਨਾਮ ਹੀ ਕਿਹਾ ਹੈ ਪਰ ਇਸ ਨਾਮ ਮੂਲਕ ਸਾਰਥਕਤਾ ਨਾਲ ਭਾਈ ਵੀਰ ਸਿੰਘ ਨੇ ਕੁਝ ਅਜਿਹੇ ਵੇਰਵੇ ਜੋੜੇ ਹਨ; ਜਿਨ੍ਹਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਡਿਗਰੀ ਜ਼ੀਰੋ ਮਾਨਸਿਕਤਾ ਦੀ ਨਿਰਲਿਪਤ ਬੌਧਿਕਤਾ ਵਿਚ ਟਿਕ ਕੇ ਰਚਨਾ ਕਰਨ ਵਾਲਾ ਸਾਹਿਤਕਾਰ ਹੈ । ਭਾਵਕ ਵੇਦਨਾ ਸੰਵੇਦਨਾ ਦੇ ਵਹਿਣ ਵਿਚ ਵਹਿ ਕੇ ਰਚਨਾ ਕਰਨ ਵਾਲੇ ਸਾਹਿਤਕਾਰ ਵੀ ਆਮ ਵੇਖੇ ਜਾਂਦੇ ਹਨ; ਅਤੇ ਅਜਿਹੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਆਮ ਵਿਅਕਤੀ ਬੜੀ ਭਾਵੁਕ ਤੀਬਰਤਾ ਤੇ ਉਮਾਹ ਨਾਲ ਪੜ੍ਹਦੇ ਹਨ; ਪਰੰਤੂ ਡੂੰਘੀ ਦ੍ਰਿਸ਼ਟੀ ਤੋਂ ਵੇਖਿਆਂ ਜਗਿਆਸਾ ਮੂਰਤ ਤੇ ਸੁਜਗ ਸਾਹਿਤਕਾਰ ਤਾਂ ਉਹੀ ਹੋ ਸਕਦਾ ਹੈ ਜੋ ਪ੍ਰਤੀਕਾਤਮਕ ਸਤਰ ਉਤੇ ਚੇਤੰਨ ਹੋ ਕੇ ਲਿਖਣ ਵਾਲਾ ਸਾਹਿਤਕਾਰ ਹੋਵੇ । ਵੇਦਨਾ ਸੰਵੇਦਨਾ ਨੂੰ ਪ੍ਰਚੰਡ ਕਰਨ ਵਾਲਾ ਸਾਹਿਤ ਉਪਭੋਗਤਾ-ਵਾਦੀ ਸਾਹਿਤ ਹੁੰਦਾ ਹੈ; ਪਰੰਤੂ ਪ੍ਰਤੀਕਾਤਮਕ ਚੇਤੰਨਤਾ ਤੋਂ ਤੁਰਨ ਵਾਲਾ ਸਾਹਿਤ ਸਾਂਸਕ੍ਰਿਤਿਕ ਸਿਰਜਨਾ ਤੇ ਅਰਥ ਘਾੜਤ ਦੀਆਂ ਸਿਰਜਨਾਤਮਕ ਸੰਭਾਵਨਾਵਾਂ ਨੂੰ ਜਗਾਉਣ ਵਾਲਾ ਸਾਹਿਤ ਹੁੰਦਾ ਹੈ, ਭਾਈ ਵੀਰ ਸਿੰਘ ਦੀ 'ਰਾਣਾ ਸੂਰਤ ਸਿੰਘ' ਆਪਣੇ ਥੀਮਿਕ ਪਹਿਲੂ ਤੋਂ ਨਿਸ਼ਚੇ ਹੀ ਸਾਂਸਕ੍ਰਿਤਿਕ ਸਿਰਜਨਾ ਤੇ ਅਰਥ ਘਾੜਨ ਕਰਨ ਵਾਲੀ ਰਚਨਾ ਹੈ; ਜਿਸ ਦੇ ਅਰਥਾਂ ਦੇ ਮਹੱਤਵ ਨੂੰ ਅਸੀਂ ਪੰਜਾਬ ਦੇ ਸਮੁੱਚੇ ਸਾਹਿਤਕ ਤੇ ਗ਼ੈਰ ਸਾਹਿਤਕ ਸਭਿਆਚਾਰ ਦੇ ਅੰਤਰਗਤ ਰੱਖ ਕੇ ਉਘਾੜ ਸਕਦੇ ਹਾਂ । ਗਿਆਨ ਸ਼ਾਸਤਰੀ ਦ੍ਰਿਸ਼ਟੀ ਤੋਂ ਦੇਖਿਆਂ ਇਹ ਕਹਿਣਾ ਬਣਦਾ ਹੈ ਕਿ ਭਾਈ ਵੀਰ ਸਿੰਘ ਦੀ ਇਸ ਰਚਨਾ ਦੇ ਅਵਚੇਤਨ ਵਿਚ ਕਾਰਜਸ਼ੀਲ ਯਥਾਰਥ ਕਲਪਨਾ ਪ੍ਰਤੀਕ ਦਾ ਜੁਗਤ ਵਿਵੇਕ ਇਕ ਬੜੀ ਮੁੱਲਵਾਨ ਉਪਲਬਧੀ ਹੈ; ਜਿਸ ਨੂੰ ਅਸੀਂ ਆਪਣੇ ਸਾਹਿਤ ਤੇ ਸਭਿਆਚਾਰ ਦੇ ਗਿਆਨ ਸ਼ਾਸਤਰੀ ਪ੍ਰੋਗਰਾਮ ਵਿਚ ਸ਼ਾਮਲ ਕਰ ਕੇ, ਪੰਜਾਬ ਦੇ ਅਵਚੇਤਨ ਦੇ ਨੇਮ ਘੜ ਸਕਦੇ ਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰੁਣਾ ਦੀ ਛਹੁ ਤੋਂ ਮਗਰੋਂ : ਓਪਰੇ ਦਾ ਪ੍ਰਵਚਨ

'ਕਰੁਣਾ ਦੀ ਛਹੁ ਤੋਂ ਮਗਰੋਂ' ਪੰਜਾਬੀ ਦੇ ਪ੍ਰਸਿਧ ਕਵੀ ਡਾ. ਜਸਵੰਤ ਸਿੰਘ ਨੇਕੀ ਦੀ ਰਚਨਾ ਹੈ। ਸਾਹਿਤ ਅਕਾਦਮੀ ਦੁਆਰਾ ਪੁਰਸਕਾਰੀ ਇਹ ਕਾਵਿ ਪੁਸਤਕ ਅਜੇ ਤੀਕ ਪੰਜਾਬੀ ਵਿਚ ਗੰਭੀਰ ਸਮੀਖਿਆ ਦਾ ਵਿਸ਼ੈ ਨਹੀਂ ਬਣ ਸਕੀ। ਅਸਲ ਵਿਚ ਪੰਜਾਬੀ ਵਿਚ ਪ੍ਰਚਲਿਤ ਆਲੋਚਨਾ ਅਤੇ ਇਹ ਪੁਸਤਕ ਇਕ ਦੂਜੇ ਦੇ ਸਿਧੇ ਹੀ ਵਿਰੋਧ ਵਿਚ ਖੜਦੇ ਹਨ। ਜਿਥੋਂ ਤੀਕ ਪੰਜਾਬੀ ਆਲੋਚਨਾ ਦਾ ਸੰਬੰਧ ਹੈ ਇਸ ਨੇ ਆਪਣਾ ਇਕ ਸਹਿਜ ਅਭਿਆਸ ਬਣਾ ਲਿਆ ਹੈ, ਇਸ ਦੀ ਮਦਦ ਨਾਲ ਇਹ ਕਿਸੇ ਵੀ ਨਵੀਂ ਆਈ ਪੁਸਤਕ ਸੰਬੰਧੀ, ਬਿਨਾਂ ਪੁਸਤਕ ਦੀ ਅੰਦਰਲੀ ਅਹਿਮੀਅਤ ਦਾ ਜਾਇਜ਼ਾ ਲਏ ਦੇ, ਆਪਣੀਆਂ ਕੁਝ ਗਿਣੀਆਂ ਮਿਥੀਆਂ ਧਾਰਨਾਵਾਂ ਨੂੰ ਦੁਹਰਾ ਕੇ ਆਪਣੀ ਗੱਲ ਖ਼ਤਮ ਕਰ ਦੇਂਦੀ ਹੈ। ਇਉਂ ਸਿਰਜਿਤ ਪੁਸਤਕ ਦਾ ਆਪਣਾ ਕੋਰਾ ਕੁਆਰਾ ਸੱਚ ਅਣਗੌਲਿਆ ਹੀ ਆਪਣਾ ਸੁਹਾਣ ਗੁਆ ਬੈਠਦਾ ਹੈ। ਡਾ. ਨੇਕੀ ਦੀ ਪੁਸਤਕ 'ਕਰੁਣਾ ਦੀ ਛਹੁ ਤੋਂ ਮਗਰੋਂ' ਨਾਲ ਵੀ ਹਾਲੇ ਤੀਕ ਇਸੇ ਤਰ੍ਹਾਂ ਦਾ ਹੀ ਸਲੂਕ ਹੋਇਆ ਹੈ। ਪੁਸਤਕ ਬਾਰੇ ਕੁਝ ਵਿਦਵਾਨ ਦੋਸਤਾਂ ਨੇ ਗੱਲਾਂ ਬਾਤਾਂ ਤਾਂ ਕੀਤੀਆਂ ਹਨ ਪਰ ਪੁਸਤਕ ਦਾ ਅੰਦਰਲਾ ਸੱਚ ਅਡੋਲ ਉਸੇ ਤਰ੍ਹਾਂ ਹੀ ਟਿਕਿਆ ਪਿਆ ਹੈ ਅਤੇ ਇਸ ਨੂੰ ਜੀਵੰਤ ਸੰਵਾਦੀ ਸਮੀਖਿਆ ਦੀ ਅਵੱਸ਼ ਹੀ ਇੰਤਜ਼ਾਰ ਹੈ।

ਪੱਤਰ ਲੇਖਕ ਇਸ ਗੱਲ ਦਾ ਦਾਅਵਾ ਤਾਂ ਨਹੀਂ ਕਰਦਾ ਕਿ ਉਹ ਇਸ ਕਾਵਿ ਰਚਨਾ ਬਾਰੇ ਅੰਤਿਮ ਸੱਚ ਦਾ ਨਿਬੇੜਾ ਕਰ ਦਏਗਾ, ਹਾਂ ਇਤਨਾ ਜ਼ਰੂਰ ਹੈ ਕਿ ਪੁਸਤਕ ਦੇ ਪਾਠ ਵਿਚ ਕੰਮ ਕਰਦੀਆਂ, ਜੁਗਤਾਂ, ਰਵਾਇਤਾਂ ਤੇ ਚਿਹਨ-ਵਿਧੀਆਂ ਦੇ ਆਧਾਰ ਉਤੇ ਇਸ ਵਿਚਲੇ ਸਮੁੱਚੇ ਥੀਮਕ-ਪ੍ਰਬੰਧ ਨੂੰ ਉਘਾੜਨ ਦੀ ਪੂਰੀ ਕੋਸ਼ਿਸ਼ ਕੀਤੀ ਜਾਏਗੀ। ਇਹ ਥੀਮਕ-ਪ੍ਰਬੰਧ ਰਚਨਾ ਦੇ ਆਦਿ ਤੋਂ ਅੰਤ ਤੀਕ ਫੈਲੀ ਪ੍ਰਤੀਕਾਤਮਕਤਾ ਨਾਲ ਸੰਬੰਧਿਤ ਹੈ। ਪ੍ਰਤੀਕਾਤਮਕਤਾ ਤੋਂ ਭਾਵ ਇਥੇ ਕਿਸੇ ਪਰੋਖ ਪ੍ਰਕਾਰ ਦੀ ਅਭਿਵਿਅਕਤੀ ਵਿਧੀ ਤੋਂ ਨਹੀਂ ਸਗੋਂ ਉਸ ਰੂਪਾਂਤ੍ਰਿਤ-ਸੰਗਠਨ ਤੋਂ ਹੈ ਜੋ ਭਾਸ਼ਾਈ-ਸਮਰਥਾ ਦੀ ਮਦਦ ਨਾਲ ਜੈਵਿਕ ਤੇ ਪਦਾਰਥਕ ਪੱਧਰਾਂ ਨੂੰ ਸਾਰਥਕਤਾ ਦੇ ਉਚੇਰੇ ਸਤੱਰ ਤੇ ਲੈ ਆਉਂਦਾ ਹੈ ਸਾਰਥਕਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਇਸੇ ਸਤੱਰ ਤੋਂ ਅਸੀਂ ਇਸ ਰਚਨਾਂ ਨੂੰ ਓਪਰੇ ਦਾ ਸੰਵਾਦ ਕਹਿ ਸਕਣ ਦੇ ਯੋਗ ਹੁੰਦੇ ਹਾਂ। ਓਪਰਾ ਉਹ ਹੈ ਜੋ ਜਾਣੇ ਪਛਾਣੇ ਲਈ ਅਜਨਬੀ ਹੈ ਪਰ ਐਸਾ ਅਜਨਬੀ ਜੋ ਜਾਣੇ ਪਛਾਣੇ ਨੂੰ ਨੇਮ-ਪਰਕ ਧਰਾਤਲ ਪ੍ਰਦਾਨ ਕਰਦਾ ਹੈ। ਇਸ ਪੱਧਰ ਉਪਰ ਤਾਂ ਸਾਰੀ ਪੂਰਬਲੀ ਹੋਂਦ ਇਕ ਪੁਨਰ ਸੰਗਠਨ ਵਿਚ ਨਵੀਂ ਸਾਰਥਕਤਾ ਗ੍ਰਹਿਣ ਕਰ ਲੈਂਦੀ ਹੈ। ਯਥਾਰਥ-ਪਦਾਰਥ ਕਲਪਣਾ ਦੀ ਪੱਧਰ ਪਾਰ ਕਰਕੇ, ਪ੍ਰਤੀਕ ਜਗਤ ਵਿਚ ਆ ਪੁੱਜਦਾ ਹੈ ਇਉਂ ਜਾਣੇ ਪਛਾਣੇ ਤੇ ਓਪਰੇ ਦਾ ਵਾਦ-ਵਿਵਾਦ ਇਕ ਜੀਵੰਤ ਸੰਵਾਦ ਸੰਚਾਰ ਦਾ ਰੂਪ ਧਾਰ ਜਾਂਦਾ ਹੈ। ਇਸ ਪ੍ਰਕ੍ਰਿਆ ਵਿਚ ਇਕ ਪਾਸੇ ਜੈਵਿਕ ਅਨਾਮਕਤਾ ਦਾ ਭਾਸ਼ਾਈ ਪੱਧਰ ਉਪਰ ਰੂਪਾਂਤਰਣ ਹੁੰਦਾ ਹੈ ਤੇ ਦੂਜੇ ਪਾਸੇ ਅਮੂਰਤ ਤੇ ਨਿਗੁਣੀ ਪਾਰਭੌਤਿਕਤਾ ਦੀ ਘਾੜਤ ਹੁੰਦੀ ਹੈ। ਇਉਂ ਹੋਂਦ ਦੇ ਪਦਾਰਥਕ ਜਗਤ ਤੋਂ ਲੈ ਕੇ, ਸਿਧਾਂਤ ਦੇ ਪਾਰਭੌਤਿਕ ਜਗਤ ਤੀਕ, ਮਾਨਵੀ ਸੰਸਕ੍ਰਿਤੀ ਦੇ ਅੰਤਰਗਤ ਭਾਸ਼ਾ ਤੇ ਪ੍ਰਤੀਕ ਦੀ ਅਹਿਮੀਅਤ ਉਘੜ ਆਉਂਦੀ ਹੈ ਇਸ ਆਧਾਰ ਉਪਰ ਤਾਂ ਇਹ ਕਹਿਣਾ ਬਣਦਾ ਹੈ ਕਿ ਮਨੁੱਖ ਆਪਣੀ ਮਨੁੱਖਤਾ ਦੀ ਪਛਾਣ ਤੇ ਸਾਰਥਕਤਾ ਨੂੰ ਪ੍ਰਤੀਕ ਦੇ ਅਰਥਾਂ ਵਿਚ ਹੀ ਗ੍ਰਹਿਣ ਕਰਦਾ ਹੈ। ਭਾਸ਼ਾ ਜੋ ਕਿ ਇਕ ਬੰਨੇ ਮਨੁੱਖ ਨੂੰ ਉਸਦੀਆਂ ਆਦਿਮ ਜਾਤ ਲੋੜਾਂ ਦੀ ਪੂਰਤੀ ਦਾ ਸਾਧਨ ਬਣਦੀ ਹੈ ਦੂਜੇ ਬੰਨੇ ਉਸ ਨੂੰ ਇਹਨਾਂ ਤੋਂ ਨਿਜਾਤ ਦਿਵਾ ਕੇ ਇਸ ਨੂੰ ਵਿਸ਼ੁਧ ਗਿਆਨ ਪ੍ਰਾਪਤੀ ਦੇ ਮਾਰਗ ਉਪਰ ਪਾ ਕੇ ਨਿਰੋਲ ਪ੍ਰਤੀਕੀ ਪਾਸਾਰ ਵਿਚਰਨ ਦੀ ਸਹਾਇਕ ਵੀ ਬਣਦੀ ਹੈ। ਪ੍ਰਾਕ੍ਰਿਤਿਕ ਲੋੜ ਅਤੇ ਆਦਰਸ਼ ਅਕਾਂਖਿਆ ਦੇ ਦੋ ਖੰਡਾਂ ਵਿਚਾਲੇ ਭਾਸ਼ਾ ਦਾ ਖੰਡ ਹੈ ਜੋ ਹਰ ਪ੍ਰਕਾਰ ਦੀ ਸਾਰਥਕਤਾ ਨੂੰ ਆਪਣੇ ਰਾਹੀਂ ਆਪਣੇ ਵਿਚੋਂ ਲੰਘਾ ਕੇ ਇਸ ਨੂੰ ਪਰਵਚਨਾਂ ਦੀ ਵੰਨ ਸੁਵੰਨੀ ਘਾੜਤ ਵਿਚ ਸੁਗਠਿਤ ਕਰਨ ਦਾ ਕਾਰਜ ਕਰਦਾ ਹੈ। ਇਥੇ ਗੱਲ ਫਿਰ ਦੁਹਰਾਈ ਜਾਂਦੀ ਹੈ ਕਿ ਇਹ ਸਾਰੀ ਪ੍ਰਕ੍ਰਿਆ ਜਾਣੇ-ਪਛਾਣੇ ਵਿਚ ਓਪਰੇ ਜਾਂ ਅਜਨਬੀ ਨੂੰ ਉਤਾਰਨ ਦੀ ਹੈ ਹਉਂ-ਯੁਕਤ ਮੈਂ ਸਮੇਂ-ਸਥਾਨ ਦੇ ਕਿਸੇ ਵੀ ਬਿੰਦੂ ਉਪਰ ਆਪਣੀ ਮੋਹ-ਗ੍ਰਸਤ ਦੁਨੀਆਂ ਦਾ ਭਰਮ ਤੋੜ ਕੇ ਪਰਲੇ ਪਾਰ ਦੀਆਂ ਖ਼ਬਰਾਂ ਬਾਰੇ ਸੁਚੇਤ ਹੋ ਸਕਦੀ ਹੈ ਤੇ ਇਸ ਮੋਹ-ਮੁਕਤ ਗਿਆਨ ਪਾਸਾਰ ਦੀਆਂ ਪ੍ਰਚੰਡ ਤੇ ਸੰਵੇਦਨਾਸ਼ੀਲ ਪ੍ਰਾਪਤੀਆਂ ਨੂੰ ਮੁੜ ਜਾਣੇ-ਪਛਾਣੇ ਨਾਲ ਜੋੜ ਕੇ ਇਸ ਨੂੰ ਦ੍ਰਿਸ਼ਟੀਵੰਤ ਤੇ ਜੀਵੰਤ ਕਰ ਦੇਂਦੀ ਹੈ। ਹਥਲੀ ਕਵਿਤਾ ਦੇ ਆਰ ਪਾਰ ਇਸੇ ਗਿਆਨ-ਯਾਤਰਾ ਦਾ ਪਸਾਰਾ ਹੈ। ਜੇ ਅਸੀਂ ਜਾਣੇ-ਪਛਾਣੇ ਨੂੰ ਓਪਰੇ ਦੇ ਤਣਾਉ ਨੂੰ ਧਿਆਨ ਵਿਚ ਰੱਖਦਿਆਂ ਇਸ ਕਵਿਤਾ ਦੇ ਵਿਸ਼ੇਗਤ ਪਹਿਲੂ ਨੂੰ ਸੰਗਠਨ ਦੇਣ ਦਾ ਜਤਨ ਕਰੀਏ ਤਾਂ ਅਸੀਂ ਇਹ ਕਹਾਂਗੇ ਕਿ ਇਸ ਕਵਿਤਾ ਨੂੰ ਅਸੀਂ ਤਿੰਨਾਂ ਖੰਡਾਂ ਵਿਚ ਵੰਡ ਸਕਦੇ ਹਾਂ। ਪ੍ਰਥਮ-ਖੰਡ ਮੋਹ-ਗ੍ਰਸਤ ਹੋਂਦ ਦਾ ਨਿਸਚਿੰਤ ਹੋ ਕੇ ਜੀਵਨ ਜੀਉਣ ਵਾਲਾ ਖੰਡ ਹੈ ਤੇ ਤੀਸਰਾ ਖੰਡ ਪ੍ਰਚੰਡ ਗਿਆਨ ਦਾ ਖੰਡ ਹੈ ਜਿਸ ਖੰਡ ਵਿਚ ਚੇਤੰਨਤਾ ਦੇ ਆਧਾਰ ਉਪਰ ਲੁਕਵੀਆਂ ਮਾਨਸਿਕ ਸ਼ਕਤੀਆਂ ਤੇ ਵਿਧੀਆਂ ਦਾ ਗਿਆਨ ਹੋ ਜਾਂਦਾ ਹੈ। ਇਹਨਾਂ ਦੋ ਖੰਡਾਂ ਦੇ ਵਿਚਾਲੇ ਖੰਡ ਨੰਬਰ ਦੋ ਆਉਂਦਾ ਹੈ ਜਿਸ ਵਿਚ ਮਾਨਵੀ ਹੋਂਦ ਜੀਵਨ ਤੇ ਵਾਰਦਾਤੀ ਦੁਖ ਮੁਸੀਬਤਾਂ ਦੇ ਚੱਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪੈ ਕੇ, ਆਪਣੀ ਹੋਣੀ ਦੇ ਵਿਖੰਡਤ ਨਾਟਕ ਨੂੰ ਵੇਖਦੀ ਹੈ ਤੇ ਫਿਰ ਗਿਆਨ ਦੀ ਮਦਦ ਨਾਲ ਬਜਰ ਆਦਮ ਹੋਈ ਤੇ ਵਿਸ਼ੁੱਧ ਗਿਆਨ ਦੀ ਪ੍ਰਸਾਰ ਖਿੱਚ ਤਾਣ ਦੇ ਵੱਸ ਪੈ ਜਾਂਦੀ ਹੈ। ਅਜਿਹੀ ਅਵਸਥਾ ਦੀ ਗੱਲ ਤਾਂ ਡਾ. ਨੇਕੀ ਆਪਣੀ ਇਸ ਕਵਿਤਾ ਵਿਚ ਇਸ ਪ੍ਰਕਾਰ ਕਰਦਾ ਹੈ :

ਉਡਾਰੂ ਕੂੰਜ ਬੈਠੀ ਬਾਰ ਤੇ
ਪਰ ਤੋਲਦੀ ਹੋਈ
ਕਿ ਸੁਰਤੀ ਸਾਗਰਾਂ ਦੇ ਪਾਰ
ਤੁਰ ਗਈ ਟਹਿਲਦੀ ਹੋਈ
ਉਹ ਜਾ ਪਹੁੰਚੀ ਕਿਸੇ ਖ਼ਾਮੋਸ਼
ਵੀਰਾਨੀ ਦੇ ਥਲ ਅੰਦਰ
ਤੇ ਮੈਂ ਦੌੜੀ ਚਲਾ ਜਾਵਾਂ
ਮਹਾ ਸੁੱਕੀ ਇਕਲ ਅੰਦਰ
ਕੋਈ ਜਾਣੀ ਪਛਾਣੀ ਵਾਜ
ਪਿਛੋਂ ਹੋੜਦੀ ਵੀ ਸੀ
ਵਫ਼ਾ ਦਾ ਵਾਸਤਾ ਪਾ ਦੇ ਕੇ
ਵਾਗਾਂ ਮੋੜਦੀ ਵੀ ਸੀ

ਇਉਂ ਕਵੀ ਵਾਰਦਾਤੀ ਦੁਰਘਟਨਾਂ ਨੂੰ ਚਿਹਨਕੀ ਪ੍ਰਕ੍ਰਿਆ ਵਿਚ ਪਾ ਕੇ ਇਸ ਨੂੰ ਦੁਜੈਲਾ ਮਹੱਤਵ ਪ੍ਰਦਾਨ ਕਰ ਰਿਹਾ ਹੈ ਇਸ ਦੁਜੈਲੇ ਮਹੱਤਵ ਵਿਚ ਚੇਤੰਨਤਾ ਹੋਂਦ ਦੇ ਪੂਰਬਲੇ ਪਾਸਾਰ ਨੂੰ ਭਰਮ ਸਮਝ ਕੇ ਬੜੀ ਨਿਰਦੈਤਾ ਨਾਲ ਤਿਆਗਦੀ ਚਲੀ ਜਾ ਰਹੀ ਰਹੀ ਹੈ ਅਤੇ ਵਧਦੀ ਜਾ ਰਹੀ ਹੈ ਕਿਸੇ ਖਾਮੋਸ਼ ਵੀਰਾਨੀ ਦੇ ਇਕਲ ਵਲ ਕਿਸੇ ਮਹਾਂ-ਸ਼ੁਦੀ ਇਕਲ ਵਿਚ ਕਿਸੇ ਹੇਮ ਸਮਾਧੀ ਦੇ ਅੰਕ ਸਮਾਉਣ ਲਈ ਤੇ ਜਿਉਂ ਜਿਉਂ ਜਾਣੇ-ਪਛਾਣੇ ਜਗਤ ਦੇ ਰਾਮ ਰੌਲੇ ਤੋਂ ਪਾਰ ਹੁੰਦੀ ਜਾਂਦੀ ਹੈ ਤਾਂ

ਉਨ੍ਹਾਂ ਵੀਰਾਨੀਆਂ ਵਿਚ ਰਾਮ ਜਾਣੇ
ਕੀ ਮੁਕਾਮ ਆਇਆ
ਅਚਾਨਕ ਅੰਬਰਾਂ ਤੋਂ ਮੇਰੇ ਕੰਨੀਂ
ਮੇਰਾ ਨਾਮ ਆਇਆ
ਨਜ਼ਰ ਚੁੱਕੀ ਤੇ ਐਸੀ ਹੋਂਦ ਇਕ
ਮੈਨੂੰ ਨਜ਼ਰ ਆਈ ਪਾ
ਗਗਨ ਤੀਕਰ ਸ਼ਿਪਾ ਜਿਸ ਦੀ
ਦੁਮੇਲਾਂ ਤੀਕ ਪਰਛਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਲਾੜਾਂ ਦਾ ਪਾਸਾਰਾ ਪਾਪ ਰਹੀਆਂ
ਜਿਸ ਦੀਆਂ ਅੱਖਾਂ
ਘੜਨ-ਭੰਨਣ ਦੀ ਕਿਰਿਆ ਤਾਕ ਰਹੀਆਂ
ਜਿਸ ਦੀਆਂ ਅੱਖਾਂ

ਵਿਸ਼ੁੱਧ ਗਿਆਨ ਦੀ ਇਸ ਸੱਖਣੀ ਤੇ ਸੁੰਨ-ਮਸੁੰਨ ਭਰਪੂਰਤਾ ਦੀ ਅੱਖਰ ਤੇ ਪੁੱਜੀ ਮਾਨਵੀ ਚੇਤੰਨਤਾ ਆਪਣੀ ਹੋਂਦ ਦੇ ਮੋਹ-ਗ੍ਰਸਤ ਤੇ ਮੋਹ-ਮੁਕਤ ਪਾਸਾਰਾਂ ਵਿਚ ਪਾਟ ਜਾਂਦੀ ਹੈ ਤੇ ਇਹਨਾਂ ਦੋਹਾਂ ਦੀ ਇਸ ਸਖਤੀ ਨੂੰ ਕਵੀ ਜਾਣੇ-ਪਛਾਣੇ ਤੇ ਪਰਦੇਸੀ ਜਾਂ ਓਪਰੇ ਦੇ ਵਾਰਤਾਲਾਪ ਵਿਚ ਪੇਸ਼ ਕਰਦਾ ਹੈ :

ਤੂੰ ਆ ਪਹੁਤਾਂ ਏਂ ਪੁਰਖ ।
ਬੋਲ ਸਨ ਗੰਭੀਰ ਸੁਰ ਵਾਲੇ
ਮੇਰੀ ਦੇਹ ਰੁਨਝੁਨਾਈ, ਰੁਕ ਗਏ
ਛੁਹਲੇ ਕਦਮ ਵਾਲੇ
.. ..
ਅਜੇ ਸਨ ਬੋਲ ਅਧਵਾਟੇ
ਕਿ ਮੁੜ ਇਕ ਕੰਬਣੀ ਗੂੰਜੀ
... .
ਵਿਯੋਗਣ ਦੀ ਦਿਸ਼ਾਨਾਂ ਚੀਰ ਕੇ
ਫਿਰ ਤੋਂ ਪੁਕਾਰ ਆਈ
ਮਹਾ ਕਰੁਣਾ ਜਗਾਂਦੀ ਚੀਕ ਉਸਦੀ
ਬਾਰ ਬਾਰ ਆਈ
ਤੇ ਚਹੁੰ-ਕੂੰਦਾਂ 'ਚ ਉਸਦੀ ਤੜਪ ਦਾ
ਪਰਵੇਸ਼ ਹੋਇਆ ਫਿਰ
ਮਹਾ ਕਰੁਨਾ ਦਾ ਸੀਦਾ ਥਰਕਿਆ
ਆਦੇਸ਼ ਹੋਇਆ ਫਿਰ ;
''ਤੂੰ ਅਭਿਸਾਰਨ ਕੋਈ ਵਿਰਲਾਪ ਕਰਦੀ
ਛੋੜ ਆਇਆਂ ਏਂ
ਮੇਰੀ ਆਵਾਜ਼ ਤੇ, ਮੂੰਹ ਉਸਦੇ ਵਲੋਂ
ਮੋੜ ਆਇਆਂ ਏਂ,
ਪਰ ਉਸਦੀ ਤੜਪ ਨੇ ਹਰ ਨੇਮ ਨੂੰ
ਵੰਗਾਰ ਦਿਤਾ ਏ

8270

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਪਰਬਤ ਜਿਹਾ ਕਾਨੂੰਨ ਵੀ
ਪੰਘਾਰ ਦਿਤਾ ਏ ।''

ਇਉਂ ਵਿਰਲਾਪ ਕਰਦੀ ਅਭਿਸਾਰਣ ਮੋਹ-ਗ੍ਰਸਤ ਸੰਸਾਰ ਅਤੇ ਵਿਸ਼ੁੱਧ ਤੇ ਪਾਰਦਰਸੀ ਗਿਆਨ ਲੋਕ ਦੇ ਵਿਚਕਾਰ ਇਕ ਕੜੀ ਬਣ ਜਾਂਦੀ ਹੈ । ਇਸ ਕੜੀ ਰਾਹੀਂ ਹੀ ਓਪਰੇ ਤੇ ਜਾਣੇ ਪਛਾਣੇ ਦਾ ਜੀਵੰਤ ਤੇ ਗਿਆਨ-ਪਰਕ ਮੇਲ ਸੰਭਵ ਹੁੰਦਾ ਹੈ । ਇਸੇ ਪ੍ਰਸੰਗ ਵਿਚ ਹੀ ਕਵੀ ਇਸ ਕਵਿਤਾ ਵਿਚ ਆਪੇ ਦੇ ਪੁਨਰ-ਸੰਗਠਨ ਦੀ ਮਹੱਤਾ ਅਨੁਭਵ ਤੇ ਗਿਆਨ ਦੇ ਦੋ ਪਹਿਲੂਏ ਨੇਮ ਦੇ ਅਧੀਨ ਨਿਰੂਪਣ ਕਰਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਨਾਵਲ ਦੇ ਅਵਚੇਤਨ ਦਾ ਨਿਰਮਾਤਾ : ਨਾਨਕ ਸਿੰਘ

ਨਾਵਲ ਭਾਰਤੀ ਭਾਸ਼ਾਵਾਂ ਵਿਚ ਪੱਛਮੀ-ਸਾਹਿਤ-ਸੰਸਕ੍ਰਿਤੀ ਦੀ ਦੇਣ ਮੰਨਿਆ ਗਿਆ ਹੈ। ਪੰਜਾਬੀ ਨਾਵਲ ਸਮੀਖਿਆ ਵੀ ਇਸ ਧਾਰਨਾ ਨੂੰ ਮੰਨ ਕੇ ਤੁਰਦੀ ਹੈ। ਇਹ ਗੱਲ ਕਾਫ਼ੀ ਹਦ ਤੀਕ ਠੀਕ ਵੀ ਲੱਗਦੀ ਹੈ, ਕਿਉਂਕਿ ਨਾਵਲ ਰਚਨਾਂ ਦੇ ਸਾਹਮਣੇ ਆਉਣ ਨਾਲ ਸਾਡੀ ਬਿਰਤਾਂਤ-ਰਚਨ-ਪਰੰਪਰਾ ਇਕ ਨਵੇਂ ਅਧਿਆਇ ਵਿਚ ਵੱਟ ਜਾਂਦੀ ਹੈ। ਇਹ ਨਵਾਂ ਅਧਿਆਇ ਬਿਰਤਾਂਤ ਰੁਮਾਂਸ ਨੂੰ ਇਤਿਹਾਸਕ ਤੇ ਸਮਾਜਕ ਸਮੱਸਿਆਵਾਂ ਤੇ ਉਦੇਸ਼ਾਂ ਨਾਲ ਜੋੜ ਕੇ ਪੇਸ਼ ਕਰਦਾ ਹੈ ਅਤੇ ਇਸ ਦਿਸ਼ਾ ਵਿਚ ਇਹ ਵਿਧੀ ਐਸੀ ਅਖਤਿਆਰ ਕਰਦਾ ਹੈ ਕਿ ਲਗਭਗ ਬਿਰਤਾਂਤਕਤਾ ਦਾ ਸਾਰਾ ਵਾਯੂਮੰਡਲ ਇਤਿਹਾਸਕ ਤੱਥ ਜਾਂ ਸਮਾਜਕ ਯਥਾਰਥ ਦਾ ਰੂਪ ਧਾਰ ਜਾਂਦਾ ਹੈ ਅਤੇ ਰਚਨਾ ਵਿਚਲਾ ਹਰ ਵਿਵਰਣ ਜਟਲ ਯਥਾਰਥ ਦਾ ਭੁਲੇਵਾਂ ਬਣ ਕੇ ਸਾਹਮਣੇ ਆ ਜਾਂਦਾ ਹੈ। ਨਿਸ਼ਚੇ ਹੀ ਨਾਵਲ ਦੇ ਰੂਪ ਵਿਚ ਪ੍ਰਸਤੁਤ ਹੋਣ ਵਾਲੇ ਅਜਿਹੇ ਬਿਰਤਾਂਤ ਦਾ ਮੁਹਾਂਦਰਾ ਪੰਜਾਬ ਦੀ ਦੇਸੀ ਬਿਰਤਾਂਤਕ ਵਿਰਾਸਤ ਤੋਂ ਬਹੁਤ ਵੱਖਰਾ ਹੈ ਪੰਜਾਬ ਦੀ ਆਪਣੀ ਸਮਵ੍ਰਿਧ ਬਿਰਤਾਂਤਕ ਵਿਰਾਸਤ ਹੈ ਜਿਸ ਵਿਚ ਲੋਕ-ਕਹਾਣੀਆਂ ਕਿੱਸੇ, ਸਾਖੀਆਂ, ਵਾਰਾਂ ਆਦਿ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇਸ ਬਿਰਤਾਂਤਕ ਵਿਰਾਸਤ ਵਿਚ, ਬਿਰਤਾਂਤ ਦੀ ਯੋਜਨਾ ਤੇ ਸੰਗਠਨ ਬਹੁਤ ਸਾਧਾਰਨ ਹਨ। ਲੇਖਕ ਜਾਂ ਬਿਰਤਾਂਤਕਾਰ ਆਪਣੇ ਸਾਹਮਣੇ ਸਮਾਜਕ ਮਰਯਾਦਾ ਦੇ ਪ੍ਰਭਤੱਵ ਨੂੰ ਰੱਖਦਾ ਹੈ ਅਤੇ ਇਸ ਪ੍ਰਭਤੱਵ ਨੂੰ ਆਪਣਾ ਵਿਦਾ-ਬਿੰਦੂ ਬਣਾ ਕੇ, ਇਸ ਨੂੰ ਦ੍ਰਿੜ ਕਰਨ ਲਈ ਇਸ ਦੇ ਇਰਦ ਗਿਰਦ ਬਿਰਤਾਂਤ ਖੜੇ ਕਰ ਦੇਂਦਾ ਹੈ। ਇਸ ਪ੍ਰਸੰਗ ਵਿਚ ਬਿਰਤਾਂਤ ਦੀ ਪਰਿਭਾਸ਼ਾ ਘਟਨਾਵਾਂ ਦੀ ਨਿਰੰਤਰ ਜਾਂ ਜਾਟਲ ਲੜੀ ਹੁੰਦੀ ਹੈ। ਆਮ ਤੌਰ ਉਤੇ ਇਨ੍ਹਾਂ ਘਟਨਾਵਾਂ ਦਾ ਸੰਬੰਧ ਨਿਰੰਤਰਤਾ ਵਾਲਾ ਹੁੰਦਾ ਹੈ, ਪਰ ਜਦੋਂ ਕਿਸੇ ਕਾਰਨ ਕਹਾਣੀ ਅਗਾਂਹ ਤੁਰਨ ਤੋਂ ਨਾਂਹ ਕਰ ਦੇਂਦੀ ਹੈ ਤਾਂ ਕੁਝ ਹੋਰ ਜੁਗਤਾਂ ਤੇ ਸਾਮਗ੍ਰੀ ਦੇ ਵਿਵਰਣ ਬਿਰਤਾਂਤਕਾਰ ਆਪਣੇ ਕੋਲੋਂ ਪਾਂਦਾ ਹੈ ਤੇ ਇਸ ਤਰ੍ਹਾਂ ਕਹਾਣੀ ਦੀ ਤੰਦ ਅਗੋਂ ਫਿਰ ਤੁਰ ਪੈਂਦੀ ਹੈ। ਨਿਰੰਤਰਤਾ ਇਕ ਬਿੰਦੂ ਉਤੇ ਭੰਗ ਹੁੰਦੀ ਹੈ। ਕੁਝ ਫ਼ਾਲਤੂ ਜੁਗਤਾਂ ਦੇ ਵਿਵਰਣ ਦੁਆਰਾ ਰਤਾ ਕੁ ਜਟਿਲ ਹੋ ਜਾਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਤੇ ਫੇਰ ਆਪਣੀ ਚਾਲੇ ਨਿਰੰਤਰ ਹੋ ਜਾਂਦੀ ਹੈ। ਪਰੰਤੂ ਨਾਵਲ ਦੇ ਸਾਹਮਣੇ ਆਉਣ ਨਾਲ ਬਿਰਤਾਂਤ ਦਾ ਇਹ ਜਾਣਿਆ ਪਛਾਣਿਆ ਰੂਪ ਬਦਲ ਜਾਂਦਾ ਹੈ। ਇਥੇ ਲੇਖਕ ਪਾਸੋਂ ਮਰਯਾਦਾ ਦਾ ਪ੍ਰਭੁਤੱਵ ਵਡਿਆਉਣ ਦੀ ਆਸ ਘੱਟ ਤੇ ਇਸ ਦੇ ਮੁਕਾਬਲੇ ਉਤੇ ਜਟਿਲ ਯਥਾਰਥ ਦਾ ਪ੍ਰਦਰਸ਼ਨ ਪ੍ਰਸਤੁਤ ਕਰਨ ਦੀ ਮੰਗ ਕਿਤੇ ਵੱਧ ਹੁੰਦੀ ਹੈ। ਇਸੇ ਲਈ ਪੱਛਮ ਦੇ ਨਾਵਲ-ਸ਼ਾਸਤਰੀ ਨਾਵਲ ਦੀ ਪਰਿਭਾਸ਼ਾ ਨੂੰ ਵਿਸ਼ੇਸ਼ ਤੌਰ ਉਤੇ ਯਥਾਰਥ ਨਾਲ ਜੋੜਦੇ ਹਨ ਅਤੇ ਕਹਿੰਦੇ ਹਨ ਕਿ ਨਾਵਲਕਾਰ ਦਾ ਉਦੇਸ਼ ਹੀ ਯਥਾਰਥ ਨਾਲ ਸੰਬੰਧਿਤ ਮਸਲਿਆਂ ਨੂੰ ਉਘਾੜਨਾ ਹੈ। ਇਥੇ ਗੱਲ ਵਿਚ ਇਕ ਦ੍ਵੰਦਾਤਮਕ ਪ੍ਰਕਿਰਿਆ ਸ਼ਾਮਲ ਹੋ ਜਾਂਦੀ ਹੈ। ਇਹ ਦ੍ਵੰਦ ਵਿਧੀ ਤੇ ਵਸਤੂ ਦਾ ਦ੍ਵੰਦ ਹੈ। ਅਰਥਾਤ ਇਸ ਸਾਰੀ ਪ੍ਰਕਿਰਿਆ ਵਿਚ ਵਿਧੀ ਬਿਰਤਾਂਤਕ ਹੈ ਤੇ ਸਮਾਜਕ ਜਾਂ ਇਤਿਹਾਸਕ ਯਥਾਰਥ ਵਸਤੂ ਹੈ।

ਪੰਜਾਬ ਵਿਚ ਇਸ ਰੂਪਾਕਾਰ ਦਾ ਆਗਮਨ ਭਾਈ ਵੀਰ ਸਿੰਘ ਦੀਆਂ ਕਿਰਤਾਂ ਤੋਂ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਨੇ ਸੁੰਦਰੀ, ਬਿਜੈ ਸਿੰਘ ਸਤਵੰਤ ਕੌਰ, ਨੌਧ ਸਿੰਘ ਆਦਿ ਰਚਨਾਵਾਂ ਇਸ ਪੱਖ ਤੋਂ ਪੰਜਾਬੀ ਨੂੰ ਦਿੱਤੀਆਂ। ਭਾਈ ਵੀਰ ਸਿੰਘ ਦੀਆਂ ਇਹ ਕਿਰਤਾਂ ਨਾਵਲ ਦੇ ਪ੍ਰਾਰੰਭ ਵਜੋਂ ਸਵੀਕਾਰ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਵਿਧੀ ਬਿਰਤਾਂਤਕ ਹੈ ਪਰ ਵਸਤੂ ਸਿਖੀ ਨਾਲ ਸੰਬੰਧਿਤ ਪਰੰਪਰਾ ਤੇ ਇਤਿਹਾਸ ਹੈ। ਆਪਣੀ ਗਲਪ ਦ੍ਰਿਸ਼ਟੀ ਦੇ ਆਧਾਰ ਉਤੇ ਭਾਈ ਵੀਰ ਸਿੰਘ ਨੇ ਸਿੱਖ-ਪਰੰਪਰਾ ਤੇ ਇਤਿਹਾਸ ਦੀ ਬਿਰਤਾਂਤਕ ਰੂਪਾਕਾਰ ਵਿਚ ਪੁਨਰ ਉਸਾਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਉਦੇਸ਼ ਦੀ ਪੂਰਤੀ ਖਾਤਰ ਭਾਈ ਵੀਰ ਸਿੰਘ ਯਥਾਰਥ ਦੀ ਬਜਾਏ ਸਿੱਖ ਇਤਿਹਾਸ ਤੇ ਪਰੰਪਰਾ ਦੀ ਪੇਸ਼ਕਾਰੀ ਨੂੰ ਵਧੇਰੇ ਤਰਜੀਹ ਦੇ ਜਾਂਦਾ ਹੈ। ਇਸ ਲਈ ਭਾਈ ਵੀਰ ਸਿੰਘ ਦੀ ਬਿਰਤਾਂਤਕਤਾ ਵਿਚ ਸਮਾਜਕ ਯਥਾਰਥ ਦੀਆਂ ਜਟਿਲਤਾਵਾਂ ਪ੍ਰਸਤੁਤ ਹੋਣ ਦੀ ਬਜਾਏ ਜਾਸੂਸੀ ਰੁਮਾਂਸ ਦੀ ਤਕਨੀਕ ਤਰਜੀਹ ਪ੍ਰਾਪਤ ਕਰ ਜਾਂਦੀ ਹੈ, ਜਿਸ ਦੀ ਮਦਦ ਨਾਲ ਭਾਈ ਵੀਰ ਸਿੰਘ ਆਪਣੀ ਧਾਰਮਿਕ ਸੰਪ੍ਰਦਾਇ ਦੇ ਮਹੱਤਵ ਨੂੰ ਉਘਾੜਨ ਦਾ ਯਤਨ ਕਰਦਾ ਹੈ। ਪਰੰਤੂ ਭਾਈ ਵੀਰ ਸਿੰਘ ਤੋਂ ਮਗਰੋਂ ਨਾਨਕ ਸਿੰਘ ਦੇ ਹੱਥਾਂ ਵਿਚ ਜਾ ਕੇ ਇਹ ਬਿਰਤਾਂਤ ਕਲਾ ਨਿਸ਼ਚੇ ਹੀ ਇਕ ਵੱਖਰਾ ਰੂਪ ਧਾਰਨ ਕਰਦੀ ਹੈ।

ਭਾਈ ਵੀਰ ਸਿੰਘ ਚੇਤੰਨ ਤੌਰ ਉਤੇ ਸਿੱਖ-ਸੰਪ੍ਰਦਾਇ ਦਾ ਪਰਚਾਰਕ ਸੀ। ਨਾਨਕ ਸਿੰਘ ਚੇਤੰਨ ਤੌਰ ਉਤੇ ਸਮਾਜਕ ਮਸਲਿਆਂ ਦੀ ਪੇਸ਼ਕਾਰੀ ਕਰਨ ਵਾਲਾ ਉਪ-ਨਿਆਸਕਾਰ ਹੈ। ਕਈ ਵਿਦਵਾਨਾਂ ਨੇ ਨਾਨਕ ਸਿੰਘ ਨੂੰ ਵੀ ਸਮਾਜ ਸੁਧਾਰਕ ਨਾਵਲਕਾਰ ਕਿਹਾ ਹੈ। ਇਹ ਠੀਕ ਹੈ ਕਿ ਨਾਨਕ ਸਿੰਘ ਪਰਚਾਰ ਤੇ ਸੁਧਾਰ ਦਾ ਆਦਰਸ਼ਵਾਦ ਆਪਣੇ ਨਾਲ ਲੈ ਕੇ ਤੁਰਦਾ ਹੈ ਪਰ ਆਪਣੇ ਅਜਿਹੇ ਆਦਰਸ਼ਵਾਦ ਦੀ ਦਿਸ਼ਾ ਨੂੰ ਉਘਾੜਨ ਤੋਂ ਪਹਿਲਾਂ ਨਾਨਕ ਸਿੰਘ ਅਜਿਹੇ ਦ੍ਰਿਸ਼ ਸਿਰਜਦਾ ਹੈ, ਜੋ ਆਪਣੇ ਦੁਆਰਾ ਸਮਾਜਕ ਮਸਲਿਆਂ ਨੂੰ ਤ੍ਰਾਸਦਕ ਸਥਿਤੀ ਦੀ ਹੱਦ ਤੀਕ ਲੈ ਜਾਣ ਵਾਲੇ ਹੁੰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਦ੍ਰਿਸ਼ਾਂ ਵਿਚ ਇਕ ਤਾਂ ਯਥਾਰਥ ਦਾ ਚਿਤਰਨ ਹੁੰਦਾ ਹੈ ਤੇ ਦੂਸਰਾ ਬਿਰਤਾਂਤਕਾਰ ਦਾ ਇਸ ਚਿਤਰਨ ਵੱਲ ਵਤੀਰਾ। ਚਿਤਰਨ ਵਿਚ ਵਿਵਰਣ ਹੁੰਦਾ ਹੈ ਤੇ ਬਿਰਤਾਂਤਕਾਰ ਦੇ ਵਤੀਰੇ ਵਿਚ ਉਸ ਵੱਲ ਭਾਵਕ-ਵਿਧੀ ਤੇ ਇਸ ਭਾਵਕ ਪਹੁੰਚ-ਵਿਧੀ ਦੇ ਆਧਾਰ ਉਤੇ ਅਗੋਂ ਨਾਨਕ ਸਿੰਘ ਅਜਿਹੇ ਚਿਤਰਾਂ ਨੂੰ ਤਿਆਗਣਯੋਗ ਜਾਂ ਗ੍ਰਹਿਣ ਕਰਨਯੋਗ ਕੋਟੀਆਂ ਵਿਚ ਆਪਣੇ ਸੁਧਾਰਵਾਦੀ ਆਦਰਸ਼ਵਾਦ ਦੇ ਮੁਤਾਬਕ ਰਖ ਲੈਂਦਾ ਹੈ।

ਇਸ ਚਰਚਾ ਤੋਂ ਸਾਡਾ ਭਾਵ ਇਹ ਦਸਣ ਦਾ ਹੈ ਕਿ ਨਾਨਕ ਸਿੰਘ ਆਪਣੇ ਤੋਂ ਪਹਿਲੇ ਸੰਪਰਦਾਈ ਆਦਰਸ਼ ਤੇ ਉਦੇਸ਼ ਵਾਲੇ ਉਪਨਿਆਸ ਤੋਂ ਰਤਾ ਕੁ ਤਿਲਕ ਕੇ ਸਮਾਜਕ ਯਥਾਰਥ ਪ੍ਰਸਤੁਤ ਕਰਨ ਵਾਲੇ ਉਪਨਿਆਸ ਵੱਲ ਆਪਣਾ ਮੁਖ ਤੇ ਰੁਖ ਕਰਦਾ ਹੈ। ਇਹ ਹੀ ਕਾਰਨ ਹੈ ਕਿ ਨਾਨਕ ਸਿੰਘ ਇਕ ਮਕਬੂਲ ਨਾਵਲਕਾਰ ਵਾਂਗ ਛੇਤੀ ਹੀ ਸਵੀਕਾਰਿਆ ਜਾਂਦਾ ਹੈ। 1950 ਤੋਂ ਪਹਿਲਾਂ ਦੇ ਪੰਜਾਬੀ ਸਾਹਿਤ-ਸਭਿਆਚਾਰ ਵਿਚ ਨਾਵਲ ਤੇ ਨਾਵਲਕਾਰ ਦਾ ਮਤਲਬ ਨਾਨਕ ਸਿੰਘ ਹੀ ਹੈ। ਕਈ ਹੋਰ ਛੋਟੇ ਮੋਟੇ ਰਚਨਾਕਾਰ ਵੀ ਹੋਏ, ਜਿਨ੍ਹਾਂ ਨੇ ਸਿੱਧਾ ਹੀ ਨਾਨਕ ਸਿੰਘ ਦੇ ਬਿਰਤਾਂਤਕ ਹੁਨਰ ਦੇ ਭਾਵੀ ਰੁਮਾਂਸ ਤੋਂ ਪ੍ਰੇਰਨਾ ਲੈਂਦਿਆਂ ਨਾਵਲਕਾਰੀ ਕੀਤੀ ਪਰ ਉਹ ਨਾਨਕ ਸਿੰਘ ਦੇ ਇਸ ਖੇਤਰ ਵਿਚ ਪ੍ਰਭੁੱਤਾਪਰਕ ਪ੍ਰਭਾਵ ਦੇ ਵਿਚ ਹੀ ਸਮਾ ਗਏ। ਇਸ ਵੇਲੇ ਤੀਕ ਪੰਜਾਬ ਵਿਚ ਅੰਗ੍ਰੇਜ਼ੀ ਸਾਮਰਾਜ ਦੀਆਂ ਆਪਣੀਆਂ ਲੋੜਾਂ ਮੁਤਾਬਕ ਨਾਗਰਿਕਤਾ ਦਾ ਪੁਨਰ ਨਿਰਮਾਣ ਹੋ ਚੁੱਕਾ ਸੀ, ਜਿਸ ਸਦਕਾ ਇਕ ਐਸੀ ਸ਼ਹਿਰੀ ਮੱਧ-ਸ਼੍ਰੇਣੀ ਸਾਹਮਣੇ ਆ ਚੁੱਕੀ ਸੀ ਜੋ ਸਾਹਿਤ ਦੀ ਹਰ ਕਿਰਤ ਪਾਸੋਂ ਪਹਿਲੀ ਪੱਧਰ ਉਪਰ ਰੁਮਾਨੀ ਭਾਵਕਤਾ ਤੇ ਦੂਸਰੀ ਪੱਧਰ ਉਪਰ ਸਮਾਜਕ ਯਥਾਰਥ ਤੇ ਆਦਰਸ਼ ਦੀ ਆਸ ਰਖਦੀ ਸੀ, ਪਰ ਜ਼ਿਆਦਾ ਬੋਲ ਬਾਲਾ ਭਾਵੁਕ ਰੁਮਾਂਸ ਦਾ ਸੀ। ਬਿਰਤਾਂਤਕਾਰ ਪਾਸੋਂ ਵੀ ਇਹ ਆਸ ਰਖੀ ਜਾਂਦੀ ਸੀ ਕਿ ਉਹ ਐਸੀ ਕੱਥਾ-ਕਹਾਣੀ ਪੇਸ਼ ਕਰੇ ਜੋ ਲੂੰ ਕੰਡੇ ਖੜੇ ਕਰ ਦੇਣ ਵਾਲੀ ਭਾਵੁਕਤਾ ਦਾ ਮਾਹੌਲ ਪੈਦਾ ਕਰੇ। ਅਤੇ ਪਾਠਕ ਪਾਸੋਂ ਅਜਿਹੇ ਰੁਮਾਨੀ ਵਹਿਣ ਵਿਚ ਵਹਿ ਤੁਰਨ ਦੀ ਆਸ ਵੀ ਕੀਤੀ ਜਾਂਦੀ ਸੀ। ਇਉਂ ਅੰਗ੍ਰੇਜ਼ ਹਾਕਮਾਂ ਨੇ ਉਪਭੋਗਤਾ ਸਮਾਜ ਦਾ ਨਿਰਮਾਨ ਕੀਤਾ ਤੇ ਇਸ ਤਰ੍ਹਾਂ ਸਾਹਿਤ-ਸਿਰਜੀਆਂ, ਸਾਹਿਤ-ਸੇਵੀਆਂ ਤੇ ਸਾਹਿਤ-ਪਾਠਕਾਂ ਨੇ ਉਪਭੋਗਤਾਯੁਕਤ ਪਾਠਾਂ ਦੀ ਸੰਸਕ੍ਰਿਤੀ ਦਾ ਨਿਰਮਾਨ ਕੀਤਾ। ਇਸ ਪ੍ਰਸੰਗ ਵਿਚ ਅਸੀਂ ਨਾਨਕ ਸਿੰਘ ਨੂੰ ਉਪਭੋਗਵਾਦੀ ਉਪਨਿਆਸਕਾਰ ਕਹਿ ਸਕਦੇ ਹਾਂ। ਪਰ ਇਸ ਦੇ ਬਾਵਜੂਦ ਅਸੀਂ ਇਹ ਵੀ ਕਹਿੰਦੇ ਹਾਂ ਕਿ ਪੰਜਾਬੀ ਵਿਚ ਨਾਵਲ ਸੰਸਕ੍ਰਿਤੀ ਦਾ ਨਿਰਮਾਨ ਕਰਨ ਵਾਲਾ ਵੀ ਨਾਨਕ ਸਿੰਘ ਹੀ ਹੈ।

ਨਾਨਕ ਸਿੰਘ ਨੇ ਆਪਣੀ ਕਿਸਮ ਦੇ ਪ੍ਰੌਢ ਉਪਨਿਆਸਕਾਰਾਂ ਵਾਂਗ ਆਪਣਾ ਸਫ਼ਰ 'ਚਿੱਟਾ ਲਹੂ' ਤੋਂ ਸ਼ੁਰੂ ਕੀਤਾ ਤੇ ਉਸ ਤੋਂ ਉਪਰੰਤ ਕੋਈ 'ਹਰਿਆ ਬੂਟ ਰਹਿਓ ਹੀ' 'ਗਗਨ ਦਮਾਮਾ ਬਾਜਿਆ' ਤੇ 'ਇਕ ਮਿਆਨ ਦੋ ਤਲਵਾਰਾਂ, ਤੀਕ ਦਰਜਨਾਂ' ਨਾਵਲ ਪੰਜਾਬੀ ਜਗਤ ਨੂੰ ਦਿੱਤੇ। ਇਨ੍ਹਾਂ ਨਾਵਲਾਂ ਦੇ ਅਧਿਐਨ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਗੱਲ ਖਾਸੀ ਸਪਸ਼ਟ ਹੈ ਕਿ ਨਾਵਲਾਂ ਦੇ ਸਾਮੱਗ੍ਰੀ ਵਿਵਰਣ ਸਮੇਂ ਸਮੇਂ ਬਦਲਦੇ ਗਏ ਹਨ ਪਰ ਉਨ੍ਹਾਂ ਦਾ ਵਿਧੀ-ਵਿਨਿਆਸ ਲਗਭਗ ਇਕੋ ਜਿਹਾ ਰਿਹਾ ਹੈ। ਆਪਣੀ ਇਸ ਗੱਲ ਨੂੰ ਉਘਾੜਨ ਲਈ ਅਸੀਂ ਉਸ ਦੇ ਨਾਵਲ 'ਚਿੱਟਾ ਲਹੂ' ਦੀ ਮਿਸਾਲ ਲੈਂਦੇ ਹਾਂ। 'ਚਿੱਟਾ ਲਹੂ' ਦੇ ਨਾਂ ਤੋਂ ਹੀ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਨਾਨਕ ਸਿੰਘ ਸਾਡੇ ਸਮਾਜ ਦੇ ਅਲੰਬਰਦਾਰਾਂ ਦੇ ਚਿੱਟੇ ਹੋ ਚੁੱਕੇ ਲਹੂ ਦੀ ਗੱਲ ਕਰਨਾ ਚਾਹੁੰਦਾ ਹੈ। ਪਰ ਇਥੇ ਵੀ ਦ੍ਵੈਤ ਵਿਧੀ ਤੇ ਵਸਤੂ ਦਾ ਹੈ। ਵਿਧੀ ਚਿੱਟਾ-ਲਹੂ ਹੈ, ਵਸਤੂ ਸਮਾਜ ਦੇ ਅਲੰਬਰਦਾਰਾਂ ਦੀ ਅਤ ਘਿਨਾਉਣੇ ਸਿੱਖਰ ਉੱਤੇ ਪੁੱਜੀ ਹੋਈ ਕਰਤੂਤ ਦਾ ਹੈ। ਇਹ ਕਰਤੂਤ ਨਾਨਕ ਸਿੰਘ ਦੇ ਮੁਤਾਬਕ ਸਮਾਜਕ ਯਥਾਰਥ ਹੈ ਤੇ ਇਸ ਯਥਾਰਥ ਦਾ ਕਲਾਤਮਕ ਸੁਗਠਨ ਚਿੱਟਾ ਲਹੂ ਹੈ। ਇਸ ਤੋਂ ਉਪਰੰਤ ਨਾਵਲ ਦੇ ਵਿਸਥਾਰ ਵਿਚ ਪੈਣ ਤੋਂ ਇਹ ਪਤਾ ਲੱਗੇਗਾ ਕਿ ਜਦੋਂ ਨਾਨਕ ਸਿੰਘ ਚਿੱਟੇ ਲਹੂ ਨੂੰ ਦ੍ਰਿਸ਼ਟਮਾਨ ਕਰਨ ਲੱਗਦਾ ਹੈ ਤਾਂ ਉਸ ਤੋਂ ਪਹਿਲਾਂ ਬੇਬਸੀਆਂ ਦੀ ਅਤਿਅੰਤ ਕਰੁਣਾ ਭਰਪੂਰ ਤਸਵੀਰ ਪੇਸ਼ ਕਰਨ ਦਾ ਯਤਨ ਕਰਦਾ ਹੈ। ਇਹ ਕਰੁਣਾ ਆਪਣੇ ਆਪ ਵਿਚ ਏਨੀ ਪ੍ਰਬਲ ਭਾਵੁਕਤਾ ਦਾ ਰੂਪ ਅਖ਼ਤਿਆਰ ਕਰ ਜਾਂਦੀ ਹੈ ਕਿ ਲੇਖਕ ਆਪ ਵੀ ਇਸ ਵਿਚ ਵਹਿ ਜਾਂਦਾ ਹੈ। ਬਿਰਤਾਂਤਕ ਵਿੱਥ ਦੀ ਬਜਾਏ ਸਾਰੀ ਗੱਲ ਇਕ ਵਾਪਰੀ ਘਟਨਾ ਦੇ ਸਥੱਲ ਉੱਤੇ ਆ ਜਾਂਦੀ ਹੈ। ਨਾਵਲ ਦੇ ਆਰੰਭ ਵਿਚ ਹੀ ਗੁਰਦਈ, ਜੋ ਹੁਸਨ ਦੀ ਸਾਕਾਰ ਮੂਰਤ ਹੈ, ਬਾਲ ਵਿਧਵਾ ਹੋ ਕੇ ਆਪਣੇ ਮਤਰੇਏ ਪੁੱਤਾਂ ਦੁਆਰਾ ਕਈ ਪ੍ਰਕਾਰ ਦੇ ਭੰਬਲ ਭੂਸਿਆਂ ਵਾਲੇ ਰਾਹ ਉਤੇ ਪੈ ਜਾਂਦੀ ਹੈ ਤੇ ਅਖੀਰ ਉੱਤੇ ਵੇਸਵਾ ਦੇ ਰੂਪ ਵਿਚ ਅਨਵਰ ਜਾਨ ਬਣ ਕੇ ਵਿਆਹ ਸ਼ਾਦੀਆਂ ਉੱਤੇ ਨਿਰਤ ਕਰਦੀ ਹੈ। ਗੁਰਦੇਈ ਦੀ ਇਸ ਸਾਰੀ ਕਹਾਣੀ ਨੂੰ ਨਾਨਕ ਸਿੰਘ ਨੇ ਕਈ ਜਟਿਲ ਤੇ ਗੁੰਝਲਦਾਰ ਦ੍ਰਿਸ਼ਾਂ ਦੁਆਰਾ ਅਤਿਅੰਤ ਕਰੁਣਾ ਭਰਪੂਰ ਤਰੀਕੇ ਨਾਲ ਪੇਸ਼ ਕੀਤਾ ਹੈ। ਇਸੇ ਵਿਵਰਣ ਦੇ ਨਾਲ ਨਾਲ ਉਹ ਗੁਰਦੇਈ ਦੀ ਬੇਬਸੀ ਦਾ ਫ਼ਾਇਦਾ ਉਠਾਣ ਵਾਲੇ ਕਈ ਕਿਰਦਾਰ ਪੇਸ਼ ਕਰਦਾ ਹੈ, ਜਿਨ੍ਹਾਂ ਵਿਚ ਰਾਧਾ-ਕ੍ਰਿਸ਼ਨ ਵਰਗੇ ਕਈ ਲੋਗ ਆਉਂਦੇ ਹਨ ਜੋ ਉਪਰੋਂ ਤਾਂ ਮਾਨਵ ਦਾ ਰੋਲ ਅਦਾ ਕਰਦੇ ਹਨ ਪਰ ਅੰਦਰੋਂ ਮੱਕਾਰ ਧੋਖਾਬਾਜ਼ ਹਨ। ਇਸੀ ਤਰ੍ਹਾਂ ਨਾਨਕ ਸਿੰਘ ਇਸ ਸਾਰੇ ਨਾਵਲ ਵਿਚ ਅਜਿਹੇ ਲੋਕਾਂ ਦੁਆਰਾ ਸਮਾਜ ਵਿਚ ਫੈਲਾਏ ਭ੍ਰਿਸ਼ਟਾਚਾਰ ਦੀਆਂ ਹੋਰ ਤਸਵੀਰਾਂ ਵੀ ਪੇਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਆਪਣੀ ਮਾਨਸਿਕਤਾ ਵਿਚ ਪਏ ਆਦਰਸ਼ਵਾਦੀ ਸੰਸਕਾਰ ਦੇ ਆਧਾਰ ਉਤੇ ਕੁਝ ਪਾਤਰ ਸਿਰਜਦਾ ਹੈ। ਇਹ ਪਾਤਰ ਗਿਆਨੀ ਦੀਦਾਰ ਸਿੰਘ ਦੇ ਸਾਜੇ ਨਿਵਾਜੇ ਸੁੰਦਰੀ ਤੇ ਬਚਨ ਸਿੰਘ ਹਨ, ਜੋ ਇਕ ਦੂਸਰੇ ਨਾਲ ਪ੍ਰੇਮ-ਰੁਮਾਂਸ ਵੀ ਕਰਦੇ ਹਨ ਤੇ ਸਮਾਜ-ਸੁਧਾਰ ਦੇ ਆਦਰਸ਼ ਦੀ ਪੂਰਤੀ ਦੀ ਪਰਤਿਗਿਆ ਤੇ ਪ੍ਰਤਿਬੱਧਤਾ ਵੀ। ਪਰ ਇਨ੍ਹਾਂ ਦੇ ਐਨ ਉਲਟ ਨਾਨਕ ਸਿੰਘ ਪਾਲਾ ਸਿੰਘ ਦੀ ਜੁੰਡਲੀ ਦੇ ਪਾਤਰ ਵੀ ਪੇਸ਼ ਕਰਦਾ ਹੈ ਜੋ ਇਹਨਾਂ ਦੇ ਸੁਧਾਰਵਾਦ ਦੇ ਵੈਰੀ ਹਨ। ਇਸ ਤੋਂ ਬਿਨਾ ਹੋਰ ਵੀ ਕਈ ਪ੍ਰਕਾਰ ਦੀ ਲੁਟ ਘਸੁਟ ਪੇਸ਼ ਕਰਨ ਵਾਲੇ ਨਜ਼ਾਰੇ ਨਾਨਕ ਸਿੰਘ ਇਸ ਨਾਵਲ ਵਿਚ ਪੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ ਤੇ ਇਨ੍ਹਾਂ ਨੂੰ ਦੂਰ ਕਰਨ ਲਈ ਕੁਝ ਉਚੇਰੇ ਚਰਿੱਤਰ ਵਾਲੇ ਕਿਰਦਾਰ ਵੀ ਘੜਦਾ ਹੈ। ਪਰ ਅਜਿਹਾ ਸਾਰਾ ਵਿਵਰਣ ਆਦਿ ਤੋਂ ਅੰਤ ਤੀਕ ਰੁਮਾਂਸ ਨਾਲ ਕੀਲਣ ਵਾਲਾ ਪ੍ਰਭਾਵ ਪ੍ਰਸਤੁਤ ਕਰਦਾ ਹੈ।

ਇਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਨਾਨਕ ਸਿੰਘ ਸਮਾਜ, ਯਥਾਰਥ ਇਸ ਨਾਲ ਸੰਬੰਧਿਤ ਮਸਲੇ, ਇਨ੍ਹਾਂ ਦਾ ਸੁਧਾਰਵਾਦ ਸਭ ਕਾਸੇ ਪ੍ਰਤੀ ਰੁਚਿਤ ਹੈ ਪਰੰਤੂ ਇਨ੍ਹਾਂ ਨੂੰ ਆਪਣੀ ਮਾਨਸਿਕਤਾ ਵਿਚ ਰੱਖ ਕੇ ਇਨ੍ਹਾਂ ਦੇ ਆਧਾਰ ਉਤੇ ਜੋ ਬਿਰਤਾਂਤ ਸਿਰਜਦਾ ਹੈ ਉਹ ਉਸ ਦੀ ਸਮਾਜਕ ਸੂਝ ਵਿਚੋਂ ਨਹੀਂ ਸਗੋਂ ਉਸ ਦੇ ਬਿਰਤਾਂਤਕ ਰੁਮਾਂਸ ਵਿਚੋਂ ਪੈਦਾ ਹੁੰਦਾ ਹੈ। ਬਿਰਤਾਂਤਕ ਰੁਮਾਂਸ ਤੋਂ ਭਾਵ ਐਸੀਆਂ ਸਨਸਨੀਖੇਜ਼ ਤੇ ਦੁਖ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਵਾਲੀਆਂ ਘਟਨਾਵਾਂ ਤੋਂ ਹੈ ਜੋ ਮਨੁੱਖ ਨੂੰ ਸਹਿਜੇ ਹੀ ਭਾਵਕ ਤੌਰ ਉੱਤੇ ਟੁੰਬ ਸਕਦੀਆਂ ਹਨ।

ਇਹ ਨਾਨਕ ਸਿੰਘ ਦੀ ਉਪਨਿਆਸ-ਸਿਰਜਨਾ ਦਾ ਬੁਨਿਆਦੀ ਸੰਸਕਾਰ ਹੈ। ਨਾਨਕ ਸਿੰਘ ਦੇ ਅਗਲੇ ਨਾਵਲਾਂ ਵਿਚ ਵੀ ਸਮੇਂ ਸਮੇਂ ਅਨੁਸਾਰ ਘਟਨਾਵਾਂ ਤੇ ਸਮੱਸਿਆਵਾਂ ਯਥਾਰਥ ਤੋਂ ਲੈ ਕੇ ਸਮਾਜਵਾਦ ਤੀਕ ਚਲੀਆਂ ਗਈਆਂ ਹਨ, ਪਰ ਨਾਨਕ ਸਿੰਘ ਦਾ ਗਲਪੀ ਵਤੀਰਾ ਜੋ ਉਚੇਚੇ ਤੌਰ ਉਤੇ ਬਿਰਤਾਂਤਕ ਵਿਨਿਆਸ ਦੀ ਬਜਾਏ, ਬਿਰਤਾਂਤਕ ਰੁਮਾਂਸ ਪੈਦਾ ਕਰਨ ਵਲ ਰੁਚਿਤ ਹੈ ਤੇ ਆਪਣਾ ਕਾਰਜ ਕਰਦਾ ਨਜ਼ਰ ਆਉਂਦਾ ਹੈ।

ਇਸ ਪ੍ਰਸਤਾਵ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਜਦੋਂ ਮੱਧਕਾਲ ਦੇ ਬਿਰਤਾਂਤ ਉਪਰ ਝਾਤੀ ਮਾਰਦੇ ਹਾਂ ਤਾਂ ਲਗ ਭਗ ਹਰ ਬਿਰਤਾਂਤ ਵਿਚੋਂ ਇਹ ਗੱਲ ਉਘੜ ਕੇ ਆਉਂਦੀ ਹੈ ਕਿ ਮਾਨਵੀ ਜੀਵਨ ਭਾਵਾਂ ਵਿਚ ਪਰਵਾਹਿਤ ਹੋਣ ਦਾ ਨਾਮ ਨਹੀਂ, ਸਗੋਂ ਮਰਯਾਦਾ ਵਿਚ ਸੁਗਠਿਤ ਹੋਣ ਦਾ ਨਾਮ ਹੈ। ਇਹ ਰਸਤਾ ਪ੍ਰਕਿਰਤੀ ਵਿਚੋਂ ਨਿਕਲ ਕੇ, ਵੇਦਨਾ-ਸੰਵੇਦਨਾ ਰਾਹੀਂ ਸਮਾਜਕ ਮਰਯਾਦਾ ਦੇ ਰਾਹ ਉਤੇ ਤੁਰਨ ਦਾ ਹੈ। ਇਸ ਵਿਚ ਦ੍ਵੰਦ ਵੀ ਹਨ, ਜਟਿਲਤਾਵਾਂ ਵੀ। ਪਰ ਮਾਰਗ ਤਾਂ ਮਰਯਾਦਾ ਵਿਚ ਰੂੜ੍ਹ ਹੋਇਆ ਅਨੁਸ਼ਾਸ਼ਿਤ ਜੀਵਨ ਹੈ। ਪਰ ਇਸ ਦੇ ਮੁਕਾਬਲੇ ਉਤੇ ਜਦੋਂ ਅਸੀਂ ਨਾਨਕ ਸਿੰਘ ਦੇ ਨਾਵਲ ਨਿਰਮਾਨ ਦੀ ਪਿੱਠ ਭੂਮੀ ਵਿਚ ਕਾਰਜਸ਼ੀਲ ਸੰਸਕਾਰ ਨੂੰ ਵੇਖਣ ਦਾ ਯਤਨ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਨਾਨਕ ਸਿੰਘ ਪਰਚਾਰਕ ਤੇ ਸੁਧਾਰਵਾਦੀ ਹੁੰਦਾ ਹੋਇਆ ਵੀ ਆਪਣੀ ਬੁਨਿਆਦੀ ਪ੍ਰੇਰਨਾ ਰੁਮਾਂਸ ਤੋਂ ਲੈਂਦਾ ਹੈ ਤੇ ਇਸੇ ਰੁਮਾਂਸ ਰਾਹੀਂ ਆਪਣੇ ਗਲਪੀ-ਸੰਗਠਨਾ ਨਾਲ ਨਜਿੱਠਦਾ ਹੈ। ਇਹ ਸਾਰੀ ਗਤੀ ਵਿਧੀ ਉਪਭੋਗਤਾਵਾਦੀ ਰਚਨ-ਪ੍ਰਕਿਰਿਆ ਦੀ ਵਿਧੀ ਹੈ। ਅੱਜ ਇਸ ਨੂੰ ਵਿਸ਼ਵ ਦੀ ਪੱਧਰ ਉਤੇ ਪਛਾਣ ਕੇ, ਤਿਆਗਣ ਦਾ ਯਤਨ ਕੀਤਾ ਹੈ ਕਿ ਨਾਵਲਕਾਰ ਦਾ ਕੰਮ ਬਿਰਤਾਂਤਕ ਤਕਨਾਲੋਜੀ ਦੁਆਰਾ ਅਰਥਾਂ ਦਾ ਸਿਰਜਨ ਹੈ। ਕਾਰਨ ਸਪਸ਼ਟ ਹੈ ਕਿ ਇਸ ਜਿਚ ਬੁਨਿਆਦੀ ਤੌਰ ਉਤੇ ਭਾਸ਼ਾ ਸ਼ਾਮਲ ਹੈ। ਭਾਸ਼ਾ ਦੀ ਭਾਸ਼ਾਤਮਕ ਵਰਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥਾਂ ਵਲ ਜਾਂਦੀ ਹੈ ਤੇ ਭਾਸ਼ਾ ਦੀ ਮਾਧਿਅਮਮੂਲਕ ਵਰਤੋਂ ਵਸਤਾ ਨਜ਼ਾਰਿਆਂ ਦੇ ਪ੍ਰਦਰਸ਼ਨ ਵਲ ਜਾਂ ਭਾਵਾਂ ਦੀ ਅਭਿਵਿਅਕਤੀ ਵਲ। ਨਾਨਕ ਸਿੰਘ ਨੇ ਦੂਸਰੇ ਪ੍ਰਕਾਰ ਦੀ ਵਰਤੋਂ ਕੀਤੀ ਹੈ। ਪਰ ਇਕ ਗੱਲ ਫ਼ਿਰ ਵੀ ਹੈ; ਉਹ ਇਹ ਕਿ ਨਾਨਕ ਸਿੰਘ ਨੇ ਪੰਜਾਬੀ ਵਿਚ ਨਾਵਲ ਕਲਚਰ ਦਾ ਨਿਸ਼ਚੇ ਹੀ ਨਿਰਮਾਨ ਕੀਤਾ ਹੈ। ਨਾਨਕ ਸਿੰਘ ਤੋਂ ਅੱਗੋਂ ਆਉਣ ਵਾਲੇ ਨਾਵਲਕਾਰ ਜਿਨ੍ਹਾਂ ਵਿਚ ਅਸੀਂ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ ਆਦਿ ਨੂੰ ਸ਼ਾਮਲ ਕਰ ਸਕਦੇ ਹਾਂ, ਆਪਣੀ ਨਾਵਲ ਰਚਨਾ ਦਾ ਬੁਨਿਆਦੀ ਸੰਸਕਾਰ ਨਾਨਕ ਸਿੰਘ ਵਾਲਾ ਹੀ ਰੱਖਦੇ ਹਨ ਅਰਥਾਤ ਨਾਨਕ ਸਿੰਘ ਦੁਆਰਾ ਪਾਏ ਪੂਰਨਿਆਂ ਉੱਪਰ ਹੀ ਚੱਲਦੇ ਹਨ। ਚੇਤੰਨ ਪੱਧਰ ਉਤੇ ਸਾਡੀਆਂ ਆਲੋਚਨਾਤਮਕ ਧਾਰਨਾਵਾਂ ਨੇ ਭਾਵੇਂ ਨਾਨਕ ਸਿੰਘ ਨੂੰ ਤਿਆਗਣ ਦਾ ਯਤਨ ਕੀਤਾ ਹੈ ਪਰੰਤੂ ਅਚੇਤ ਦੀ ਪੱਧਰ ਉਤੇ ਸਾਡੇ ਕੋਲ ਨਾਵਲ-ਕਲਚਰ ਨਾਨਕ ਸਿੰਘ ਵਾਲਾ ਹੀ ਹੈ। ਇਨ੍ਹਾਂ ਅਰਥਾਂ ਵਿਚ ਹੀ ਅਸੀਂ ਨਾਨਕ ਸਿੰਘ ਨੂੰ ਪੰਜਾਬੀ ਨਾਵਲ ਦੇ ਅਵਚੇਤਨ ਦਾ ਨਿਰਮਾਤਾ ਕਹਿੰਦੇ ਹਾਂ। ਇਹ ਗੱਲ ਵੱਖਰੀ ਹੈ ਕਿ ਇਸ ਵੇਲੇ ਪ੍ਰਯਤਨਸ਼ੀਲ ਹੋ ਕੇ ਇਸ ਅਵਚੇਤਨ ਨੂੰ ਬਦਲਣ ਦੀ ਲੋੜ ਹੈ ਤੇ ਇਹ ਬਦਲ ਤਾਂ ਸਕਦਾ ਹੈ ਜੇ ਅਸੀਂ ਨਾਵਲ ਨੂੰ ਸਮੇਤ ਉਸ ਭਾਸ਼ਾਈ ਤੇ ਭਾਸ਼ਾ ਅਤਿਰਿਕਤ ਜੁਗਤਾਂ ਦੇ ਮਾਧਿਅਮ ਮਾਤਰ ਨ ਸਮਝ ਕੇ ਇਕ ਮਾਡਲ ਵਾਂਗ ਸਵੀਕਾਰ ਕਰੀਏ ਅਤੇ ਇਸ ਤਰ੍ਹਾਂ ਇਸ ਨੂੰ ਅਰਥ ਉਤਪਾਦਨ ਵਾਲਾ ਪ੍ਰਵਚਨ ਮੰਨੀਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗੀਤ ਅਤੇ ਨਾਟਕ ਦਾ ਪੰਜਾਬੀ ਲੋਕ-ਮਨ ਨਾਲ ਰਿਸ਼ਤਾ

ਸੰਗੀਤ ਤੇ ਨਾਟਕ ਅਜਿਹੀਆਂ ਵਿਕਸਿਤ ਕਲਾਵਾਂ ਹਨ, ਜਿਨ੍ਹਾਂ ਦਾ ਸਿਰਜਨ ਤੇ ਜਿਨ੍ਹਾਂ ਸੰਬੰਧੀ ਪ੍ਰਤੀਉੱਤਰ ਅਤਿਅੰਤ ਵਿਕਸਿਤ ਸਭਿਆਚਾਰ ਵਿਚ ਹੀ ਸੰਭਵ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਵਿਕਸਿਤ ਸਭਿਆਚਾਰ ਸੰਗੀਤ ਤੇ ਨਾਟਕ ਦੁਆਰਾ ਆਪਣੀ ਮਾਨਸਿਕਤਾ ਵਿਚ ਉਜਾਗਰ ਹੋਣ ਵਾਲੀ ਸੁਹਜਾਤਮਕ ਜਗਿਆਸ ਦੀ ਪੂਰਤੀ ਕਰਦਾ ਹੈ। ਵਿਕਸਿਤ ਸਭਿਆਚਾਰ ਦੇ ਉਦੇਸ਼ਮੂਲਕ ਕਈ ਹੋਰ ਆਯਾਮ ਵੀ ਹੋ ਸਕਦੇ ਹਨ; ਪਰ ਸੁਹਜਸੰਪੰਨ ਦ੍ਰਿਸ਼ਟੀ ਦੀ ਸਿਰਜਨਾ ਤੇ ਇਸ ਸੰਬੰਧੀ ਪ੍ਰਤੀਉੱਤਰ ਅਜਿਹਾ ਸਭਿਆਚਾਰ ਦੂਸਰੀਆਂ ਕੋਮਲ ਕਲਾਵਾਂ ਜਿਹਾ ਕਿ ਕਵਿਤਾ, ਨਾਵਲ ਆਦਿ ਦੇ ਨਾਲ ਨਾਲ ਕਿਤੇ ਵੱਧ ਨਾਟਕ ਤੇ ਸੰਗੀਤ ਰਾਹੀਂ ਵੀ ਕਰਦਾ ਹੈ।

ਸਾਡਾ ਉਦੇਸ਼ ਇਸ ਸਾਰੀ ਗੱਲ ਦੀ ਵਜ਼ਾਹਤ ਪੰਜਾਬੀ ਲੋਕ-ਮਨ ਦੇ ਸੰਦਰਭ ਵਿਚ ਕਰਨ ਦਾ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਲੋਕ-ਮਨ ਸਾਮੂਹਕ ਮਾਨਸਿਕਤਾ ਦਾ ਹੀ ਦੂਸਰਾ ਨਾਂ ਹੈ। ਅਤੇ ਸਾਮੂਹਕ ਮਾਨਸਿਕਤਾ ਕਿਸੇ ਵੀ ਮਾਨਵੀ ਸੰਪਰਦਾਇ ਦੇ ਅੰਤਰਗਤ ਸਮੁੱਚੀ ਮਾਨਵੀ ਰਹਤਲ ਨੂੰ ਸੰਤੁਲਿਤ ਰੱਖਣ ਦਾ ਬਹੁਤ ਹੀ ਬੁਨਿਆਦੀ ਸਾਧਨ ਹੈ। ਜੇਕਰ ਧਿਆਨ ਨਾਲ ਦੇਖਿਆ ਜਾਏ ਤਾਂ ਅਜਿਹੀ ਸੰਤੁਲਵੀਂ ਤੇ ਸਾਮੂਹਕ ਰਹਤਲ ਅਸਲ ਵਿਚ ਸਭਿਆਚਾਰ ਦੀ ਬੁਨਿਆਦ ਹੈ। ਇਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸਭਿਆਚਾਰ ਆਦਮੀਅਤ ਨੂੰ ਇਨਸਾਨੀਅਤ ਵਿਚ ਬਦਲਦਾ ਹੈ। ਆਦਮੀਅਤ ਆਪਣੇ ਬਾਹਰਲੇ ਤੇ ਅੰਦਰਲੇ ਸਵਰੂਪ ਵਿਚ ਜੈਵਿਕਤਾ ਜਾਂ ਪ੍ਰਾਣਾਧਾਰੀ ਸਮੁੱਚ ਹੈ। ਜਿਸ ਵਿਚ ਆਪਮੁਹਾਰੀਆਂ ਤਰੰਗਾਂ ਇਕ ਬੇਕਿਨਾਰ ਵਹਿਣ ਦੇ ਰੂਪ ਵਿਚ ਨਿਰੰਤਰ ਵਹਿੰਦੀਆਂ ਚਲੀਆਂ ਜਾਂਦੀਆਂ ਹਨ। ਅਜਿਹੀ ਬੇਪਨਾਹ ਸ਼ਕਤੀ ਨੂੰ ਅਨਾਚਾਰੀ ਤਰੰਗ ਪ੍ਰਵਾਹ ਤੋਂ ਵਿਵਸਥਾਮੂਲਕ-ਅਨੁਸ਼ਾਸਨ ਵਿਚ ਉਤਾਰਨਾ ਸਭਿਆਚਾਰ ਦਾ ਧਰਮ ਹੈ। ਇਕ ਤਰ੍ਹਾਂ ਨਾਲ ਜੈਵਿਕ ਪ੍ਰਬਲਤਾ ਨੂੰ ਸਭਿਆਚਾਰ ਸਮਰੱਥਾਸ਼ੀਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਹਿੰਸਾ ਵਿਚ ਬਦਲਦਾ ਹੈ । ਤਰੰਗ-ਪ੍ਰਵਾਹ ਹਿੰਸਾਮੂਲਕ ਹੀ ਹੁੰਦਾ ਹੈ ਅਤੇ ਸਭਿਆਚਾਰ-ਸਿਰਜਨ ਦੀ ਸਮਰੱਥਾ ਆਪਣੀ ਸਾਰੀ ਸ਼ਕਤੀ ਅਹਿੰਸਾ ਦੇ ਸੰਸਕਾਰ ਤੋਂ ਪ੍ਰਾਪਤ ਕਰਦੀ ਹੈ। ਇਸ ਨੂੰ ਪੱਛਮੀ ਵਿਦਵਾਨ ਨਿਪੁੰਨਸਨ ਗ੍ਰੰਥੀ ਤੇ ਨਿਰੋਧਨੀ ਪ੍ਰਕਿਰਿਆ ਦੇ ਅਰਥਾਂ ਵਿਚ ਵੀ ਗ੍ਰਹਿਣ ਕਰਦੇ ਹਨ। ਇਥੋਂ ਤੀਕ ਕਿ ਵੀਹਵੀਂ ਸਦੀ ਵਿਚ ਫ਼ਰਾਇਡ ਦੇ ਇਸ ਸੰਕਲਪ ਨੂੰ ਮਾਰਕੂਜ਼ ਕਜ਼ਾਇਰਰ, ਰੋਲਾਂ ਬਾਰਥ, ਯਕ ਲਾਕਾਂ ਆਦਿ ਐਸੇ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਸਭਿਆਚਾਰ-ਨਿਰਮਾਨ ਦਾ ਵਿਗਿਆਨ ਉਸਾਰਨ ਦੀ ਕੋਸ਼ਿਸ਼ ਕੀਤੀ ਤੇ ਇਸ ਕੋਸ਼ਿਸ਼ ਵਿਚ ਉਨ੍ਹਾਂ ਨੇ ਕਿਤੇ ਅਚੇਤੇ ਤੇ ਕਿਤੇ ਸੁਚੇਤੇ ਨਿਪੁੰਨਸਨ ਗ੍ਰੰਥੀ ਨੂੰ ਆਪਣੀ ਪ੍ਰਤੀਉੱਤਰਸ਼ੀਲ ਸਭਿਆਚਾਰ ਬਿਰਤੀ ਦਾ ਆਧਾਰ ਮੰਨਿਆ ਹੈ। ਮਿਸਾਲ ਵਜੋਂ ਮਾਰਕੂਜ਼ ਨੇ ਈਰੋਜ਼ ਦੇ ਸੰਕਲਪ ਨੂੰ ਸਭਿਆਚਾਰ ਸਿਰਜਨਾ ਦਾ ਆਧਾਰ ਬਣਾਇਆ। ਈਰੋਜ਼ ਦਾ ਸੰਕਲਪ ਫ਼ਰਾਇਡ ਦੇ ਥਾਨਾਤੋਜ਼ ਦੇ ਮੁਕਾਬਲੇ ਦਾ ਸੰਕਲਪ ਹੈ। ਫ਼ਰਾਇਡ ਦੇ ਮੁਤਾਬਕ ਥਾਨਾਤੋਜ਼ ਆਦਮਜਾਤ ਦੀ ਉਹ ਪਰਵਿਰਤੀ ਹੈ ਜੋ ਉਸ ਨੂੰ ਮੌਤ ਤੇ ਬਰਬਾਦੀ ਵੱਲ ਲੈ ਜਾਂਦੀ ਹੈ। ਆਪਮੁਹਾਰੀਆਂ ਮਨੋਤਰੰਗਾਂ ਦੇ ਅਧੀਨ ਵਿਚਰਨ ਵਾਲੀ ਜੈਵਿਕਤਾ ਨਿਸ਼ਚੇ ਹੀ ਇਸ ਪਾਸੇ ਦਾ ਸਫ਼ਰ ਕਰਦੀ ਹੈ। ਪਰ ਇਸ ਦੀ ਅੰਤਿਮਤਾ ਮੌਤ ਨਾਲ ਹੀ ਜੁੜੀ ਹੋਈ ਹੈ। ਇਸ ਦੇ ਮੁਕਾਬਲੇ ਉਪਰ ਮਾਰਕੂਜ਼ ਨੇ ਫ਼ਰਾਇਡ ਦੇ ਈਰੋਜ਼ ਸਿਧਾਂਤ ਨੂੰ ਸਭਿਆਚਾਰ ਨਿਰਮਾਨ ਦਾ ਆਧਾਰ ਮੰਨਿਆ ਹੈ। ਈਰੋਜ਼ ਦਾ ਸਰੋਤ ਵੀ ਜੈਵਿਕ ਸ਼ਕਤੀ ਵਿਚ ਕਾਰਜਸ਼ੀਲ ਅੰਨ੍ਹਾ ਕਾਮ ਹੈ, ਪਰ ਇਹ ਕਾਮ ਸ਼ਕਤੀ ਜਦੋਂ ਈਰੋਜ਼ ਦਾ ਰੂਪ ਧਾਰਦੀ ਹੈ ਤਾਂ ਇਹ ਮਾਰਿਆ ਹੋਇਆ ਕਾਮ ਬਣ ਜਾਂਦੀ ਹੈ। ਮਾਰਿਆ ਕਾਮ ਰੂਪਾਂਤ੍ਰਿਤ ਕਾਮ ਹੈ ਅਤੇ ਇਸ ਦੀ ਸਾਰੀ ਮੁਦਰਾ ਅਹਿੰਸਾਸ਼ੀਲ ਬਣ ਜਾਂਦੀ ਹੈ ਤੇ ਇਹ ਪ੍ਰੇਮ ਦਾ ਰੂਪ ਅਖਤਿਆਰ ਕਰ ਜਾਂਦਾ ਹੈ। ਪ੍ਰੇਮ ਦੀ ਸਾਰੀ ਪ੍ਰਕਿਰਿਆ ਨਿਰੋਧਿਆ ਕਾਮ ਹੈ ਤੇ ਇਸੇ ਲਈ ਸਭਿਆਚਾਰ ਦੀ ਪ੍ਰਬੰਧ ਸ਼ਕਤੀ ਨੂੰ ਇਕ ਵਿਸ਼ੇਸ਼ ਬਿੰਦੂ ਤੋਂ ਪ੍ਰੋਤਸਾਹਨ ਦੇਂਦਾ ਹੈ।

ਇਸੀ ਤਰ੍ਹਾਂ ਕਜ਼ਾਇਰਰ, ਜੋ ਜਰਮਨ ਦਾ ਗਣਿਤਸ਼ਾਸਤਰੀ ਤੇ ਫਿਲਾਸਫ਼ਰ ਹੋਇਆ ਹੈ, ਨੇ ਦਸਿਆ ਹੈ ਕਿ ਸਭਿਆਚਾਰ ਦੀ ਯਾਤਰਾ ਹੋਂਦਾਂ ਦੇ ਪਦਾਰਥਕ ਜਗਤ ਨੂੰ ਅਰਥਾਂ ਦੇ ਰੂਪਾਂਤ੍ਰਿਤ ਜਗਤ ਵਿਚ ਢਾਲਣ ਦੀ ਹੈ ਅਤੇ ਇਸ ਮਤਲਬ ਲਈ ਮਨੁੱਖ ਆਪਣੀ ਮਨੁੱਖਤਾ ਨੂੰ ਜ਼ਾਹਰ ਪ੍ਰਤੀਕ ਸਿਰਜਨਾ ਰਾਹੀਂ ਕਰਦਾ ਹੈ, ਯਥਾਰਥ ਦੀ ਪੇਸ਼ਕਾਰੀ ਰਾਹੀਂ ਨਹੀਂ। ਯਥਾਰਥ ਦੀ ਪੇਸ਼ਕਾਰੀ ਪ੍ਰਤੀਕ ਦੇ ਅਧੀਨ ਹੁੰਦੀ ਹੈ, ਇਸ ਲਈ ਯਥਾਰਥ ਦਾ ਹਰ ਰੂਪ ਬੁਨਿਆਦੀ ਤੌਰ ਤੇ ਪ੍ਰਤੀਕ ਵਿਧੀ ਹੈ ਅਤੇ ਕਜ਼ਾਇਰਰ ਦਾ ਖਿਆਲ ਹੈ ਕਿ ਜਿਉਂ ਜਿਉਂ ਮਨੁੱਖ ਦੀ ਪ੍ਰਤੀਕ ਪ੍ਰਕਿਰਿਆ ਜ਼ੋਰ ਪਕੜਦੀ ਹੈ ਯਥਾਰਥ ਦੀ ਚੜ੍ਹਤ ਮੱਠੀ ਪੈਂਦੀ ਜਾਂਦੀ ਹੈ। ਇਸ ਤਰ੍ਹਾਂ ਮਨੁੱਖ ਯਥਾਰਥ ਦੀ ਤੱਤੜ ਨੂੰ ਸ਼ਾਂਤ ਕਰਕੇ ਜਾਂ ਮੱਠਿਆਂ ਕਰਕੇ, ਆਪਣਾ ਪ੍ਰਤੀਕ ਜਗਤ ਸਿਰਜਦਾ ਜਾਂਦਾ ਹੈ। ਸਪਸ਼ਟ ਹੈ ਕਿ ਪ੍ਰਕਿਰਤਿਕ ਐਨਟਰੋਪੀ ਦੇ ਮੁਕਾਬਲੇ ਉਤੇ ਇਹ ਸਾਂਸਕ੍ਰਿਤਿਕ ਨੈਗਨਟਰੋਪੀ ਹੈ ਜੋ ਸਕ੍ਰਿਅਤਾ ਨੂੰ ਨਿਸ਼ਕ੍ਰਿਅਤਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਦਲਦੀ ਹੈ ਅਤੇ ਇਉਂ ਮਨੁੱਖ ਇਸ ਨਿਸ਼ਕ੍ਰਿਅਤਾ ਦੇ ਅਧੀਨ ਆਪਣੀਆਂ ਸਾਰੀਆਂ ਮਨੋਤਰੰਗਾਂ ਦੀ ਦਾਨਵੀ ਸ਼ਕਤੀ ਨੂੰ ਮਾਨਵੀ ਪ੍ਰਤੀਉੱਤਰ ਵਿਚ ਬਦਲ ਲੈਂਦਾ ਹੈ। ਇਹ ਸਾਰੀ ਗਤੀ ਅਚੇਤੇ ਹੀ ਨਿਪੁੰਨਸਨ ਗ੍ਰੰਥੀ ਜਾਂ ਨਿਰੋਧਨੀ ਪ੍ਰਕਿਰਿਆ ਹੈ, ਜਿਸਨੂੰ ਭਾਰਤ ਵਿਚ ਯੋਗ ਦਾ ਨਾਂ ਦਿੱਤਾ ਗਿਆ ਹੈ । ਇਸੀ ਤਰ੍ਹਾਂ ਐਸੇ ਵਿਦਵਾਨ ਵੀ ਹੋਏ ਹਨ, ਜਿਨ੍ਹਾਂ ਦੇ ਇਸੇ ਦ੍ਰਿਸ਼ਟੀ-ਬਿੰਦੂ ਤੋਂ ਕਲਾ ਨੂੰ ਪਛਾਨਣ ਦੀ ਤਾਕੀਦ ਕੀਤੀ ਹੈ। ਰੋਲਾਂ, ਬਾਰਥ ਦੀ ਜਗ ਪ੍ਰਸਿਧ ਪੁਸਤਕ '8/2' ਵਿਚ ਨਾਵਲ ਨੂੰ ਪੜ੍ਹਨ ਦੀ ਜਾਚ ਦਸੀ ਗਈ ਹੈ। ਇਕ ਉਪਭੋਗਤਾ ਵਾਂਗ ਨਾਵਲ ਨੂੰ ਪੜ੍ਹਨਾ ਹੋਰ ਗੱਲ ਹੈ ਅਤੇ ਇਕ ਅਰਥ ਉਤਪਾਤਾ ਵਾਂਗ ਪੜ੍ਹਨਾ ਹੋਰ ਗੱਲ। ਰੋਲਾਂ ਬਾਰਥ ਦਾ ਖਿਆਲ ਹੈ ਕਿ ਨਾਵਲ ਨੂੰ ਇਕ ਰਚਨਾ ਵਾਂਗ ਪੜ੍ਹਿਆ ਜਾ ਸਕਦਾ ਹੈ, ਇਸ ਲਈ ਭੋਗ ਦੀ ਇੱਛਾ ਨਾਲੋਂ ਕਿਤੇ ਵੱਧ ਮਹੱਤਵ ਇਸ ਪ੍ਰਸੰਗ ਵਿਚ ਪਾਠ ਨੂੰ ਪੜ੍ਹ ਕੇ ਉਸ ਸੰਬੰਧੀ ਯੋਗ ਪ੍ਰਤੀਉੱਤਰ ਦੇਣ ਦੀ ਪਰਵਿਰਤੀ ਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਇਕ ਆਦਰਸ਼ ਪਾਠਕ ਬਣਨ ਲਈ ਪਾਠਕ ਨੂੰ ਪਾਠ ਪੜ੍ਹਨ ਤੇ ਸਮਝਣ ਦੀ ਜਾਚ ਆਉਣੀ ਚਾਹੀਦੀ ਹੈ। ਉਸ ਦਾ ਮਤਲਬ ਇਹ ਹੈ ਕਿ ਨਾਵਲ ਸੰਬੰਧੀ ਨਾਵਲੀ ਪ੍ਰਤੀਉੱਤਰ ਦੇਣ ਲਈ ਭੋਗ ਬਿਰਤੀ ਦਾ ਨਿਰੋਧ ਬਹੁਤ ਜ਼ਰੂਰੀ ਹੈ।

ਇਸ ਤਰ੍ਹਾਂ ਸਮਕਾਲੀ ਯਗ ਵਿਚ ਸਮੁੱਚੀ ਕਲਾ ਦੇ ਮਹੱਤਵ ਨੂੰ ਸ੍ਰੀਮਤੀ ਸੂਸੇਨ ਕੇ ਲੈਂਗਰ ਨੇ ਵਿਗਿਆਨ ਦੀ ਪੱਧਰ ਉਤੇ ਲਿਆਉਣ ਦਾ ਯਤਨ ਕੀਤਾ ਹੈ। ਉਸਦੇ ਕਲਾਵੇ ਵਿਚ ਕਿਰਤ-ਕਲਾ, ਭਵਨ-ਕਲਾ, ਨਾਟ-ਕਲਾ, ਸੰਗੀਤ-ਕਲਾ ਆਦਿ ਸਾਰੇ ਆਉਂਦੇ ਹਨ। ਪਰ ਇਨ੍ਹਾਂ ਸਾਰਿਆਂ ਦੀ ਤਹਿ ਹੇਠਾਂ ਸੂਸੇਨ ਕੇ ਲੈਂਗਰ ਆਪਣੇ ਉਸਤਾਦ ਕਜ਼ਾਇਰਰ ਦੀ ਦੀ ਪ੍ਰਤੀਕ ਦ੍ਰਿਸ਼ਟੀ ਨੂੰ ਰਖਦੀ ਹੈ ਤੇ ਉਸ ਉਪਰ ਆਪਣਾ ਸਾਰਾ ਕਲਾ-ਪ੍ਰਬੰਧ ਉਸਾਰਦੀ ਹੈ। ਨਿਪੁੰਨਸਨ ਗ੍ਰੰਥੀ ਤੇ ਨਿਰੋਧੀ ਪ੍ਰਕਿਰਿਆ ਦੀ ਇਸ ਸਭਿਆਚਾਰ-ਨਿਰਮਾਨ ਸ਼ਕਤੀ ਨੂੰ ਕੁਝ ਚਿਰ ਲਈ ਸਥਗਿਤ ਕਰਦਿਆਂ, ਅਸੀਂ ਫਿਰ ਲੋਕ-ਮਾਨਸਿਕਤਾ ਨੂੰ ਪਰਭਾਸ਼ਿਤ ਕਰਨ ਵੱਲ ਤੁਰਦੇ ਹਾਂ ਅਤੇ ਇਹ ਕਹਿੰਦੇ ਹਾਂ ਕਿ ਲੋਕ ਮਾਨਸ ਜਾਂ ਲੋਕ-ਮਾਨਸਿਕਤਾ ਵਿਚ ਹੀ ਐਸੀਆਂ ਗੱਲਾਂ ਬੁਨਿਆਦੀ ਤੌਰ ਉਤੇ ਵਿਕਸਿਤ ਹੋ ਜਾਂਦੀਆਂ ਜੋ ਅਰੰਭ ਤੋਂ ਹੀ ਸਭਿਆਚਾਰਕ ਵਿਕਾਸ ਦਾ ਰਾਹ ਤਿਆਰ ਕਰ ਦੇਂਦੀਆਂ ਹਨ। ਲੋਕ-ਮਾਨਸ ਜਿਸ ਨੂੰ ਅਸੀਂ ਮਾਨਵੀ ਸਾਮੂਹਕਤਾ ਦਾ ਨਾਮ ਦਿੱਤਾ ਹੈ, ਆਪਣਾ ਪ੍ਰਗਟਾਵਾ ਬੁਨਿਆਦੀ ਤੌਰ ਉਤੇ ਦੋ ਪਹਿਲੂਏ ਨਿਰੂਪਣ ਦੇ ਆਧਾਰ ਉਤੇ ਕਰਦਾ ਹੈ। ਦੋ ਪਹਿਲੂਏ ਨਿਰੂਪਣ ਦਾ ਅਸੂਲ ਇਹ ਹੈ ਕਿ ਇਸ ਵਿਚ ਵਿਚਾਰ ਤੇ ਵਿਚਾਰ ਅਭਿਵਿਅਕਤੀ ਦਾ ਦ੍ਵੰਦ ਚਲਦਾ ਹੈ। ਅਭਿਵਿਅਕਤੀ ਦਾ ਸੰਬੰਧ ਭਾਸ਼ਾ ਨਾਲ ਹੈ ਤੇ ਵਿਚਾਰ ਦਾ ਸੰਬੰਧ ਇਸ ਭਾਸ਼ਾ ਰਾਹੀਂ ਪ੍ਰਗਟ ਹੋਣ ਵਾਲੇ ਅਰਥ ਨਾਲ। ਆਧੁਨਿਕ ਭਾਸ਼ਾ-ਵਿਗਿਆਨ ਇਸ ਨੂੰ ਚਿਹਨਕ ਤੇ ਚਿਹਨਿਤ ਦੇ ਨਾਂ ਨਾਲ ਯਾਦ ਕਰਦਾ ਹੈ। ਸਾਡੇ ਆਪਣੇ ਸਭਿਆਚਾਰ ਦੀ ਪਰੰਪਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਇਸ ਨੂੰ ਨਾਦ ਤੇ ਵੇਦ ਦੇ ਪ੍ਰਬੰਧ ਰਾਹੀਂ ਪਰਿਭਾਸ਼ਿਤ ਕਰਦਿਆਂ ਸਾਰੇ ਬ੍ਰਹਮੰਡ ਨੂੰ ਇਸ ਦਾ ਵਿਸਤਾਰ ਮਾਤਰ ਮੰਨਿਆ ਗਿਆ ਹੈ। ਇਸ ਵਿਚ ਸੰਦੇਹ ਨਹੀਂ ਕਿ ਲੋਕ-ਮਾਨਸਿਕਤਾ ਜਾਂ ਸਾਮੂਹਿਕਤਾ ਦੇ ਅੰਤਰਗਤ ਉਪਜੀਵਕਾ ਤੇ ਸੁਰੱਖਿਆ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ ਪਰ ਨਾਲ ਹੀ ਜਗਿਆਸਾ ਦੀ ਤ੍ਰਿਪਤੀ ਦੀ ਭਾਵਨਾ ਵੀ ਇਸੇ ਪ੍ਰਸੰਗ ਵਿਚ ਉਪਜ ਪੈਂਦੀ ਹੈ ਤੇ ਉਸ ਭਾਵਨਾ ਦੀ ਸੰਤੁਸ਼ਟੀ ਲਈ ਗਿਆਨ ਤੇ ਕਲਾ ਦਾ ਪ੍ਰਬੰਧ ਵੀ ਕਰ ਲਿਆ ਜਾਂਦਾ ਹੈ। ਗਿਆਨ ਤਾਂ ਮਨੁੱਖ ਨੂੰ ਦ੍ਰਿਸ਼ਟੀਮੂਲਕ ਸੰਭਾਵਨਾ ਦੇ ਰਾਹ ਉਤੇ ਪਾਉਂਦਾ ਹੈ ਪਰ ਕਲਾ ਉਸ ਦੀਆਂ ਮਨੋਤਰੰਗਾਂ ਵਿਚ ਸੰਤੁਲਨ ਪੈਦਾ ਕਰਦੀ ਹੈ। ਮਨੋਤਰੰਗਾਂ ਉਪਜੀਵਕਾ ਨਾਲ ਵੀ ਜੁੜੀਆਂ ਹੁੰਦੀਆਂ ਹਨ ਤੇ ਗਿਆਨ ਨਾਲ ਵੀ। ਪਰ ਕਲਾ ਖੇਤਰ ਵਿਚ ਇਨ੍ਹਾਂ ਨੂੰ ਕੁਝ ਇਸ ਤਰ੍ਹਾਂ ਦਾ ਡੌਲਵਾਂ ਪ੍ਰਬੰਧ ਪ੍ਰਦਾਨ ਕੀਤਾ ਜਾਂਦਾ ਹੈ ਕਿ ਇਹ ਪ੍ਰਕਿਰਤੀ ਤੋਂ ਪ੍ਰੇਰਨਾ ਲੈਂਦੀਆਂ, ਉਪਜੀਵਕਾ ਤੇ ਗਿਆਨ ਨੂੰ ਆਪਣੇ ਵਿਚ ਸਮੋ ਲੈਂਦੀਆਂ ਹਨ। ਕਈ ਵਾਰੀ ਤਾਂ ਉਪਜੀਵਕਾ ਤੇ ਗਿਆਨ ਤੋਂ ਕਲਾ ਬਿਲਕੁਲ ਫਾਰਗ਼ ਹੋ ਜਾਂਦੀ ਹੈ। ਅਸਲ ਵਿਚ ਗਿਆਨ, ਉਪਜੀਵਿਕਤਾ ਆਦਿ ਦੇ ਭਾਰੇ ਗੌਰੇ ਮਸਲਿਆਂ ਤੋਂ ਫਾਰਗ਼ ਹੋ ਕੇ ਹੀ ਕਲਾ ਆਪਣੀ ਭਰਪੂਰਤਾ ਨੂੰ ਪ੍ਰੁੱਜਦੀ ਹੈ। ਅਜਿਹੀ ਭਰਪੂਰਤਾ ਦੀ ਮਿਸਾਲ, ਵਿਸ਼ੇਸ਼ ਕਰ ਕੇ ਆਦਰਸ਼ ਮਿਸਾਲ ਤਾਂ ਸੰਗੀਤ ਹੈ, ਜੋ ਵਿਸ਼ੁਧ ਨਾਦ ਦੇ ਆਧਾਰ ਉਤੇ ਤਰੰਗਾਂ ਨੂੰ ਇਕ ਸੁਰ ਵੀ ਕਰਦਾ ਹੈ ਤੇ ਮਨੁੱਖ ਨੂੰ ਅਨਾਚਾਰ ਤੇ ਵਿਵਸਥਾ ਦੇ ਡੋਲਵੇਂ ਸੰਤੁਲਨ ਦੇ ਵਿਚਕਾਰ ਇਕ ਵਿਸ਼ੇਸ਼ ਪ੍ਰਕਾਰ ਦੀ ਆਨੰਦ ਅਨੁਭੂਤੀ ਪ੍ਰਦਾਨ ਕਰਦਾ ਹੈ। ਸਾਮੂਹਕ ਮਾਨਸਿਕਤਾ ਦੀ ਪੱਧਰ ਉਪਰ ਵਿਚਰਨ ਵਾਲੀ ਮਾਨਵੀ ਸਮੁਦਾਇ ਵਿਚ ਆਮ ਤੌਰ ਉਤੇ ਨਿਰਤ ਤੇ ਗਾਇਨ ਦੀਆਂ ਵਿਸ਼ੇਸ਼ ਵਿਧੀਆਂ ਕਾਰਜਸ਼ੀਲ ਹੁੰਦੀਆਂ ਹਨ। ਇਨ੍ਹਾਂ ਵਿਚਲੀ ਸਮੱਗਰੀ ਭਾਵੇਂ ਨਿਤਾਪ੍ਰਤੀ ਜੀਵਨ ਦੇ ਉਪਯੋਗੀ ਮਸਲਿਆਂ ਨਾਲ ਹੀ ਸੰਬੰਧਿਤ ਹੁੰਦੀ ਹੈ, ਪਰੰਤੂ ਇਸ ਸਾਰੀ ਸਮੱਗਰੀ ਨੂੰ ਸੂਤਰਬੱਧ ਗਾਇਨ ਦੀ ਤਾਲਾਤਮਕ ਵਿਧੀ ਕਰ ਰਹੀ ਹੁੰਦੀ ਹੈ, ਜਿਸ ਕਾਰਨ ਸਮੱਗਰੀ ਤਾਂ ਲਗਭਗ ਇਕ ਪਾਸੇ ਹੋ ਜਾਂਦੀ ਹੈ ਤੇ ਗਾਇਨ ਵਿਧੀ ਜ਼ੋਰ ਪਕੜ ਜਾਂਦੀ ਹੈ। ਨਿਤਾਪ੍ਰਤੀ ਕੰਮਾਂ ਦੇ ਨਾਲ ਨਾਲ ਜਦੋਂ ਵੀ ਪਰੰਪਰਾਈ ਸਮਾਜ ਜਾਂ ਸਭਿਆਚਾਰ ਅਜਿਹੀਆਂ ਗਾਇਨ-ਵਿਧੀਆਂ ਨੂੰ ਪ੍ਰਯੋਗ ਵਿਚ ਲਿਆਉਂਦਾ ਹੈ ਤਾਂ ਇਕ ਤਰ੍ਹਾਂ ਨਾਲ ਆਪਣੇ ਆਪ ਨੂੰ ਆਪਣੇ ਆਪ ਵਿਚ ਤੇ ਸਮੁੱਚੀ ਵਹਿੰਦੀ ਬ੍ਰਹਮੰਡੀ ਧਾਰਾ ਵਿਚ ਇਕਸੁਰ ਕਰ ਦੇਂਦਾ ਹੈ। ਪ੍ਰੋਫੈਸਰ ਪੂਰਨ ਸਿੰਘ ਦੀ ਕਵਿਤਾ ਵਿਚ ਇਸ ਧਾਰਨਾ ਨੂੰ ਬਹੁਤ ਭਰਪੂਰ ਅਭਿ-ਵਿਅਕਤੀ ਦਿੱਤੀ ਗਈ ਹੈ। ਗਾਇਨ ਦੇ ਨਾਲ ਨਾਲ ਇਸੇ ਦਿਸ਼ਾ ਵਿਚ ਹੀ ਨੱਚਣ ਦੀਆਂ ਸ਼ੈਲੀਆਂ ਤੇ ਵਿਧੀਆਂ ਪ੍ਰਸਤੁਤ ਹੋ ਜਾਂਦੀਆਂ ਹਨ। ਇਸ ਨੱਚਣ ਤੇ ਗਾਇਨ ਨੂੰ ਨਾਦ ਦੀ ਪੱਧਰ ਉਤੇ ਸਮੂਰਤ ਕਰਨ ਵਾਲੇ ਕਈ ਤਰ੍ਹਾਂ ਦੇ ਸਾਜ਼ ਵੀ ਸਾਹਮਣੇ ਆ ਜਾਂਦੇ ਹਨ। ਇਨ੍ਹਾਂ ਸਾਰਿਆਂ ਦੀ ਮੱਦਦ ਨਾਲ ਮਨੁੱਖ ਸਭਿਆਚਾਰ ਦੀ ਉਸ ਪੱਧਰ ਉਪਰ ਬਿਰਾਜਿਆ ਹੁੰਦਾ ਹੈ, ਜਿਥੇ ਨਾ ਉਪਜੀਵਕਾ ਹੁੰਦੀ ਹੈ ਨਾ ਭੋਗ, ਨਾ ਗਿਆਨ, ਸਗੋਂ ਇਸ ਪੱਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਤਾਂ ਮਨੁੱਖ ਦੀ ਸੁਹਜ-ਜਗਿਆਸ ਦੀ ਪੂਰਤੀ ਹੋ ਰਹੀ ਹੁੰਦੀ ਹੈ ।

ਇਸ ਦ੍ਰਿਸ਼ਟੀ ਨੂੰ ਨਾਲ ਲੈ ਕੇ ਪੰਜਾਬੀ ਰਹਤਲ ਤੇ ਸਭਿਆਚਾਰ ਦੇ ਸੰਦਰਭ ਨੂੰ ਸਾਹਮਣੇ ਰਖਿਆਂ ਪਤਾ ਚਲਦਾ ਹੈ ਕਿ ਪੰਜਾਬੀਆਂ ਦੀ ਸਾਮੂਹਕ ਰਹਤਲ ਵਿਚ ਨੱਚਣ ਤੇ ਗਾਉਣ ਦੀਆਂ ਵਿਧੀਆਂ ਤੇ ਸ਼ੈਲੀਆਂ ਦੀ ਵਿਸ਼ੇਸ਼ ਮਹਾਨਤਾ ਹੈ । ਇਸਨੂੰ ਪੰਜਾਬੀਆਂ ਦੇ ਰੋਜ਼ ਮਰ੍ਹਾ ਦੇ ਜੀਵਨ ਨਾਲ ਜੋੜਕੇ ਇਨ੍ਹਾਂ ਸ਼ੈਲੀਆਂ ਦੀਆਂ ਕੁੱਝ ਵਿਸ਼ੇਸ਼ਤਾਵਾਂ ਨੂੰ ਵੀ ਉਘਾੜਿਆ ਜਾ ਸਕਦਾ ਹੈ ਪਰ ਇਥੇ ਤਾਂ ਸਿਰਫ਼ ਇਸ ਧਾਰਨਾ ਨੂੰ ਉਦੈਮਾਨ ਕਰਨ ਦਾ ਮਸਲਾ ਹੈ ਕਿ ਪੰਜਾਬੀਆਂ ਦੇ ਜੀਵਨ ਵਿਚ ਜਾਂ ਪੰਜਾਬੀਆਂ ਦੀ ਲੋਕ-ਮਾਨਸਿਕਤਾ ਵਿਚ ਨਾਟਕ ਤੇ ਸੰਗੀਤ ਦਾ ਕੀ ਸਥਾਨ ਹੈ । ਜਿਸ ਤਰਕ ਪੱਧਤੀ ਨੂੰ ਅਸੀਂ ਨਾਲ ਲੈ ਕੇ ਚਲ ਰਹੇ ਹਾਂ, ਉਸ ਮੁਤਾਬਕ ਕੋਈ ਵੀ ਮਾਨਵ ਜਾਤੀ ਆਪਣੀ ਭਾਸ਼ਾ ਤੇ ਪ੍ਰਤੀਕ-ਪ੍ਰਾਪਤੀ ਦੇ ਆਧਾਰ ਉਤੇ ਕੁਝ ਐਸੀਆਂ ਚਿਹਨਾਤਮਕ ਰੂੜ੍ਹੀਆਂ ਵੀ ਬਣਾਂਦੀ ਹੈ ਜੋ ਉਸ ਦੀ ਸੁਹਜ-ਜਗਿਆਸ ਦੀ ਪੂਰਤੀ ਕਰਦੀਆਂ ਹਨ । ਨਿਰਤ, ਜਿਸ ਵਿਚ ਕਿ ਮਨੁੱਖ ਦਾ ਸਮੁੱਚਾ ਸਰੀਰ ਸ਼ਾਮਲ ਹੈ, ਆਪਣੇ ਪੂਰੇ ਹਿਲੋਰ ਵਿਚ ਹੁੰਦਾ ਹੈ । ਜਿਉਂ ਜਿਉਂ ਸਰੀਰ ਹਿਲੋਰੇ ਖਾਂਦਾ ਹੈ, ਤਿਉਂ ਤਿਉਂ ਸਰੀਰ ਦੇ ਉਹ ਵਿਸ਼ੇਸ਼ ਅੰਗ ਉਭਰਦੇ ਹਨ ਜੋ ਮਨੁੱਖ ਵਿਚ ਰਤੀ ਭਾਵ ਨੂੰ ਤਿਖੇਰਾ ਕਰ ਦੇਂਦੇ ਹਨ । ਆਮ ਤੌਰ ਤੇ ਅਸੀਂ ਵੇਖਦੇ ਹਾਂ ਕਿ ਜਿਥੇ ਮਰਦ ਤੇ ਤੀਵੀਆਂ ਨੱਚਣ ਗਾਉਣ ਦੀ ਪ੍ਰਕਿਰਿਆ ਵਿਚ ਸਾਂਝੇ ਸ਼ਾਮਲ ਹੁੰਦੇ ਹਨ, ਉਨ੍ਹਾਂ ਵਿਚ ਸੈਕਸੀ ਤਣਾਵਾਂ ਦੇ ਅਧੀਨ ਅੰਗਾਂ ਦੀ ਮਚਲਾਹਟ ਇਕ ਵਿਸ਼ੇਸ਼ ਪ੍ਰਕਾਰ ਦਾ ਭਾਵਨਾ ਮੂਲਕ ਪ੍ਰਵਾਹ ਪੈਦਾ ਕਰ ਦੇਂਦੀ ਹੈ । ਜਿਸ ਵਿਚ ਗੱਲ ਅਨੰਦ ਦੀ ਸਥਿਤੀ ਤੋਂ ਵੀ ਉਪਰ ਜਾ ਪੁੱਜਦੀ ਹੈ । ਇਹ ਸਥਿਤੀ ਵਿਸ਼ੁੱਧ ਤੇ ਸੱਖਣੇ ਚਿਹਨਕ ਦੀ ਹੁੰਦੀ ਹੈ ਜਿਸ ਨੂੰ ਜਾਂ ਤਾਂ ਨਿਰਤ ਵਿਚ ਪੈਦਾ ਕੀਤਾ ਜਾ ਸਕਦਾ ਹੈ ਜਾਂ ਸੰਗੀਤ ਵਿਚ । ਅਸਲ ਵਿਚ ਇਥੇ ਸਥਿਤੀ ਸਭਿਆਚਾਰ ਦੇ ਨਿਸ਼ਚਿਤ ਧਰਾਤਲ ਵਿਚ ਕਾਰਜਸ਼ੀਲ ਅਵਚੇਤਨ ਤੋਂ ਉਠ ਕੇ ਮਾਲੀਕੂਲਰ ਅਵਚੇਤਨ ਵਿਚ ਪਰਵੇਸ਼ ਕਰ ਜਾਂਦੀ ਹੈ । ਗੁਰਬਾਣੀ ਵਿਚ ਐਸੀ ਸਥਿਤੀ ਨੂੰ ਤੱਤਾਂ ਵਿਚ ਪਰਵਿਸ਼ਟ ਹੋ ਜਾਣ ਵਾਲੀ ਸਥਿਤੀ ਰਾਹੀਂ ਸਮਝਾਇਆ ਗਿਆ ਹੈ । ਸੂਫ਼ੀ-ਕਾਵਿ ਵਿਚ ਜਾਣੀਆਂ-ਪਛਾਣੀਆਂ ਹੋਂਦ ਵਿਧੀਆਂ ਤੋਂ ਸਾਰੀ ਗੱਲ ਨੂੰ ਮਿੱਟੀ ਵਿਚ ਉਤਾਰ ਕੇ ਇਸ ਗੱਲ ਦਾ ਭੇਦ ਸਮਝਾਇਆ ਜਾਂਦਾ ਹੈ । ਨਿਰਤ ਤੇ ਗੀਤ ਦੀ ਐਸੀ ਚਿਹਨ-ਪ੍ਰਕਿਰਿਆ ਨੂੰ ਲੈ ਕੇ ਜਦੋਂ ਅਸੀਂ ਨਾਟਕ ਵੱਲ ਵਧਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਨਾਟਕ ਤਾਂ ਇਸ ਤੋਂ ਵੱਡੇ ਘੇਰੇ ਵਾਲੀ ਰਚਨਾ ਹੈ । ਇਸ ਵਿਚ ਨਿਰਤ ਵੀ ਹੈ। ਸੰਗੀਤ ਵੀ ਹੈ ਤੇ ਕਾਰਜ ਵੀ ਹੈ । ਨਾਟਕ ਜ਼ਿੰਦਗੀ ਦੀ ਹਰ ਧਾਰਨਾ ਨੂੰ ਕਾਰਜ ਉਤੇ ਉਤਾਰਦਾ ਹੈ । ਇਸ ਲਈ ਨਾਟਕ ਦੀਆਂ ਝਾਕੀਆਂ ਵਿਚ ਦ੍ਰਿਸ਼-ਪ੍ਰਤਿਪਾਦਨ ਹੁੰਦਾ ਹੈ । ਦ੍ਰਿਸ਼ ਦੀਆਂ ਝਾਕੀਆਂ ਵਿਚ ਕਈ ਪ੍ਰਕਾਰ ਦੀਆਂ ਹੋਂਦ-ਵਿਧੀਆਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਵਿਚ ਅਸੀਂ ਵਾਰਤਾਲਾਪ, ਚਰਿੱਤਰ, ਕਹਾਣੀ ਤੇ ਕਈ ਹੋਰ ਵਿਧੀਆਂ ਵੀ ਸ਼ਾਮਲ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦੇ ਹਾਂ। ਪਰ ਅਜਿਹੀਆਂ ਸਾਰੀਆਂ ਵਿਧੀਆਂ ਨਾਲ ਇਕ ਤਾਂ ਨਾਟਕ ਦ੍ਰਿਸ਼ ਦੇ ਇੰਨਾ ਸਨਮੁਖ ਹੋ ਜਾਂਦਾ ਹੈ ਕਿ ਜਾਂ ਤਾਂ ਦ੍ਰਿਸ਼ ਨਾਟਕ ਦੀ ਨਕਲ ਜਾਪਦਾ ਹੈ ਜਾਂ ਨਾਟਕ ਦ੍ਰਿਸ਼ ਦੀ। ਆਈ. ਸੀ. ਨੰਦਾ ਦੇ ਨਾਟਕਾਂ ਵਿਚ ਤੁਸੀਂ ਅਸਾਨੀ ਨਾਲ ਦ੍ਰਿਸ਼ ਤੋਂ ਘਰ ਪਰਵਾਰ ਵਿਚ ਜਾ ਸਕਦੇ ਹੋ ਤੇ ਘਰ ਪਰਵਾਰ ਤੋਂ ਤੁਰ ਕੇ ਦ੍ਰਿਸ਼ ਵੱਲ। ਐਸੇ ਫ਼ਲੈਟ ਨਾਟਕ ਪੰਜਾਬੀ ਵਿਚ ਲਿਖੇ ਵੀ ਗਏ ਹਨ, ਲਿਖੇ ਜਾ ਵੀ ਰਹੇ ਹਨ ਤੇ ਲੋਕਾਂ ਵਿਚ ਪ੍ਰਚਲਿਤ ਵੀ ਬਹੁਤ ਹਨ। ਪਰ ਇਨ੍ਹਾਂ ਨਾਟਕਾਂ ਵਿਚ ਨਾਟਕਾਂ ਦੇ ਸਾਰੇ ਤੱਤ ਹੋਣ ਦੇ ਬਾਵਜੂਦ ਵੀ ਨਾਟਕੀਅਤਾ ਗ਼ਾਇਬ ਹੈ। ਨਾਟਕ ਵਿਚ ਨਾਟਕੀਅਤਾ ਭਰਨ ਲਈ ਕਾਰਜ ਦੀ ਜ਼ਰੂਰਤ ਹੈ, ਪਰ ਕਾਰਜ ਦੀ ਦ੍ਰਿਸ਼ਮੂਲਕ ਜਾਂ molar ਪਛਾਣ ਨੂੰ ਮਾਲੀ-ਕੂਲਰ ਅਦ੍ਰਿਸ਼ਟ ਤਕ ਪੁਚਾਣ ਤੋਂ ਬਿਨਾਂ, ਨਾਟਕੀਅਤਾ ਦਾ ਪਰਵੇਸ਼ ਸੰਭਵ ਨਹੀਂ। ਅਸਲ ਵਿਚ ਨਾਟਕ ਦਾ ਕੰਮ ਹੀ ਦ੍ਰਿਸ਼ਟ ਨੂੰ ਅਦ੍ਰਿਸ਼ਟ ਵਿਚ ਬਦਲਣਾ ਹੈ ਅਤੇ ਇਸ ਕੰਮ ਲਈ ਸੰਗੀਤ ਤੇ ਨਿਰਤ ਦੀ ਖਾਸੀ ਲੋੜ ਹੈ। ਕਿਉਂਕਿ ਇਨ੍ਹਾਂ ਦੁਆਰਾ ਜਾਣੀ ਪਛਾਣੀ ਦ੍ਰਿਸ਼ ਮੂਲਕ ਸਾਮਗਰੀ ਇਕ ਵਿਸ਼ੇਸ਼ ਪ੍ਰਕਾਰ ਦੇ ਐਸੇ ਰੂਪਾਂਤ੍ਰਣ ਵਿਚ ਢਲਦੀ ਹੈ, ਜਿਸ ਵਿਚ ਮਾਨਵੀ ਹੋਂਦ ਆਪਣੇ ਸਰੋਤਾਂ ਨਾਲ ਇਕਸੁਰ ਹੋ ਜਾਂਦੀ ਹੈ।

ਪੰਜਾਬੀ ਨਾਟਕ ਵਿਚ ਵਾਸਤਵਿਕਤਾ ਤੇ ਸਮਾਜਵਾਦ ਦਾ ਬਹੁਤ ਜ਼ੋਰ ਰਿਹਾ ਹੈ। ਇਸ ਲਈ ਉਸ ਨੂੰ ਜੀਵਨ ਦੇ ਵਧੇਰੇ ਨੇੜੇ ਰੱਖਣ ਵਾਲੇ ਨਾਟਕ ਤਾਂ ਖਾਸੇ ਲਿਖੇ ਗਏ ਹਨ। ਹਰਚਰਨ ਸਿੰਘ ਐਸੇ ਨਾਟਕਾਂ ਦਾ ਬਾਦਸ਼ਾਹ ਹੈ।

ਪਰੰਤੂ ਨਵੇਂ ਯੁਗ ਵਿਚ ਜਿਸ ਦਾ ਅਰੰਭ ਗਾਰਗੀ ਨਾਲ ਹੁੰਦਾ ਹੈ ਨਾਟਕ ਦੇ ਵਾਰਤਾਲਾਪਾਂ ਵਿਚ ਵਾਸਤਵਿਕ ਵਾਰਤਾਲਾਪ ਦੀ ਥਾਂ ਪ੍ਰਤੀਕ-ਸ਼ੈਲੀ ਪਰਵੇਸ਼ ਕਰਦੀ ਹੈ। ਪ੍ਰਤੀਕ-ਸ਼ੈਲੀ ਜ਼ਿੰਦਗੀ ਦੇ ਅਰਥਾਂ ਨੂੰ ਉਨ੍ਹਾਂ ਦੀ ਗਹਿਰਾਈ ਵਿਚ ਤੇ ਸਮੁਚ ਵਿਚ ਪਕੜਨ ਦੀ ਕੋਸ਼ਿਸ਼ ਕਰਦੀ ਹੈ। ਇਸ ਨਾਲ ਵੀ ਸਪਾਟ ਵਾਸਤਵਿਕਤਾ ਖਾਸੀ ਘਟਦੀ ਹੈ। ਪਰ ਨਾਟਕ ਵਿਚ ਨਿਰਤ ਤੇ ਸੰਗੀਤ ਦੀ ਚਿਹਨ-ਪ੍ਰਕਿਰਿਆ ਅਜਿਹੀ ਵਾਸਤ-ਵਿਕਤਾ ਨੂੰ ਖਾਸਾ ਘਟਾ ਦਿੰਦੀ ਹੈ ਅਤੇ ਮਨੁੱਖ ਨੂੰ ਇਸ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਕਲਾਤਮਕ ਮਨੋਰੰਜਨ ਮਿਲਦਾ ਹੈ। ਪੰਜਾਬ ਦੇ ਲੋਕ-ਮਨ ਨੂੰ ਸਾਹਮਣੇ ਰੱਖਿਆਂ, ਪੰਜਾਬ ਦੀ ਕਲਾਸਕੀ ਪਰੰਪਰਾ ਵੀ ਸਾਹਮਣੇ ਆਉਂਦੀ ਹੈ। ਇਸ ਲਈ ਸਾਰੀ ਗੱਲ ਨੂੰ ਇਸ ਸੰਦਰਭ ਵਿਚ ਵੀ ਵਿਚਾਰਨਾ ਜ਼ਰੂਰੀ ਹੈ। ਕਲਾਸਕੀ ਪਰੰਪਰਾ ਪੰਜਾਬ ਵਿਚ ਗੁਰੂਆਂ ਦੀ ਹੈ। ਪੰਜਾਬੀ ਸਾਮੂਹਕਤਾ ਵਿਚ ਇਸ ਦਾ ਆਪਣਾ ਸਥਾਨ ਹੈ। ਪਰ ਇਸ ਕਲਾਸਕੀ ਪਰੰਪਰਾ ਦੇ ਬਾਵਜੂਦ ਵੀ ਪੰਜਾਬੀ ਲੌਕਿਕਤਾ ਆਪਣੇ ਦੇਸੀ ਸੰਗੀਤ, ਨਿਰਤ, ਸਾਜ਼ਾਂ ਆਦਿ ਨਾਲ ਅਰੰਭ ਤੋਂ ਹੀ ਸੰਬੰਧਿਤ ਰਹੀ ਹੈ। ਮੇਲਿਆਂ, ਮੁਸਾਹਬਿਆਂ ਉਤੇ ਹਾਲੇ ਵੀ ਇਸ ਤਰ੍ਹਾਂ ਦੇ ਸੰਗੀਤ ਆਧਾਰੀ ਨਿਰਤ ਤੇ ਸ਼ਾਂਗ ਕੀਤੇ ਜਾਂਦੇ ਹਨ ਜਿਸ ਤੋਂ ਇਹ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਕਲਾਸਕੀ ਬੰਦਸ਼ਾਂ ਦੇ ਬਾਵਜੂਦ ਵੀ ਲੌਕਿਕਤਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗੀਤ ਨਾਟਕ ਦੀਆਂ ਆਪਣੀਆਂ ਪਰੰਪਰਾਵਾਂ ਮੌਜੂਦ ਹਨ। ਭਾਵੇਂ ਇਹ ਪਰੰਪਰਾਵਾਂ ਮੁੱਢਲੇ ਰੂਪ ਵਿਚ ਹਨ, ਪਰ ਇਨ੍ਹਾਂ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ ਤੇ ਇਸ ਨਾਲ ਪੰਜਾਬੀ ਸਭਿਆਚਾਰ ਨੂੰ ਇਕ ਵਿਕਸਿਤ ਸਭਿਆਚਾਰ ਦੀ ਪੱਧਰ ਉਪਰ ਲਿਆਂਦਾ ਜਾ ਸਕਦਾ ਹੈ। ਸਮਕਾਲੀ ਸਥਿਤੀਆਂ ਵਿਚ ਪੰਜਾਬੀ ਰੰਗ ਮੰਚ ਤੇ ਨਾਟਕ ਨੂੰ ਪੁਰਾਣੀਆਂ ਪਰੰਪਰਾਵਾਂ ਦੇ ਆਧਾਰ ਉਤੇ ਵਿਕਸਿਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਯਤਨਾਂ ਦੇ ਨਾਲ ਨਾਲ ਰੰਗ ਮੰਚ ਦੇ ਸਮੱਸਿਆਵਾਦ ਨੂੰ ਸਾਹਮਣੇ ਰੱਖਿਆ ਜਾ ਰਿਹਾ ਹੈ। ਇਸ ਗੱਲ ਦਾ ਗੌਰਵ ਭਵਿੱਖ ਵਿਚ ਸਾਕਾਰ ਹੋਣ ਦੀ ਭਰਵੀਂ ਆਸ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਕਾਲੀ ਪੰਜਾਬੀ ਸਮੀਖਿਆ

ਇਸ ਵਿਚ ਸੰਦੇਹ ਨਹੀਂ ਕਿ ਸਾਹਿਤ-ਅਧਿਐਨ ਦੀ ਪਰਵਿਰਤੀ ਸਾਹਿਤ-ਸਿਰਜਨਾ ਦੇ ਨਾਲ ਹੀ ਪੈਦਾ ਹੋ ਜਾਂਦੀ ਹੈ ਪਰ ਅਜਿਹੀ ਸਥਿਤੀ ਵਿਚ ਅਧਿਐਤਾ ਆਮ ਤੌਰ ਉਤੇ ਆਪਣੇ ਸਭਿਆਚਾਰਕ ਸਮੂਹ ਵਿਚੋਂ ਪ੍ਰਾਪਤ ਹੋਈ ਸੂਚਨਾ ਦੇ ਆਧਾਰ ਉਤੇ ਹੀ ਆਪਣੀ ਅਧਿਐਨ-ਪ੍ਰਕਿਰਿਆ ਨੂੰ ਅਗੇ ਤੋਰਦਾ ਹੈ ਅਤੇ ਇਸ ਤਰ੍ਹਾਂ ਉਹ ਆਪਣੇ ਪ੍ਰਤੀ-ਉੱਤਰ ਰਾਹੀਂ ਸਾਹਿਤ-ਰਚਨਾ ਵਿਚ ਪਏ ਵਸਤੂ ਦੀ ਵਿਆਖਿਆ ਕਰਦਾ ਹੈ ਤੇ ਵਿਚਾਰਾਂ ਦਾ ਸਮਰਥਨ ਕਰਦਾ ਹੈ। ਅਜਿਹੀ ਪਰਵਿਰਤੀ ਵਿਚ ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਅਧਿਐਤਾ ਸਾਹਿਤਕ ਰਚਨਾਵਾਂ ਰਾਹੀਂ ਆਪਣੀ ਸਾਹਿਤਕ ਵਰਾਸਤ ਵਿਚ ਤਨੋ ਮਨੋ ਸ਼ਾਮਲ ਹੋ ਰਿਹਾ ਹੁੰਦਾ ਹੈ ਅਤੇ ਭਾਵੁਕ ਪੱਧਰ ਉਪਰ ਉਸ ਨਾਲ ਆਪਣੀ ਵਫ਼ਾ ਪਾਲ ਰਿਹਾ ਹੁੰਦਾ ਹੈ। ਸਾਹਿਤ-ਅਧਿਐਨ ਦਾ ਅਜਿਹਾ ਅਧਿਆਇ ਵੀ ਸਾਹਿਤ-ਸਮੀਖਿਆ ਅਖਵਾਉਂਦਾ ਹੈ। ਪਰੰਤੂ ਜਿਸ ਸਮੀਖਿਆ ਦੀ ਗੱਲ ਅਸੀਂ ਅੱਜ ਕਰਨਾ ਚਾਹੁੰਦੇ ਹਾਂ, ਉਸ ਦਾ ਕੰਮ ਸਾਹਿਤ-ਰਚਨਾ ਵਿਚ ਜਾਂ ਸਭਿਆਚਾਰਕ ਸਮੂਹਕਤਾ ਵਿਚ ਅਭੇਦ ਹੋਣਾ ਨਹੀਂ; ਸਗੋਂ ਇਸ ਤੋਂ ਇਕ ਮਾਨਸਿਕ ਵਿੱਥ ਥਾਪਣਾ ਹੈ। ਅਤੇ ਇਸ ਆਧਾਰ ਉਪਰ ਵਿਸ਼ੇਸ਼ ਸਭਿਆਚਾਰਕ ਮਰਯਾਦਾ ਦੇ ਅੰਤਰਗਤ ਪਹਿਲਾਂ ਮਰਯਾਦਾ ਦੇ ਨੇਮ-ਸਿਧਾਂਤ ਨੂੰ ਨਿਸ਼ਚਿਤ ਕਰਨਾ ਤੇ ਫੇਰ ਇਸ ਪ੍ਰਸੰਗ ਦੇ ਅੰਤਰਗਤ ਪਾਠ ਦੀ ਭਰਪੂਰ ਤੇ ਸਮੂਰਤ ਵਿਆਖਿਆ ਕਰਨਾ ਤੇ ਇਸ ਦੇ ਨੇਮਾਂ ਨੂੰ ਪਛਾਣਨਾ ਹੈ। ਪੰਜਾਬੀ ਸਮੀਖਿਆ ਦੇ ਖੇਤਰ ਵਿਚ ਇਹ ਬੜੇ ਸੰਤੋਖ ਦੀ ਗੱਲ ਹੈ ਕਿ ਇਸ ਵਿਚ ਵੀ ਸਮੀਖਿਆ ਦੀ ਦਿਸ਼ਾ ਇਸ ਵੇਲੇ ਏਸੇ ਪਾਸੇ ਵਲ ਹੈ। ਪਰੰਤੂ ਸਮੀਖਿਆ ਦੀ ਇਹ ਦਿਸ਼ਾ ਕਈ ਪ੍ਰਕਾਰ ਦੀਆਂ ਸਮੀਖਿਆਤਮਕ ਪ੍ਰਣਾਲੀਆਂ ਨਾਲ ਘਿਰੀ ਪਈ ਹੈ। ਨਤੀਜੇ ਵਜੋਂ ਸਮਕਾਲੀ ਪੰਜਾਬੀ ਸਮੀਖਿਆ ਵਿਚ ਇਕੋ ਵੇਲੇ ਵਿਭਿੰਨ ਸਮੀਖਿਆਤਮਕ ਪ੍ਰਣਾਲੀਆਂ ਚਲ ਰਹੀਆਂ ਹਨ। ਇਹ ਇਕ ਦੂਸਰੇ ਨੂੰ ਉਲੰਘਦੀਆਂ ਇਕ ਵਿਵਾਦਗ੍ਰਸਤ ਮਾਹੌਲ ਵੀ ਪ੍ਰਸਤੁਤ ਕਰਦੀਆਂ ਹਨ। ਇਸ ਤਰ੍ਹਾਂ ਅੱਜ ਦਾ ਸਮੀਖਿਆਤਮਕ ਮਾਹੌਲ ਪੰਜਾਬੀ ਜਗਤ ਵਿਚ ਖਾਸਾ ਭਰਵਾਂ ਜਾਪਦਾ ਹੈ। ਪਰ ਇਸ ਭਰਪੂਰਤਾ ਨੇ ਗਿਆਨ-ਸ਼ਾਸਤਰੀ ਨਿਖਾਰ ਪੈਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਦੀ ਬਜਾਇ, ਇਕ ਵਿਸ਼ੇਸ਼ ਪ੍ਰਕਾਰ ਦਾ ਧੁੰਧੂਕਾਰ ਸਾਹਿਤਕ ਸੰਸਕ੍ਰਿਤੀ ਦੇ ਇਰਦ ਗਿਰਦ ਖਿਲਾਰ ਦਿੱਤਾ ਹੈ। ਇਸ ਨਾਲ ਸਭਿਆਚਾਰ ਦੇ ਪ੍ਰਸੰਗ ਵਿਚ ਅਰਥ-ਉਤਪਾਦਨਾ ਤੇ ਗਿਆਨ-ਸ਼ਾਸਤਰੀ ਉਦੇਸ਼ ਉਘੜਨ ਦੀ ਬਜਾਇ, ਉਲਝਦੇ ਨਜ਼ਰ ਆ ਰਹੇ ਹਨ। ਇਸ ਲਈ ਇਸ ਸਮੇਂ ਜ਼ਰੂਰਤ ਸਮੀਖਿਆ ਦੇ ਉਪਰ ਸਮੀਖਿਆਤਮਕ ਪਰਿਪੇਖ ਉਸਾਰਨ ਦੀ ਹੈ। ਜਦੋਂ ਵੀ ਪ੍ਰਦਤ ਸ਼ਬਦ-ਸਭਿਆਚਾਰ ਤੇ ਸਮੀਖਿਆਤਮਕ ਸਮਦ੍ਰਿਸ਼ ਦੇ ਉਪਰ ਸਮੀਖਿਆਤਮਕ ਪਰਿਪੇਖ ਉਸਾਰਨ ਦੇ ਪ੍ਰਯੋਜਨ ਨੂੰ ਸਾਹਮਣੇ ਰੱਖੀਦਾ ਹੈ ਤਾਂ ਸ਼ਬਦ-ਸਭਿਆਚਾਰ ਦੀ ਸਾਰੀ ਪਰੰਪਰਾ ਤੇ ਪ੍ਰਦੱਤ ਪ੍ਰਸਤੁਤੀ ਆਪਣੇ ਅੰਤਰਗਤ ਚਲਦੀ ਪਰਕਿਰਿਆ ਰਾਹੀਂ ਇਹ ਸੂਚਨਾ ਦੇਂਦੀ ਹੈ ਕਿ ਅਧਿਐਨ ਦੀ ਪਹਿਲੀ ਪੱਧਰ ਉਪਰ ਸ਼ਾਬਦਿਕ ਤਥਾ ਸਭਿਆਚਾਰਕ ਪ੍ਰਕਿਰਿਆ ਵਿਚ ਤਨੋ ਮਨੋ ਸ਼ਾਮਲ ਹੋਣ ਦੀ ਜ਼ਰੂਰਤ ਹੁੰਦੀ ਹੈ ਅਤੇ ਇਸੀ ਤਰ੍ਹਾਂ ਦੂਸਰੀ ਪੱਧਰ ਇਸ ਸਾਮੂਹਕ ਸ਼ਮੂਲੀਅਤ ਤੋਂ ਬਾਹਰ ਆਉਣ ਦੀ ਹੁੰਦੀ ਹੈ। ਸਭਿਆਚਾਰਕ ਸ਼ਮੂਲੀਅਤ ਤੋਂ ਬਾਹਰ ਆਉਣਾ, ਇਕ ਦ੍ਰਿਸ਼ਟੀਸੰਪੰਨ ਆਤਮਾ ਦੀ ਘਾੜਤ ਹੁੰਦੀ ਹੈ। ਦ੍ਰਿਸ਼ਟੀਸੰਪੰਨ ਆਤਮਾ ਉਦੋਂ ਘੜੀ ਜਾਂਦੀ ਹੈ, ਜਦੋਂ ਉਹ ਸ਼ਬਦ-ਸਭਿਆਚਾਰ ਦੀ ਪਰੰਪਰਾ ਨੂੰ ਆਪਣੇ ਅੰਦਰ ਉਤਾਰ ਕੇ ਇਸ ਦੇ ਅਧਿਕਾਰ ਵਿਚ ਰਹਿਣ ਦੀ ਬਜਾਇ, ਸਗੋਂ ਇਸ ਨੂੰ ਆਪਣੇ ਅਧਿਕਾਰ ਵਿਚ ਲੈਣ ਦਾ ਪ੍ਰਯਾਸ ਕਰਦੀ ਹੈ। ਇਹ ਚੇਤੰਨ ਬੁੱਧ ਦੀ ਸੁਤੰਤ੍ਰਤਾ ਹੈ ਜੋ ਪਰਜੀਵੀ ਕਦੇ ਨਹੀਂ ਹੋ ਸਕਦੀ। ਇਸ ਦੀ ਸਾਰੀ ਪ੍ਰੇਰਨਾ ਗਿਆਨ-ਸ਼ਾਸਤਰੀ ਸਭਿਆਚਾਰ ਦੇ ਨਿਰਮਾਨ ਦੇ ਉਦੇਸ਼ ਤੋਂ ਆਈ ਹੁੰਦੀ ਹੈ ਅਤੇ ਇਸ ਦਾ ਕੰਮ ਸ਼ਬਦ-ਸਭਿਆਚਾਰ ਦੀ ਪਰੰਪਰਾ ਦਾ ਲੇਖਾ ਜੋਖਾ ਕਰ ਕੇ, ਇਸ ਨੂੰ ਗਿਆਨ-ਸ਼ਾਸਤਰੀ ਆਯਾਮ ਦੇ ਰਾਹ ਉਤੇ ਪਾਣਾ ਹੁੰਦਾ ਹੈ। ਗਿਆਨ ਸ਼ਾਸਤਰੀ ਆਯਾਮ ਦੇ ਰਾਹ ਉਤੇ ਵੀ ਉਸ ਨੂੰ ਦੋ ਪੜਾ ਪਾਰ ਕਰਨੇ ਪੈਂਦੇ ਹਨ। ਪਹਿਲਾ ਪੜਾ ਸ਼ਬਦ-ਸਭਿਆਚਾਰ ਦੇ ਅਵਚੇਤਨ ਵਿਚ ਕੰਮ ਕਰਦੇ ਨੇਮਾਂ ਨੂੰ ਪਛਾਨਣ ਦਾ ਹੈ। ਇਹ ਸਮੁੱਚੇ ਸ਼ਬਦ-ਸਭਿਆਚਾਰ ਦੀ ਗ੍ਰਾਮਰ ਦੀ ਪ੍ਰਸਤੁਤੀ ਹੈ। ਇਸ ਦੀ ਯਾਤਰਾ ਭਾਸ਼ਾਈ ਗ੍ਰਾਮਰ ਤੋਂ ਤੁਰ ਕੇ ਸਭਿਆਚਾਰ ਦੀ ਗ੍ਰਾਮਰ ਤਕ ਜਾਣ ਦੀ ਹੈ। ਪਰ ਇਸ ਤੋਂ ਅਗਲਾ ਇਕ ਹੋਰ ਪੜਾ ਹੈ। ਉਹ ਸ਼ਬਦ-ਸਭਿਆਚਾਰ ਦੇ ਵਿਆਕਰਣ-ਵਿਗਿਆਨ ਦੀ ਉਸਾਰੀ ਦਾ ਪੜਾਉ ਹੈ। ਇਸ ਪੜਾਉ ਵੱਲ ਵਧਣ ਦਾ ਉਦੇਸ਼ ਬੁਨਿਆਦੀ ਤੌਰ ਉਤੇ ਸਿਸਟਮ-ਨਿਰਮਾਨ ਨਾਲ ਜੁੜਿਆ ਹੋਇਆ ਹੈ ਤੇ ਸਿਸਟਮ-ਨਿਰਮਾਨ ਦੀ ਅਕਾਂਖਿਆ ਸ਼ਬਦ-ਸਭਿਆਚਾਰ ਦੀ ਦੇਸੀ ਵਿਰਾਸਤ ਨੂੰ ਸਾਰਥਕਤਾ ਦੇ ਕੇ ਗਿਆਨ-ਸ਼ਾਸਤਰ ਦੇ ਸਤਰ ਉਤੇ ਲਿਆਉਣ ਦੀ ਹੁੰਦੀ ਹੈ।

ਸਮੀਖਿਆ ਦਾ ਉਪਰੋਕਤ ਵਿਚ ਕਥਿਤ ਸਾਰਾ ਸਫ਼ਰ ਅਤਿਅੰਤ ਸਮੂਰਤਣ ਤੋਂ ਸ਼ੁਰੂ ਹੋ ਕੇ, ਅਤਿਅੰਤ ਅਮੂਰਤਣ ਤਕ ਜਾਣ ਦਾ ਸਫ਼ਰ ਹੈ ਅਤੇ ਪੰਜਾਬੀ ਜਗਤ ਲਈ ਇਹ ਇਕ ਭਵਿੱਖਾਰਥੀ ਉਦੇਸ਼ ਹੈ। ਇਸ ਉਦੇਸ਼ ਵੱਲ ਵਧਣ ਦੇ ਇਸ਼ਾਰੇ ਅਤਿਅੰਤ ਸਾਰਥਕ ਟਿੱਪਣੀਆਂ ਦੇ ਰੂਪ ਵਿਚ ਅਜੋਕੀ ਪੰਜਾਬੀ ਸਮੀਖਿਆ ਦੇ ਖੇਤਰ ਵਿਚ ਭਲੀ ਪ੍ਰਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖੇ ਜਾ ਸਕਦੇ ਹਨ। ਪਰੰਤੂ ਬੋਲ ਬਾਲਾ ਬਹੁਤਾ ਪਰੰਪਰਾਈ ਸਮੀਖਿਆ ਪ੍ਰਣਾਲੀਆਂ ਦਾ ਹੈ। ਪਰੰਪਰਾਈ ਸਮੀਖਿਆ ਪ੍ਰਣਾਲੀ ਵਿਚ ਸਮੀਖਿਆ ਦੀਆਂ ਕਈ ਪਹੁੰਚ-ਵਿਧੀਆਂ ਕੰਮ ਕਰਦੀਆਂ ਹਨ। ਪਰੰਪਰਾਈ ਸਮੀਖਿਆ ਦਾ ਅਰੰਭ ਅੰਗਰੇਜ਼ੀ ਸਾਮਰਾਜ ਦੇ ਸਾਹਮਣੇ ਆਉਣ ਨਾਲ, ਨਵੀਂ ਪ੍ਰਕਾਰ ਦੀ ਸਾਹਿਤਿਕ ਸੰਸਕ੍ਰਿਤੀ ਦੀ ਸਥਾਪਨਾ ਨਾਲ ਹੁੰਦਾ ਹੈ। ਅਰੰਭ ਵਿਚ ਇਹ ਸਮੀਖਿਆ ਨਵੀਆਂ ਵਿਧਾਵਾਂ ਦੀਆਂ ਕੁਝ ਰੂਪਗਤ ਤੇ ਸ਼ਿਲਪੀ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਦੀ ਹੈ ਜਾਂ ਫਿਰ ਰਚਨਾਵਾਂ ਵਿਚਲੇ ਵਿਸ਼ੇ-ਵਸਤੂ ਜਾਂ ਸੰਦੇਸ਼ ਦੀ ਸਾਰਥਕਤਾ ਉਪਰ ਟਿੱਪਣੀ ਕਰਦੀ ਹੈ। ਕਈ ਵਾਰ ਇਹ ਆਲੋਚਨਾ ਸਾਹਿਤ ਵਿਚੋਂ ਕੁਝ ਅਜਿਹੀਆਂ ਪਰਵਿਰਤੀਆਂ ਨੂੰ ਗ੍ਰਹਿਣ ਕਰਨ ਵੱਲ ਵੀ ਰੁਝਦੀ ਹੈ ਜੋ ਭਾਵਕ ਉਤੇਜਨਾ ਪੈਦਾ ਕਰਦੀਆਂ ਹਨ। ਅਜਿਹੀਆਂ ਪਰਵਿਰਤੀਆਂ ਨੂੰ ਇਹ ਸਮੀਖਿਆ ਸੁਹਜ-ਸੁਆਦ ਦੀ ਪ੍ਰਾਪਤੀ ਰਹਿੰਦੀ ਹੈ। ਇਸ ਦੇ ਨਾਲ ਹੀ ਇਹ ਕੁਝ ਪਰੰਪਰਾਈ ਇਤਿਹਾਸਕ, ਸਮਾਜਕ ਤੇ ਰਾਜਨੀਤਕ ਮਸਲਿਆਂ ਨੂੰ ਵੀ ਆਪਣੇ ਨਾਲ ਜੋੜ ਲੈਂਦੀ ਹੈ। ਸਾਹਿਤ ਜਾਂ ਕਾਵਿ ਦੀ ਜਦੋਂ ਇਹ ਆਲੋਚਨਾ ਪਰਿਭਾਸ਼ਾ ਕਰਦੀ ਹੈ ਤਾਂ ਇਸ ਪਾਸ ਧਾਰਨਾ ਇਹ ਹੀ ਹੁੰਦੀ ਹੈ ਕਿ ਸਾਹਿਤ ਜਾਂ ਕਾਵਿ ਜ਼ਿੰਦਗੀ ਦਾ ਪ੍ਰਤਿਬਿੰਬ ਹੈ। ਅਜਿਹੀ ਸਮੀਖਿਆ ਪਾਸ ਨ ਹੀ ਕੋਈ ਨਿਸ਼ਚਿਤ ਵਿਦਾ-ਬਿੰਦੂ ਹੈ ਤੇ ਨ ਹੀ ਪਹੁੰਚ-ਬਿੰਦੂ। ਇਸ ਤੋਂ ਬਿਨਾ ਇਹ ਕਿਸੇ ਨਿਸ਼ਚਿਤ ਅਧਿਐਨ-ਵਿਧੀ ਤੋਂ ਵੀ ਸੱਖਣੀ ਹੁੰਦੀ ਹੈ। ਅਜਿਹੀ ਸਮੀਖਿਆ ਸਾਧਾਰਨ ਮਾਨਸਿਕਤਾ ਨੂੰ ਖਾਸੀ ਪਸੰਦ ਹੁੰਦੀ ਹੈ ਕਿਉਂ ਇਸ ਵਿਚ ਸਿਧਾਂਤਕ ਪੱਧਰ ਉਤੇ ਕਿਸੇ ਤਰ੍ਹਾਂ ਦੀ ਨਿਸ਼ਚੇ ਕਰਨ ਦੀ ਕਰੜਾਈ ਨਹੀਂ ਹੁੰਦੀ। ਇਹ ਤਾਂ ਖੁਲ੍ਹੀ ਡੁਲ੍ਹੀ ਪ੍ਰਤੀਕਰਮਾਂ ਦੇ ਆਮੁਹਾਰੇ ਵੇਗ ਵਿਚ ਚਲਦੀ ਹੈ।

ਸੰਤ ਸਿੰਘ ਸੇਖੋਂ ਦੇ ਆਲੋਚਨਾਤਮਕ ਦ੍ਰਿਸ਼ ਉਤੇ ਆਉਣ ਤੋਂ ਪਹਿਲਾਂ ਇਸੇ ਤਰ੍ਹਾਂ ਦੀ ਆਲੋਚਨਾ ਚਲਦੀ ਰਹੀ ਅਤੇ ਹਾਲੇ ਵੀ ਇਹ ਸਮੀਖਿਆ ਚਲਦੀ ਹੀ ਆ ਰਹੀ ਹੈ। ਬਹੁਤੀ ਪ੍ਰਚਲਿਤ ਤੇ ਆਮ ਲੋਕਾਂ ਨੂੰ ਅਪੀਲ ਕਰਨ ਵਾਲੀ ਸਮੀਖਿਆ ਲਗਭਗ ਐਸੀ ਹੀ ਹੈ।

ਇਸ ਸਮੀਖਿਆ ਨੇ ਸਾਡੇ ਕਹਿੰਦੇ ਕਹਾਉਂਦੇ ਸਮੀਖਿਆਕਾਰਾਂ ਉਪਰ ਆਪਣਾ ਖਾਸਾ ਪ੍ਰਭਾਵ ਛੱਡਿਆ ਹੋਇਆ ਹੈ। ਤੇਜਾ ਸਿੰਘ ਤੋਂ ਸ਼ੁਰੂ ਹੋ ਕੇ ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ, ਅਤਰ ਸਿੰਘ ਆਦਿ ਤੀਕ ਇਹ ਸਮੀਖਿਆ ਚਲੀ ਜਾਂਦੀ ਹੈ। ਡਾ. ਗੋਪਾਲ ਸਿੰਘ ਜੋ ਸਮੀਖਿਆ ਦੀ ਸਿਧਾਂਤਕ ਪੁਸਤਕ 'ਸਾਹਿਤ ਦੀ ਪਰਖ' ਪੰਜਾਬੀ ਜਗਤ ਨੂੰ ਦੇਂਦਾ ਹੈ, ਹਡਸਨ ਨੂੰ ਆਧਾਰ ਬਣਾ ਕੇ, ਉਪਰੋਕਤ ਕਿਸਮ ਦੀ ਆਲੋਚਨਾ ਦੀ ਪਰਪਕਤਾ ਤੇ ਸਮਰਥਨ ਹੀ ਕਰਦਾ ਹੈ। ਅਜੋਕੇ ਪ੍ਰਸੰਗ ਵਿਚ ਇਹ ਖੁਲ੍ਹੀ ਡੁਲ੍ਹੀ ਆਲੋਚਨਾ ਸਾਮੂਹਕ ਪੱਧਰ ਉਪਰ ਸਰਬਗ੍ਰਾਹੀ ਮੰਨੀ ਜਾਂਦੀ ਹੈ, ਪਰ ਇਸ ਬਾਬਤ ਸੱਚ ਇਹ ਹੈ ਕਿ ਇਹ ਸੰਕਲਪੀ ਦ੍ਰਿਸ਼ਟੀ ਤੇ ਸਿਧਾਂਤਕ ਪਹੁੰਚ-ਵਿਧੀ ਤੋਂ ਸੱਖਣੀ ਹੈ। ਇਸੇ ਲਈ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਰੰਗ-ਬਰੰਗੀਆਂ, ਡੱਬ ਖੜੱਬੀਆਂ, ਆਂਸ਼ਿਕ ਤੇ ਅਧੂਰੀਆਂ ਧਾਰਨਾਵਾਂ ਰਾਹੀਂ ਆਪਣਾ ਕੰਮ ਸਾਰਦੀ ਜਾਂਦੀ ਹੈ। ਜਿਸ ਸਮੀਖਿਆ-ਵਿਧੀ ਦਾ ਜ਼ਿਕਰ ਅਸੀਂ ਆਪਣੇ ਇਸ ਪੱਤਰ ਦੇ ਅਰੰਭ ਵਿਚ ਕੀਤਾ ਹੈ, ਉਸ ਦਾ ਭਵਿੱਖਾਰਥੀ ਰਾਹ ਤਾਂ ਹੀ ਸਾਫ਼ ਹੋ ਸਕਦਾ ਹੈ, ਜੇ ਉਪਰੋਕਤ ਕਿਸਮ ਦੀ ਖੁਲ੍ਹੀ ਡੁਲ੍ਹੀ ਸਿਧਾਂਤ ਮੁਕਤ ਸਮੀਖਿਆ ਤੋਂ ਸਾਹਿਤਕ ਵਿਦਿਆ ਵੱਲ ਪ੍ਰਤੀਬੱਧ ਹੋ ਕੇ ਵਿਦਰੋਹ ਕੀਤਾ ਜਾਏ। ਇਸ ਸਮੀਖਿਆਤਮਕ ਧੁੰਧਲਕੇ ਦਾ ਜ਼ਿਕਰ ਅਸੀਂ ਪਹਿਲਾਂ ਕੀਤਾ ਹੈ ਉਸ ਨੂੰ ਪੈਦਾ ਕਰਨ ਵਿਚ ਇਹ ਹੀ ਸਮੀਖਿਆ ਜ਼ਿੰਮੇਵਾਰ ਹੈ।

ਪੰਜਾਬੀ ਵਿਚ ਨਿਸ਼ਚਿਤ ਸਿਧਾਂਤ ਵਾਲੀ ਆਲੋਚਨਾ ਸੰਤ ਸਿੰਘ ਸੇਖੋਂ ਦੇ ਸਾਹਿਤਾਰਥ ਤੋਂ ਸ਼ੁਰੂ ਹੁੰਦੀ ਹੈ। ਸੰਤ ਸਿੰਘ ਸੇਖੋਂ ਮਾਰਕਸਵਾਦੀ ਵਿਸ਼ਵ-ਦ੍ਰਿਸ਼ਟੀ ਨੂੰ ਸਾਹਿਤ-ਅਧਿਐਨ ਦੀ ਪਰੰਪਰਾ ਦੇ ਅੰਤਰਗਤ ਰੱਖ ਕੇ ਆਪਣੀ ਪਹੁੰਚ-ਵਿਧੀ ਬਣਾਉਂਦਾ ਹੈ। ਪਰ ਇਸ ਦੀ ਵਿਧੀ ਦੇ ਅੰਤਰਗਤ ਅਚੇਤ ਹੀ ਇਕ ਸੰਸਕਾਰ ਕੰਮ ਕਰਦਾ ਹੈ। ਉਹ ਸੰਸਕਾਰ ਰੂਪ ਤੇ ਵਿਸ਼ੇ ਦੀ ਦ੍ਵੈਤ ਵਾਲਾ ਹੈ ਜੋ ਸੇਖੋਂ ਨੂੰ ਪਹਿਲੀ ਖੁਲ੍ਹੀ ਡੁਲ੍ਹੀ ਸਮੀਖਿਆ ਤੋਂ ਹੀ ਪ੍ਰਾਪਤ ਹੋਇਆ ਜਾਪਦਾ ਹੈ। ਸੇਖੋਂ ਨੇ ਪੰਜਾਬੀ ਸਮੀਖਿਆ ਨੂੰ ਸੰਕਲਪਸ਼ੀਲ ਕਰਨ, ਨਿਸ਼ਚਿਤ ਸੇਧ ਵਿਚ ਤੋਰਨ ਤੇ ਸਮੀਖਿਆ ਨੂੰ ਸਮੀਖਿਆਤਮਕ ਮੁਹਾਵਰੇ ਵਿਚ ਪੇਸ਼ ਕਰਨ ਲਈ ਖਾਸੀ ਮਿਹਨਤ ਕੀਤੀ ਹੈ ਅਤੇ ਇਕ ਤਰ੍ਹਾਂ ਨਾਲ ਪੰਜਾਬੀ ਜਗਤ ਵਿਚ ਸਮੀਖਿਆਤਮਕ ਸੰਸਕ੍ਰਿਤੀ ਨੂੰ ਆਰੰਭ ਕੀਤਾ ਹੈ ਅਤੇ ਕਈ ਨਵੇਂ ਸਮੀਖਿਅਕ ਪੈਦਾ ਕੀਤੇ ਹਨ; ਪਰ ਉਸ ਦੀ ਸਾਰੀ ਆਲੋਚਨਾ ਵਿਚ ਜੋ ਤਰਕ-ਪੱਧਤੀ ਕੰਮ ਕਰਦੀ ਹੈ, ਉਹ ਜਦੋਂ ਵਿਸ਼ੈ-ਵਸਤੂ ਉਪਰ ਟਿੱਪਣੀ ਕਰਦੀ ਹੈ ਤਾਂ ਹੋਰ ਰਸਤਾ ਅਖਤਿਆਰ ਕਰ ਲੈਂਦੀ ਹੈ, ਜਦੋਂ ਸ਼ਿਲਪ ਸੰਬੰਧੀ ਮੱਤ ਪ੍ਰਗਟ ਕਰਦੀ ਹੈ ਤਾਂ ਦੂਸਰਾ ਰਸਤਾ ਅਪਣਾਦੀ ਹੈ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸਾਹਿਤ, ਕਾਵਿ ਜਾਂ ਕਲਾ ਦੇ ਸਮੁੱਚ ਨੂੰ, ਉਸ ਦੇ ਪ੍ਰਾਣਾਧਾਰੀ ਸੰਗਠਨ ਦੇ ਅਰਥਾਂ ਵਿਚ ਗ੍ਰਹਿਣ ਕਰਨ ਵਾਲੀ ਅਧਿਐਨ-ਪੱਧਤੀ ਸੰਤ-ਸਿੰਘ ਸੇਖੋਂ ਵੀ ਨਹੀਂ ਪ੍ਰਾਪਤ ਕਰ ਸਕਿਆ।

ਸੇਖੋਂ ਤੋਂ ਮਗਰੋਂ ਮਾਰਕਸਵਾਦੀ ਵਿਧੀ ਨੂੰ ਨਿਰੰਤਰ ਅੱਗੇ ਤੋਰਨ ਵਾਲਾ ਪ੍ਰੋ. ਕਿਸ਼ਨ ਸਿੰਘ ਹੈ। ਕਿਸ਼ਨ ਸਿੰਘ ਨੇ ਬੁਨਿਆਦੀ ਤੌਰ ਉਤੇ ਸੰਸਕ੍ਰਿਤੀ ਨੂੰ ਪੜ੍ਹਨ ਦੀ ਵਿਧੀ ਮਾਰਕਸਵਾਦ ਨੂੰ ਹੀ ਬਣਾਇਆ ਹੈ। ਪਰ ਸੇਖੋਂ ਦੇ ਮੁਕਾਬਲੇ ਉਤੇ ਕਿਸ਼ਨ ਸਿੰਘ ਪਾਸ ਸਮਾਜਕ ਸਿਸਟਮ ਨੂੰ ਗ੍ਰਹਿਣ ਕਰਨ ਦੀ ਤੇ ਇਸ ਦੇ ਅੰਤਰਗਤ ਸਾਹਿਤ ਨੂੰ ਰੱਖ ਕੇ ਦੇਖਣ ਵਾਲੀ ਦ੍ਰਿਸ਼ਟੀ ਵਧੇਰੇ ਸਪਸ਼ਟ ਹੈ। ਅਸਲ ਗੱਲ ਇਹ ਹੈ ਕਿ ਇਸ ਸਮੀਖਿਅਕ ਨੇ ਆਪਣੇ ਸਾਹਵੇਂ ਮੱਧਕਾਲੀ ਪੰਜਾਬੀ ਸਾਹਿਤ ਦੀ ਪਰੰਪਰਾ ਨੂੰ ਰੱਖਿਆ ਹੈ ਅਤੇ ਇਸ ਨੂੰ ਪੜ੍ਹਿਆ ਵੀ ਪੰਜਾਬ ਦੇ ਸਭਿਆਚਾਰ ਦੇ ਆਪਣੇ ਪ੍ਰਸੰਗ ਵਿਚ ਹੀ ਹੈ, ਪਰ ਵਿਧੀ ਇਸ ਦੀ ਮਾਰਕਸਵਾਦੀ ਹੈ। ਇਸ ਨੇ ਇਕ ਤਰ੍ਹਾਂ ਨਾਲ ਪੰਜਾਬ ਦੇ ਸ਼ਬਦ-ਸਭਿਆਚਾਰ ਦੇ ਅੰਤਰਗਤ, ਪੰਜਾਬੀ ਸਾਹਿਤ ਨੂੰ, ਇਥੋਂ ਦੀ ਤਰਜ਼ੇ-ਜ਼ਿੰਦਗੀ ਨੂੰ ਉਸਾਰਨ ਵਿਚ ਆਪਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੋਲ ਨਿਭਾਉਂਦਿਆਂ ਦੇਖਿਆ ਹੈ। ਇਸ ਲਈ ਇਹ ਆਪਣੀ ਪਹੁੰਚ-ਵਿਧੀ ਵਿਚ ਸਾਹਿਤ ਨੂੰ ਇਕ ਸੁਗਠਿਤ ਵਿਸ਼ੇ-ਪ੍ਰਬੰਧ ਵਜੋਂ ਹੀ ਲੈਂਦਾ ਰਿਹਾ ਹੈ ਤੇ ਇਸ ਨੂੰ ਮਾਨਵ-ਹਿਤ ਦੇ ਹੱਕ ਵਿਚ ਰੱਖ ਕੇ ਵੇਖਦਾ ਰਿਹਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਇਸ ਨੇ ਕਿਤੇ ਵੀ ਕਿਸੇ ਰਚਨਾ ਨੂੰ ਕਲਾ ਤੇ ਵਿਸ਼ੈ-ਵਸਤੂ ਦੇ ਸਰਲ ਵਿਭਾਜਨ ਵਿਚ ਵੰਡ ਕੇ ਨਹੀਂ ਵੇਖਿਆ। ਇਸ ਸਮੀਖਿਆ ਉਪਰ ਇਕ ਟਿੱਪਣੀ ਇਹ ਜ਼ਰੂਰ ਦਿੱਤੀ ਜਾ ਸਕਦੀ ਹੈ ਕਿ ਇਹ ਮਾਰਕਸਵਾਦੀ ਦ੍ਰਿਸ਼ਟੀ ਬਿੰਦੂ ਉਤੇ ਖਲੋ ਕੇ ਸਮੁੱਚੇ ਸਾਹਿਤ ਨੂੰ ਹੀ ਇਨਕਲਾਬੀ ਤੇ ਪ੍ਰਗਤੀਸ਼ੀਲ ਕਰਾਰ ਦੇ ਦਿੰਦੀ ਹੈ। ਨਤੀਜੇ ਵਜੋਂ ਇਕ ਵਿਸ਼ੇਸ਼ ਪ੍ਰਕਾਰ ਦਾ ਅਦ੍ਵੈਤਵਾਦ ਸਾਹਮਣੇ ਆ ਜਾਂਦਾ ਹੈ।

ਮਾਰਕਸਵਾਦੀ ਸਮੀਖਿਆ ਦੇ ਸਮਰਥਕ-ਸਮਕਾਲੀ ਪ੍ਰਸੰਗ ਵਿਚ ਵੀ ਬਹੁਤ ਹਨ। ਜੇ ਇਹ ਕਹੀਏ ਕਿ ਲਗ ਭਗ ਹਰ ਸਮੀਖਿਅਕ ਕਿਸੇ ਨਾ ਕਿਸੇ ਢੰਗ ਨਾਲ ਮਾਰਕਸ-ਵਾਦ ਨਾਲ ਆਪਣਾ ਰਿਸ਼ਤਾ ਜੋੜਨਾ ਚਾਹੁੰਦਾ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ। ਮਾਰਕਸਵਾਦ ਨੂੰ ਸਮਾਜ ਦੇ ਵਿਗਿਆਨਕ ਅਧਿਐਨ ਦੀ ਵਿਧੀ ਦਾ ਮਾਡਲ ਮੰਨਿਆ ਗਿਆ ਹੈ। ਇਸ ਲਈ ਹਰ ਕੋਈ ਇਸ ਮਾਡਲ ਨੂੰ ਅਪਨਾਣਾ ਤਾਂ ਚਾਹੁੰਦਾ ਹੈ ਪਰ ਬਹੁਤ ਵਾਰੀ ਇਸ ਮਾਡਲ ਵਿਚ ਕੰਮ ਕਰਦੀ ਵਿਧੀ ਨੂੰ ਸਮਝਣ ਤੋਂ ਬਿਨਾਂ ਹੀ, ਇਸ ਨੂੰ ਇਕ ਸਸਤੀ ਜਹੀ ਸਿਧ ਪੱਧਰੀ ਸਮਾਜਕ ਉਪਯੋਗਤਾ ਨਾਲ ਜੋੜ ਕੇ ਕੰਮ ਸਾਰ ਲਿਆ ਜਾਂਦਾ ਹੈ। ਪ੍ਰੋ. ਅਤਰ ਸਿੰਘ, ਡਾ. ਜਸਬੀਰ ਸਿੰਘ ਆਹਲੂਵਾਲੀਆ ਇਸ ਪੱਧਤੀ ਵਿਚ ਆਉਣ ਵਾਲੇ ਆਲੋਚਕ ਹਨ। ਫਰਕ ਕੇਵਲ ਇੰਨਾ ਹੈ ਕਿ ਜਿਥੇ ਅਤਰ ਸਿੰਘ ਡੱਬ-ਖੜੱਬੇ ਸੁਭਾ ਵਾਲੀ ਸਰਬਗ੍ਰਾਹੀ ਆਲੋਚਨਾ ਦੀ ਧੁੰਦ ਵਿਚ ਮਾਰਕਸਵਾਦ ਨੂੰ ਵੀ ਨਾਲ ਰੱਖ ਲੈਂਦਾ ਹੈ, ਉਥੇ ਜਸਬੀਰ ਸਿੰਘ ਆਹਲੂਵਾਲੀਆ ਸਾਹਿਤ-ਸਮੀਖਿਆ ਤੇ ਸਾਹਿਤ-ਦਰਸ਼ਨ ਦੀ ਪੀਡੀ ਪਕੜ ਦੇ ਆਧਾਰ ਉਤੇ ਮਾਰਕਸਵਾਦੀ ਵਿਸ਼ਵ-ਦ੍ਰਿਸ਼ਟੀ ਦੀ ਵਰਤੋਂ ਕਰਦਾ ਹੈ। ਪਰ ਇਥੇ ਇਕ ਸੁਆਲ ਪੈਦਾ ਹੁੰਦਾ ਹੈ ਕਿ ਜਦੋਂ ਆਹਲੂਵਾਲੀਆ ਸਿੱਖ-ਪਰੰਪਰਾਵਾਂ ਤੇ ਸੰਸਥਾਵਾਂ ਦਾ ਅਧਿਐਨ ਕਰਦਾ ਹੈ, ਉਦੋਂ ਉਹ ਆਪਣੇ ਨਿਸ਼ਚਿਤ ਸਮੀਖਿਆਤਮਕ ਆਧਾਰਾਂ ਨੂੰ ਕਿਉਂ ਪਿੱਠ ਦੇ ਜਾਂਦਾ ਹੈ? ਇਸ ਵਿਚੋਂ ਗੱਲ ਇਹ ਨਿਕਲਦੀ ਹੈ ਕਿ ਸਮੀਖਿਅਕ ਪਾਸ ਬੌਧਿਕ ਪ੍ਰਤਿਯੋਗਤਾ ਤਾਂ ਹੈ ਪਰ ਪ੍ਰਤਿਬੱਧਤਾ ਅਸਥਿਰ ਹੈ। ਇਹ ਰੁਚੀ ਵੀ ਸਾਹਿਤ-ਅਧਿਐਨ ਦੇ ਖੇਤਰ ਵਿਚ ਕੁਹਰਾਮ ਪੈਦਾ ਕਰਨ ਵਾਲੀ ਹੈ। ਮਾਰਕਸਵਾਦੀ ਆਧਾਰਾਂ ਉਤੇ ਸਾਹਿਤ-ਅਧਿਐਨ ਕਰਨ ਵਾਲਾ ਜਸਬੀਰ ਸਿੰਘ ਆਹਲੂ-ਵਾਲੀਆ ਹੋਰ ਹੈ, ਪ੍ਰਯੋਗਵਾਦੀ ਆਯਾਮਾਂ ਨੂੰ ਖੋਲ੍ਹਣ ਵਾਲਾ ਹੋਰ ਤੇ ਸਿੱਖ-ਪਰੰਪਰਾ ਦਾ ਅਧਿਐਨ ਕਰਨ ਵਾਲਾ ਕੋਈ ਹੋਰ। ਇਕੋ ਆਲੋਚਕ ਵਿਚ ਪਰਸਪਰ ਉਲੰਘਣ ਦੀ ਪ੍ਰਕਿਰਿਆ ਵਿਚ ਕਾਰਜਸ਼ੀਲ ਇਹ ਲਹਿਰਾਂ ਧੁੰਦੂਕਾਰ ਪਸਾਰਨ ਤੋਂ ਬਿਨਾ ਹੋਰ ਕਰ ਵੀ ਕੀ ਸਕਦੀਆਂ ਹਨ। ਇਹ ਹੀ ਕਾਰਨ ਹੈ ਕਿ ਪ੍ਰਬੁੱਧਤਾ ਦਾ ਪ੍ਰਭਾਵ ਪ੍ਰਸਤੁਤਕਰ ਸਕਣ ਦੇ ਬਾਵਜੂਦ ਵੀ ਇਕ ਸਮੀਖਿਅਕ ਵਜੋਂ ਜਸਬੀਰ ਸਿੰਘ ਆਹਲੂਵਾਲੀਆ ਅਪ੍ਰਸੰਗਿਕ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸਾਰੇ ਦ੍ਰਿਸ਼ ਤੋਂ ਅਗੇ ਕੁਝ ਹੋਰ ਮਾਰਕਸਵਾਦੀ ਸਮੀਖਿਅਕ ਸਾਡੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚ ਅਜੀਂ ਪ੍ਰੋ. ਤੇਜਵੰਤ ਸਿੰਘ ਗਿੱਲ, ਡਾ. ਰਵਿੰਦਰ ਰਵੀ ਆਦਿ ਨੂੰ ਸ਼ਾਮਲ ਕਰ ਸਕਦੇ ਹਨ। ਨਜਮ ਹੁਸੈਨ ਸਯਦ ਵੀ ਇਸੇ ਪ੍ਰਸੰਗ ਵਿਚ ਵਿਚਾਰਿਆ ਜਾ ਸਕਦਾ ਹੈ। ਇਹ ਆਲੋਚਕ ਮਾਰਕਸਵਾਦ ਤੇ ਸਾਹਿਤ ਦਾ ਆਪਸੀ ਸਮਾਜਸ ਕਰ ਕੇ ਚਲਦੇ ਹਨ। ਠੀਕ ਹੈ ਕਿ ਇਨ੍ਹਾਂ ਦੀ ਤਰਕ-ਪੱਧਤੀ ਦੇ ਵਿਚਕਾਰ ਸਾਹਿਤ, ਸਮਾਜਕ ਪ੍ਰਤਿਬਿੰਬਣ ਵਾਂਗ ਹੀ ਪਿਆ ਹੈ ਪਰ ਇਨ੍ਹਾਂ ਦੀ ਪਹੁੰਚ-ਵਿਧੀ ਵਿਚ ਕਲਾ-ਕਿਰਤਾਂ ਸਮਾਜਕ ਆਧਾਰਾਂ ਤੇ ਦੂਸਰੇ ਸੰਜਮਾਂ ਨਾਲ ਸੰਵਾਦ ਕਰਦੀਆਂ ਤੁਰਦੀਆਂ ਹਨ। ਇਸ ਲਈ ਇਹ ਪ੍ਰਤਿਬੱਧ ਵੀ ਹਨ ਤੇ ਗਿਆਨ-ਸ਼ਾਸਤਰੀ ਪੱਧਰ ਉਤੇ ਉਦਾਰਵਾਦੀ ਵੀ।

ਇਸ ਦੇ ਨਾਲ ਹੀ ਪੰਜਾਬੀ ਸਮੀਖਿਆ ਦਾ ਇਕ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਇਹ ਅਧਿਆਇ ਖੁਲ੍ਹੀ ਡੁਲ੍ਹੀ ਤੇ ਪਰਸਪਰ ਵਿਰੋਧੀ ਧਾਰਨਾਵਾਂ ਦੇ ਆਧਾਰ ਉਤੇ ਧੁੰਦ ਖਿਲਾਰਨ ਵਾਲੀ ਸਮੀਖਿਆ ਦੇ ਵਿਰੁਧ ਪ੍ਰਤੀਬੱਧ ਹੋ ਕੇ ਲਾਮਬੱਧ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਮੀਖਿਆਤਮਕ ਸਥਿਤੀ ਪੈਦਾ ਕਰਨ ਵਾਲਾ ਸਮੀਖਿਅਕ ਹਰਿਭਜਨ ਸਿੰਘ ਹੈ। ਹਰਿਭਜਨ ਸਿੰਘ ਦਾ ਪ੍ਰਥਮ ਸਮੀਖਿਆਤਮਕ ਉਦਮ ਨਿਸ਼ਚਿਤ ਰੂਪ ਵਿਚ ਉਸ ਦੀ ਪੁਸਤਕ 'ਅਧਿਐਨ ਤੇ ਅਧਿਆਪਨ' ਵਿਚ ਜ਼ਾਹਰ ਹੁੰਦਾ ਹੈ। ਇਹ ਪੁਸਤਕ ਵੈਸੇ ਤਾਂ ਖੁਲ੍ਹੀ ਡੁਲ੍ਹੀ ਆਲੋਚਨਾ ਨੂੰ ਪਸੰਦ ਕਰਨ ਵਾਲਿਆਂ ਨੂੰ ਵਧੇਰੇ ਰ ਸ ਆਉਂਦੀ ਹੈ ਕਿਉਂਕਿ ਇਸ ਪੁਸਤਕ ਦਾ ਅਚੇਤ ਸੰਸਕਾਰ ਉਸੇ ਆਲੋਚਨਾ ਵੱਲ ਹੈ ਪਰ ਇਸ ਪੁਸਤਕ ਵਿਚਲੇ ਸਾਰੇ ਨਿਬੰਧਾਂ ਵਿਚ ਇਕ ਪ੍ਰਯਤਨ ਹੈ ਅਜਿਹੇ ਸੰਸਕਾਰ ਤੋਂ ਪਾਰ ਜਾਣ ਦਾ। ਇਸ ਪੁਸਤਕ ਵਿਚ ਹਡਸਨ ਤੋਂ ਲੈ ਕੇ ਕਰੋਚੇ ਤੇ ਸੂਸਨ ਕੇ ਲੈਂਗਰ ਤਕ ਦੇ ਸਿਧਾਂਤਾਂ ਦੀ ਵਰਤੋਂ ਹੈ ਤੇ ਧਿਆਨ ਇਸ ਗੱਲ ਉਤੇ ਹੈ ਕਿ ਸਾਹਿਤ ਦੀ ਆਪਣੀ ਸਾਹਿਤਿਕਤਾ ਨੂੰ ਕਿਵੇਂ ਨਿਸ਼ਚਿਤ ਕੀਤਾ ਜਾਏ। ਇਸੇ ਉਥਾਨ ਤੋਂ ਹੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਸਮੀਖਿਆ ਦਾ ਅਤਿਅੰਤ ਚੇਤੰਨ ਅਧਿਆਇ ਹੈ। ਇਸ ਤੋਂ ਅੱਗੋਂ ਹਰਿਭਜਨ ਸਿੰਘ ਨੇ ਅੰਤਰ ਰਾਸ਼ਟਰੀ ਪੱਧਰ ਉਤੇ ਪੈਦਾ ਹੋਈਆਂ ਸਾਹਿਤ-ਸਮੀਖਿਆ ਪ੍ਰਣਾਲੀਆਂ ਨਾਲ ਪੰਜਾਬੀ ਜਗਤ ਦੀ ਸਾਂਝ ਪਾਉਣ ਤੋਂ ਸਾਹਿਤ ਨੂੰ ਵਿਦਿਆ ਤੇ ਸ਼ਾਸਤਰ ਦੀ ਮੱਦਦ ਨਾਲ ਗ੍ਰਹਿਣ ਕਰਨ ਦੀ ਪਰਵਿਰਤੀ ਆਪਣੀਆਂ ਅਗਲੀਆਂ ਪੁਸਤਕਾਂ ਵਿਚ ਜਾਰੀ ਰੱਖੀ। ਨਾਲ ਹੀ ਇਸ ਪ੍ਰਸਤਾਵ ਨੂੰ ਸਾਹਮਣੇ ਲਿਆਂਦਾ ਕਿ ਸਾਹਿਤ ਨੂੰ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਬਿਨਾਂ ਪੜ੍ਹਨਾਂ ਨ ਹੀ ਸੰਭਵ ਹੈ ਤੇ ਨ ਹੀ ਯੋਗ। ਇਸ ਤਰ੍ਹਾਂ ਹਰਿਭਜਨ ਸਿੰਘ ਸਾਹਿਤ ਦੀ ਸਾਹਿਤਕਤਾ ਨੂੰ ਪਹਿਲਾਂ ਨਵ-ਅਮਰੀਕੀ ਸਮੀਖਿਆ ਦੇ ਰੂਪਵਾਦੀ ਪ੍ਰਸੰਗ ਵਿਚ ਪਛਾਣਦਾ ਹੈ ਫਿਰ ਇਸੇ ਰੂਪਵਾਦ ਨੂੰ ਰੈਨੇਵੈਲਕ ਦੇ ਤਰਕ ਦੁਆਰਾ ਪਰਪੱਕ ਕਰਦਾ ਹੈ ਤੇ ਮਗਰੋਂ ਰੂਸੀ ਰੂਪਵਾਦੀਆਂ ਤੇ ਸਾਸੂਰ ਦੇ ਭਾਸ਼ਾ ਵਿਗਿਆਨਕ ਮਾਡਲਾਂ ਦੁਆਰਾ ਇਸ ਨੂੰ ਹੋਰ ਰੂੜ੍ਹ ਕਰਦਾ ਹੈ। ਆਪਣੀ ਇਸ ਦਿਸ਼ਾ ਵਿਚ ਹਰਿਭਜਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪਵਾਦ ਤੋਂ ਸੰਰਚਨਾਵਾਦ ਵਿਚ ਤੇ ਫਿਰ ਸੰਰਚਨਾਵਾਦ ਤੋਂ ਪਾਰਲੀਆਂ ਪ੍ਰਾਪਤੀਆਂ ਵੱਲ ਵੀ ਵੱਧਦਾ ਹੈ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਆਪਣੀ ਇਸ ਸਾਰੀ ਯਾਤਰਾ ਵਿਚੋਂ ਹਰਿਭਜਨ ਸਿੰਘ ਨੇ ਆਪਣੀ ਪਹੁੰਚ-ਵਿਧੀ ਦਾ ਸੰਜਮ ਤੇ ਅਨੁਸ਼ਾਸਨ ਕਿਸ ਆਧਾਰ ਤੇ ਖੜਾ ਕੀਤਾ ਹੈ। ਡੂੰਘੇਰਾ ਅਧਿਐਨ ਇਹ ਦੱਸਦਾ ਹੈ ਕਿ ਹਰਿਭਜਨ ਸਿੰਘ ਰੁਮਾਂਟਿਕ ਕਾਵਿ-ਸ਼ਾਸਤਰ ਤੇ ਰੂਪਵਾਦ ਨੂੰ ਹੀ ਆਪਣੀ ਆਧਾਰ-ਸ਼ਿਲਾ ਬਣਾ ਸਕਿਆ ਹੈ। ਜਿੰਨੀਆਂ ਵੀ ਨਵੀਨ ਧਾਰਨਾਵਾਂ ਆਈਆਂ ਹਨ, ਉਹ ਹਰਿਭਜਨ ਸਿੰਘ ਦੀ ਸਮੀਖਿਆਤਮਕ ਗ੍ਰਾਮਰ ਜੋ ਰੁਮਾਂਟਿਕ ਤੇ ਰੂਪਵਾਦੀ ਪਹੁੰਚ-ਵਿਧੀਆਂ ਉਪਰ ਆਧਾਰਿਤ ਹੈ, ਦੁਆਰਾ ਹੀ ਹਰਿਭਜਨ ਸਿੰਘ ਸਾਹਿਤ ਸਮੀਖਿਆ ਵਿਚ ਅਰਥ ਗ੍ਰਹਿਣ ਕਰਦੀਆਂ ਹਨ। ਪ੍ਰਤੀਕਵਾਦ, ਸੰਰਚਨਾਵਾਦ, ਉਤਰ-ਸੰਰਚਨਾਵਾਦ, ਚਿਹਨ ਵਿਗਿਆਨ ਸਭ ਕੁਝ ਘਟ ਕੇ ਰੁਮਾਸਵਾਦ ਤੇ ਰੂਪਵਾਦ ਦੇ ਧਰਾਤਲ ਉਤੇ ਪੁੱਜ ਜਾਂਦਾ ਹੈ। ਇਹ ਗੱਲ ਹਰਿਭਜਨ ਸਿੰਘ ਦੇ ਉਦੋਂ ਜ਼ਾਹਰ ਹੁੰਦੀ ਹੈ ਜਦੋਂ ਉਹ ਸਿਧਾਂਤ ਤੋਂ ਵਿਹਾਰ ਵਿਚ ਪੈਂਦਾ ਹੈ। ਪਰ ਹਰਿਭਜਨ ਸਿੰਘ ਨੇ ਨਿਸ਼ਚੇ ਹੀ ਪੰਜਾਬੀ ਸਮੀਖਿਆ ਨੂੰ ਸਾਮੂਹਿਕ ਗਿਆਨ-ਭਰਮ ਤੋਂ ਸੁਤੰਤਰ ਗਿਆਨ-ਸ਼ਾਸਤਰ ਵਿਚ ਬਦਲਿਆ ਹੈ, ਇਹ ਵੱਖਰੀ ਗੱਲ ਹੈ ਕਿ ਅਜਿਹਾ ਉਸ ਨੇ ਕੀਤਾ ਆਪਣੇ ਅਧਿਆਪਨ ਦੀਆਂ ਲੋੜਾਂ ਦੇ ਅਧੀਨ ਹੈ। ਹਰਿਭਜਨ ਸਿੰਘ ਦੀ ਇਸ ਪੱਖ ਵਿਚ ਦੇਣ ਇਹ ਵੀ ਹੈ ਕਿ ਉਸ ਨੇ ਇਸ ਨਵੇਂ ਤੇ ਅਜਨਬੀ ਮਾਰਗ ਉਤੇ ਚਲਣ ਵਾਲੇ ਕਈ ਨਵੇਂ ਸਮੀਖਿਆਕਾਰ ਪੈਦਾ ਕਰ ਦਿੱਤੇ ਹਨ। ਕੁਝ ਵਰ੍ਹੇ ਪਹਿਲਾਂ ਇਸ ਰਾਹ ਉਤੇ ਚਲਣ ਵਾਲਿਆਂ ਨੂੰ ਪੰਜਾਬੀ ਜਗਤ ਤ੍ਰਿਸ਼ਕਰਨ ਤੇ ਸਵੀਕਰਨ ਦੀ ਮਿਲਵੀਂ ਭਾਵਨਾ ਨਾਲ "ਦਿੱਲੀ ਸਕੂਲ ਸਮੀਖਿਆ" ਕਹਿ ਕੇ ਪੁਕਾਰਦਾ ਰਿਹਾ ਹੈ। ਪਰ ਇਕ ਗੱਲ ਪਰਤੱਖ ਹੈ ਕਿ ਸਮੀਖਿਆ ਦੇ ਇਸ ਯਤਨ ਵਿਚ ਅਵੱਸ਼ਕਰਨ ਵੀ ਹੋਇਆ ਹੈ ਤੇ ਵਿਸਤਰਨ ਵੀ ਅਤੇ ਇਸ ਉਦਮ ਵਿਚ ਹਰਿਭਜਨ ਸਿੰਘ ਤੋਂ ਪ੍ਰੇਰਨਾ ਲੈਣ ਵਾਲੇ ਉਸ ਨੂੰ ਉਲੰਘ ਜਾਣ ਵਾਲੇ ਸਾਬਤ ਹੋ ਰਹੇ ਹਨ। ਇਨ੍ਹਾਂ ਸਮੀਖਿਆਕਾਰਾਂ ਦੀ ਟੋਲੀ ਵਿਚ ਅਸੀਂ ਪ੍ਰੋ. ਤਰਲੋਕ ਸਿੰਘ ਕੰਵਰ, ਡਾ. ਸਤਿੰਦਰ ਸਿੰਘ ਨੂਰ, ਪ੍ਰੋ. ਸਤਿੰਦਰ ਸਿੰਘ, ਪ੍ਰੋ. ਗੁਰਚਰਨ ਸਿੰਘ ਅਰਸ਼ੀ, ਡਾ. ਜਗਬੀਰ ਸਿੰਘ, ਡਾ. ਗੁਰਚਰਨ ਸਿੰਘ, ਡਾ. ਅਮਰੀਕ ਸਿੰਘ ਪੁੰਨੀ, ਡਾ. ਮਨਜੀਤ ਸਿੰਘ ਆਦਿ ਨੂੰ ਸ਼ਾਮਲ ਕਰ ਸਕਦੇ ਹਾਂ। ਇਸ ਵੇਲੇ ਮਸਲਾ ਇਕ ਐਸੀ ਸਮੀਖਿਆ ਦਾ ਹੈ ਜੋ ਅੰਤਰ-ਅਨੁਸ਼ਾਸ਼ਨੀ ਹੋਵੇ, ਅੰਤਰ-ਅਨੁਸ਼ਾਸਨੀ ਪ੍ਰਸਤਾਵ ਨੂੰ ਚਿਹਨ-ਵਿਗਿਆਨ ਨੇ ਵਧੇਰੇ ਸੰਭਵ ਕੀਤਾ ਹੈ। ਇਸ ਦਾ ਅਵਿਸ਼ਕਾਰ ਬੁਨਿਆਦੀ ਤੌਰ ਉਤੇ ਕਰਨ ਵਾਲਾ ਪ੍ਰੋ. ਹਰਜੀਤ ਸਿੰਘ ਗਿੱਲ ਹੈ, ਜਿਸ ਨੇ ਚਿਹਨ-ਵਿਗਿਆਨ ਨੂੰ ਪੰਜਾਬੀ ਵਿਚ ਪ੍ਰਮਾਣਿਕਤਾ ਨਾਲ ਪਰਸਾਰਨ ਦਾ ਯਤਨ ਕੀਤਾ ਹੈ। ਨਤੀਜੇ ਵਜੋਂ ਇਸ ਵੇਲੇ ਗੱਲ ਇਥੇ ਆ ਪੁੱਜੀ ਹੈ ਕਿ ਸਾਹਿਤ-ਸਮੀਖਿਆ ਆਪਣੀ ਪ੍ਰਮਾਣਿਕਤਾ ਵਿਚ ਤਾਂ ਹੀ ਸੰਭਵ ਹੈ ਕਿ ਜੇਕਰ ਪਹਿਲਾਂ ਸਮੁੱਚੇ ਪੰਜਾਬੀ ਸਭਿਆਚਾਰ ਦੀ ਪਰੰਪਰਾ ਨੂੰ ਸਿਸਟਮ ਵਿਚ ਬਦਲਿਆ ਜਾਏ। ਪ੍ਰੋ. ਤਰਲੋਕ ਸਿੰਘ ਕੰਵਰ ਇਸ ਸਮੱਸਿਆ ਨਾਲ ਉਲਝਨ ਦੀ ਪ੍ਰਕਿਰਿਆ ਵਿਚ ਪਿਆ ਹੋਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਉਪਰ ਇਹ ਹੀ ਕਹਿਣਾ ਬਣਦਾ ਹੈ ਕਿ ਪੰਜਾਬੀ ਵਿਚ ਸਮੀਖਿਆ ਨੂੰ ਇਕ ਅਨੁਸ਼ਾਸਨ ਵਾਂਗ ਨਿਸ਼ਚਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਅੰਤਰ-ਅਨੁਸ਼ਾਸਨੀ ਪੱਧਰ ਉਤੇ ਪੈਦਾ ਹੋ ਰਹੇ ਗਿਆਨ-ਵਿਗਿਆਨ ਨਾਲ ਸਾਂਝ ਪਾ ਕੇ ਆਪਣੇ ਸਭਿਆਚਾਰ ਤੇ ਕਾਵਿ ਤਥਾ ਸਾਹਿਤ ਦਾ ਕਾਵਿ-ਸ਼ਾਸਤਰ ਤਿਆਰ ਕੀਤਾ ਜਾਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬੀ ਸਭਿਆਚਾਰ ਨੂੰ ਦੇਣ

ਮਹਿੰਦਰ ਸਿੰਘ ਰੰਧਾਵਾ ਆਧੁਨਿਕ ਭਾਰਤ ਦੇ ਕੁਝ ਕੁ ਅਤਿਅੰਤ ਪ੍ਰਬੀਨ ਤੇ ਕਾਮਯਾਬ ਪ੍ਰਸ਼ਾਸਕਾਂ ਵਿਚੋਂ ਹਨ। ਅੰਗਰੇਜ਼ੀ ਰਾਜ ਦੀ ਚੜ੍ਹਦੀ ਕਲਾ ਦੇ ਜ਼ਮਾਨੇ ਤੋਂ ਲੈ ਕੇ, ਆਜ਼ਾਦ ਭਾਰਤ ਦੇ ਲਗਭਗ 40 ਵਰ੍ਹਿਆਂ ਦੀ ਅਉਧ ਤੀਕ, ਰੰਧਾਵਾ ਨੇ ਲਗਭਗ ਸਾਰੇ ਉੱਤਰੀ ਭਾਰਤ ਵਿਚ ਆਪਣੇ ਪ੍ਰਸ਼ਾਸਨੀ ਕਾਰਜਾਂ ਨੂੰ ਭਲੀ ਭਾਂਤ ਨੇਪਰੇ ਚਾੜ੍ਹਦਿਆਂ, ਆਪਣੀ ਪ੍ਰਮਾਣਿਕਤਾ ਦਾ ਸਬੂਤ ਦਿੱਤਾ। ਪ੍ਰਸ਼ਾਸਕ ਹੋਣ ਦੇ ਨਾਤੇ ਮਹਿੰਦਰ ਸਿੰਘ ਰੰਧਾਵਾ ਆਪਣੇ ਇਲਾਕੇ ਦੇ ਲੋਕਾਂ ਦੀ ਰਹਤਲ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀ ਮਾਨਸਿਕਤਾ ਤੇ ਉਨ੍ਹਾਂ ਦੀਆਂ ਅਕਾਂਖਿਆਵਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਹਰ ਸਮੇਂ ਉਤਸਕ ਰਹਿੰਦਾ ਸੀ। ਇਹ ਹੀ ਕਾਰਨ ਹੈ ਕਿ ਉਹ ਜਿਥੇ ਵੀ ਗਿਆ ਉਸ ਦਾ ਪ੍ਰਸ਼ਾਸਨੀ ਕਾਰਜ ਇਲਾਕੇ ਦੇ ਲੋਕ-ਸਮੂਹਾਂ ਨੇ ਚਲਾਉਣ ਵਿਚ ਹਰ ਪ੍ਰਕਾਰ ਦੀ ਮੱਦਦ ਕੀਤੀ ਅਤੇ ਪ੍ਰੋਤਸਾਹਨ ਦਿੱਤਾ। ਆਮ ਤੌਰ ਉਤੇ ਵੇਖਣ ਵਿਚ ਆਉਂਦਾ ਹੈ ਕਿ ਅਫ਼ਸਰ ਆਪਣੀ ਸਾਰੀ ਸਰਕਾਰੀ ਸ਼ਕਤੀ ਰਾਹੀਂ ਲੋਕਾਂ ਉਪਰ ਹੁਕਮਰਾਨੀ ਕਰਦੇ ਹਨ ਅਤੇ ਲੋਕਾਂ ਤੋਂ ਇਕ ਵਿੱਥ ਥਾਪ ਕੇ ਆਪਣਾ ਕੰਮ ਕਰਦੇ ਹਨ ਪਰ ਰੰਧਾਵਾ ਦੀ ਪੁਸਤਕ 'ਆਪ ਬੀਤੀ' ਦੇ ਪੜ੍ਹਨ ਤੋਂ ਪਤਾ ਚਲਦਾ ਹੈ ਕਿ ਰੰਧਾਵਾ ਜਿਸ ਇਲਾਕੇ ਵਿਚ ਅਫ਼ਸਰ ਬਣਦਾ ਉਥੋਂ ਦੇ ਵਸਨੀਕਾਂ ਨਾਲ ਇਕ ਡੂੰਘੀ ਸਾਂਝ ਸਥਾਪਤ ਕਰ ਲੈਂਦਾ ਅਤੇ ਆਪਣੀ ਸਰਕਾਰੀ ਸ਼ਕਤੀ ਦੀ ਮੱਦਦ ਨਾਲ ਇਲਾਕੇ ਦੇ ਜੀਵਨ ਨੂੰ ਅੰਗਰੇਜ਼ੀ ਸਾਮਰਾਜ ਦੁਆਰਾ ਸਾਹਮਣੇ ਆਉਣ ਵਾਲੀਆਂ ਪਦਾਰਥਕ ਜੀਵਨ-ਵਿਧੀਆਂ ਦੇ ਮੁਤਾਬਕ ਉੱਨਤੀ ਤੇ ਵਿਕਾਸ ਦੇ ਮਾਰਗ ਉਤੇ ਪਾਉਣ ਦਾ ਯਤਨ ਕਰਦਾ। ਵਿਸ਼ੇਸ਼ ਕਰਕੇ ਉਸ ਦਾ ਧਿਆਨ ਇਕ ਤਾਂ ਪਿੰਡਾਂ ਦੀ ਕਿਰਸਾਨੀ ਨੂੰ ਉਨਤ ਕਰਨ ਤੇ ਰਹਿੰਦਾ ਤੇ ਦੂਸਰਾ ਵਿਦਿਆ ਤੇ ਪਰਚਾਰ ਲਈ ਉਹ ਖਾਸ ਤਰੱਦਦ ਕਰਦਾ। ਜਦੋਂ ਸਰਕਾਰੋਂ, ਦਰਬਾਰੋਂ ਮਾਇਅਕ ਵਸੀਲਿਆਂ ਦੀ ਘਾਟ ਮਹਿਸੂਸ ਹੁੰਦੀ ਤਾਂ ਇਲਾਕੇ ਦੀਆਂ ਪੰਚਾਇਤਾਂ ਰੰਧਾਵੇ ਦੀਆਂ ਤਜਵੀਜ਼ਾਂ ਨੂੰ ਆਪਣੀ ਉੱਨਤੀ ਲਈ ਯੋਗ ਸਮਝਦਿਆਂ ਆਪਣੇ ਵਲੋਂ ਦਿਲ ਖੋਲ੍ਹ ਕੇ ਸਹਾਇਤਾ ਦੇਂਦੀਆਂ। ਇਸ ਤਰ੍ਹਾਂ ਰੰਧਾਵਾ ਆਪਣੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਵਸੀਲੇ ਵੀ ਆਪ ਹੀ ਪੈਦਾ ਕਰ ਲੈਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਾ ਪ੍ਰਸ਼ਾਸਕ ਸੀ । ਆਪਣੀ ਅਜਿਹੀ ਪ੍ਰਤਿਭਾ ਸਦਕਾ ਉਸ ਨੇ ਉੱਤਰੀ ਭਾਰਤ ਦੇ ਸਾਰੇ ਇਲਾਕੇ ਦੀ ਨੁਹਾਰ ਨੂੰ ਨਵੀਨ ਨਾਗਰਿਕਤਾ ਵਿਚ ਬਦਲਣ ਵਿਚ ਕਾਫ਼ੀ ਹਿੱਸਾ ਪਾਇਆ । ਕਿਰਸਾਨੀ ਜੀਵਨ ਨੂੰ ਉਨਤ ਕੀਤਾ । ਥਾਉਂ ਥਾਈਂ ਸਕੂਲ ਖੋਲ੍ਹੇ । ਲਾਇਬ੍ਰੇਰੀਆਂ ਸਥਾਪਤ ਕੀਤੀਆਂ । ਇਲਾਕੇ ਦੀ ਰਹਿਣੀ ਬਹਿਣੀ ਨੂੰ ਨਵੀਂ ਜੀਵਨ-ਚਾਲ ਦੇ ਬਰਾਬਰ ਕਰਨ ਦਾ ਯਤਨ ਕੀਤਾ ।

ਆਮ ਤੌਰ ਉਤੇ ਅਫ਼ਸਰ ਲੋਕ ਆਪਣਾ ਪ੍ਰਸ਼ਾਸਕੀ ਕਾਰਜ ਉਪਚਾਰਕ ਤਰੀਕੇ ਨਾਲ ਨਿਭਾ ਕੇ ਤੁਰਦੇ ਹੁੰਦੇ ਹਨ; ਪਰ ਇੰਜ ਲੱਗਦਾ ਹੈ ਜਿਵੇਂ ਪ੍ਰਸ਼ਾਸਨ ਤਾਂ ਰੰਧਾਵਾ ਲਈ ਇਕ ਸਾਧਨ ਸੀ। ਅਸਲ ਗੱਲ ਤਾਂ ਉਸ ਦੀ ਪ੍ਰਤਿਭਾ ਸੀ । ਉਹ ਆਪਣੀ ਬਹੁਪੱਖੀ ਪ੍ਰਤਿਭਾ ਨੂੰ ਆਪਣੇ ਪ੍ਰਸ਼ਾਸਕੀ ਕਾਰਜ ਨਾਲੋਂ ਕਿਤੇ ਵੱਧ ਪ੍ਰਗਟਾਉਣ ਦਾ ਇਛਕ ਸੀ । ਇਸੇ ਲਈ ਉਸ ਦਾ ਧਿਆਨ ਪ੍ਰਸ਼ਾਸਕੀ ਕੰਮਾਂ ਦੇ ਨਾਲ ਨਾਲ ਜੀਵਨ ਤੇ ਰਹਤਲ ਨੂੰ ਬਹੁਪੱਖੀ ਵਿਕਾਸ ਵਿਚ ਵੇਖਣ ਉਤੇ ਬਰਾਬਰ ਟਿਕਿਆ ਰਹਿੰਦਾ । ਪਰ ਇਸ ਪ੍ਰਸੰਗ ਵਿਚ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਰੰਧਾਵਾ ਨੇ ਦੇਸੀ ਪ੍ਰਤਿਭਾ ਨੂੰ ਜਗਾਇਆ । ਆਪਣੇ ਆਪ ਨੂੰ ਇਸ ਵਿਚ ਸਿੱਧਾ ਸ਼ਾਮਲ ਨਹੀਂ ਕੀਤਾ; ਸਗੋਂ ਇਲਾਕੇ ਦੇ ਲੋਕਾਂ, ਕਾਰੀਗਰਾਂ, ਕਲਾਕਾਰਾਂ ਆਦ ਨੂੰ ਆਪੋ ਆਪਣੇ ਕੰਮਾਂ ਨੂੰ ਪੂਰੀ ਆਜ਼ਾਦੀ ਨਾਲ ਕਰ ਸਕਣ ਦਾ ਉਤਸ਼ਾਹ ਦਿੱਤਾ । ਇਸ ਨਾਲ ਇਲਾਕੇ ਦੀ ਲੋਕ-ਪ੍ਰਤਿਭਾ ਆਪਣੇ ਆਪ ਨੂੰ ਠੋਸ ਰੂਪ ਵਿਚ ਸਾਕਾਰ ਕਰਨ ਦੇ ਆਹਰੇ ਲੱਗ ਗਈ । ਇਸ ਤਰ੍ਹਾਂ ਰੰਧਾਵਾ ਕਾਮਯਾਬ ਪ੍ਰਸ਼ਾਸਕ ਦੇ ਨਾਲ ਨਾਲ ਸਭਿਆਚਾਰ ਦਾ ਐਜੀਨੀਅਰ ਹੈ । ਐਜੀਨੀਅਰ ਹਮੇਸ਼ਾ ਅਮੂਰਤ ਚਿੰਤਨ ਦਾ ਮਾਲਕ ਹੁੰਦਾ ਹੈ । ਯੋਜਨਾਵਾਂ ਬਣਾਂਦਾ ਹੈ ਤੇ ਭਵਿੱਖ ਦਾ ਨਿਰਮਾਨ ਕਰਨਾ ਲੋਚਦਾ ਹੈ । ਰੰਧਾਵਾ ਦੀ ਸਾਰੀ ਕਾਰਗੁਜ਼ਾਰੀ ਇੰਨ੍ਹਾਂ ਤਿੰਨ ਬਿੰਦੂਆਂ ਦੇ ਆਲੇ ਦੁਆਲੇ ਹੀ ਘੁੰਮਦੀ ਹੈ । ਰੰਧਾਵਾ ਦੇ ਨਾਮ ਨਾਲ ਪੁਸਤਕਾਂ ਦੀ ਕੋਈ ਲੰਬੀ ਸੂਚੀ ਨਹੀਂ ਜੋੜੀ ਜਾ ਸਕਦੀ ਤੇ ਨ ਹੀ ਉਸ ਨੇ ਕਦੀ ਆਪਣੇ ਆਪ ਨੂੰ ਸਾਹਿਤਕਾਰ ਜਾਂ ਲੇਖਕ ਖਿਆਲ ਕੀਤਾ । ਸਗੋਂ ਉਹ ਤਾਂ ਸਾਹਿਤਕਾਰਾਂ ਤੇ ਲੇਖਕਾਂ ਨੂੰ ਲੱਭਦਾ ਫਿਰਦਾ ਸੀ ਤੇ ਜਦੋਂ ਕੋਈ ਉਸ ਨੂੰ ਪ੍ਰਮਾਣਿਕ ਲੇਖਕ ਜਾਂ ਸਾਹਿਤਕਾਰ ਮਿਲ ਜਾਂਦਾ ਉਸ ਨੂੰ ਉਹ ਆਪਣੀ ਸੰਸਕ੍ਰਿਤੀ ਦਾ ਮਾਣ ਸਮਝਦਾ ਹੋਇਆ, ਉਸ ਦੀ ਅਜਿਹੀ ਮੱਦਦ ਕਰਦਾ ਕਿ ਉਹ ਆਪਣੀਆਂ ਨਿਤਾ ਪ੍ਰਤੀ ਲੋੜਾਂ ਤੋਂ ਸੁਤੰਤਰ ਹੋ ਕੇ ਆਪਣੇ ਆਪ ਨੂੰ ਆਪਣੀ ਲਿਖਿਤ ਤੇ ਸਾਹਿਤਕਾਰੀ ਦੇ ਚੰਗੀ ਤਰ੍ਹਾਂ ਸਮਰਪਿਤ ਕਰ ਸਕੇ । ਇਹ ਸਮਝਿਆ ਜਾਂਦਾ ਹੈ ਕਿ ਸੰਸਕ੍ਰਿਤੀ ਮਨੁੱਖ ਦੀ ਮਾਨਸਿਕ ਜਗਿਆਸਾ ਦਾ ਸਫ਼ਰ ਹੈ । ਪਰ ਮਹਿੰਦਰ ਸਿੰਘ ਰੰਧਾਵਾ ਆਪਣੀ ਗੱਲ ਇਸ ਤੋਂ ਵੀ ਰਤਾ ਹੇਠੋਂ ਸ਼ੁਰੂ ਕਰਦਾ ਸੀ । ਉਸ ਦੇ ਮਾਨਸ ਵਿਚ ਇਹ ਗੱਲ ਬੈਠੀ ਹੋਈ ਸੀ ਕਿ ਪਦਾਰਥਕ ਹਾਲਾਤ ਤੇ ਉਪਜੀਵਕਾ ਦੇ ਸਾਧਨ ਖਾਸੇ ਸੁਰੱਖਿਅਤ ਹੋਣੇ ਚਾਹੀਦੇ ਹਨ, ਤਾਂ ਹੀ ਕੋਈ ਪ੍ਰਤਿਭਾ ਮਾਨਸਿਕ ਜਗਿਆਸ ਦੇ ਰਾਹ ਉਤੇ ਤੁਰ ਸਕਦੀ ਹੈ । ਇਸੇ ਲਈ ਉਹ ਇਸ ਯਤਨ ਵਿਚ ਰਿਹਾ ਕਿ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਕੋਈ ਹੁਨਰਮੰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਕੌਸ਼ਲਤਾ ਦਾ ਸਬੂਤ ਤਾਂ ਹੀ ਦੇ ਸਕਦਾ ਹੈ ਜੇ ਉਹ ਆਪਣੀ ਨਿਤਾਪ੍ਰਤੀ ਜੀਵਨ ਦੀਆਂ ਜ਼ਰੂਰਤਾਂ ਤੋਂ ਸੁਰਖਰੂ ਹੈ ਅਤੇ ਇਹ ਸੱਚ ਹੈ ਕਿ ਰੰਧਾਵਾ ਨੇ ਸਾਹਿਤਕਾਰਾਂ, ਲੇਖਕਾਂ, ਕਲਾਕਾਰਾਂ ਆਦਿ ਦੇ ਉਪਜੀਵਕਾ ਦੇ ਸਾਧਨਾਂ ਨੂੰ ਸੁਰੱਖਿਅਤ ਕਰਨ ਵਿਚ ਵੱਧ ਤੋਂ ਵੱਧ ਸਹਾਇਤਾ ਕੀਤੀ ਅਤੇ ਇਸ ਤਰ੍ਹਾਂ ਉਸ ਨੇ ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ ਤੇ ਕਲਾਕਾਰਾਂ ਦੀ ਪ੍ਰਤਿਭਾ ਨੂੰ ਜਾਗ੍ਰਿਤ ਕੀਤਾ।

ਇਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਰੰਧਾਵਾ ਨੇ ਆਪਣੀ ਇਸ ਰੁਚੀ ਅਧੀਨ ਬਹੁਤ ਸਾਰੇ ਲੇਖਕਾਂ ਤੇ ਵਿਦਵਾਨਾਂ ਨੂੰ ਆਪਣੀ ਸਮਰੱਥਾ ਦਾ ਵਿਸਤਾਰ ਕਰ ਸਕਣ ਲਈ ਪ੍ਰੇਰਿਆ ਅਤੇ ਉਨ੍ਹਾਂ ਪਾਸੋਂ ਅਜਿਹੇ ਕੰਮ ਕਰਵਾ ਲਏ ਜਿਨ੍ਹਾਂ ਸੰਬੰਧੀ ਇਹ ਵਿਦਵਾਨ ਆਪ ਕਦੀ ਸੋਚ ਵੀ ਨ ਸਕਦੇ। ਅਸਲ ਵਿਚ ਰੰਧਾਵਾ ਸਭਿਆਚਾਰ ਦੇ ਸੰਬੰਧ ਵਿਚ ਜਿੱਥੇ ਵਿਰਸੇ ਸੰਬੰਧੀ ਭਾਵਕ ਮੋਹ ਨੂੰ ਜ਼ਰੂਰੀ ਸਮਝਦਾ ਹੈ, ਉਥੇ ਉਹ ਇਸ ਤੋਂ ਵੀ ਵੱਧ ਜ਼ਰੂਰੀ ਇਸ ਗੱਲ ਨੂੰ ਸਮਝਦਾ ਹੈ ਕਿ ਵਿਰਸੇ ਵਿਚੋਂ ਪ੍ਰਾਪਤ ਹੋਈ ਸਹਿਜ ਸੰਪਤੀ ਨੂੰ ਨਵੇਂ ਜ਼ਮਾਨੇ ਦੀਆਂ ਵੰਗਾਰਾਂ ਦੇ ਅਧੀਨ ਨਿਯੋਜਿਤ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਵਰਤਿਆ ਜਾਏ। ਇਹ ਸਭਿਆਚਾਰ ਨੂੰ ਭਵਿੱਖ ਦੇ ਰਾਹ ਉਤੇ ਪਾਣ ਦਾ ਉੱਦਮ ਹੈ, ਜਿਸ ਨੂੰ ਸਾਹਿਤਕਾਰ ਤਾਂ ਆਪਣੀ ਭਾਸ਼ਾਈ ਯੋਗਤਾ ਤੇ ਸਮਰੱਥਾ ਦੁਆਰਾ ਪੂਰਾ ਕਰਦੇ ਹਨ, ਪਰ ਰੰਧਾਵਾ ਨੇ ਆਪਣੇ ਕਾਰ-ਵਿਹਾਰ ਰਾਹੀਂ ਇਸ ਦੀ ਪੂਰਤੀ ਕਰਨ ਲਈ ਸਿਰਤੋੜ ਯਤਨ ਕੀਤੇ।

ਜੇਕਰ ਰੰਧਾਵਾ ਦੀ ਸਾਰੀ ਕਾਰਗੁਜ਼ਾਰੀ ਨੂੰ ਸਭਿਆਚਾਰ, ਤੇ ਵਿਸ਼ੇਸ਼ ਕਰ ਕੇ ਪੰਜਾਬੀ ਸਭਿਆਚਾਰ ਦੇ ਕੇਂਦਰ ਵਿਚ ਰੱਖ ਕੇ ਵੇਖਿਆ ਜਾਏ ਤਾਂ ਪਤਾ ਲੱਗੇਗਾ ਕਿ ਰੰਧਾਵਾ ਸਭਿਆਚਾਰ ਦੀ ਦੇਸੀ ਪਰੰਪਰਾ ਨੂੰ ਵਿਗਿਆਨਕ ਯੁੱਗ ਦੀਆਂ ਜ਼ਰੂਰਤਾਂ ਅਧੀਨ ਪੈਦਾ ਹੋ ਰਹੇ ਗਿਆਨ-ਵਿਗਿਆਨ ਦੇ ਨਕਸ਼ੇ ਉਤੇ ਲਿਆਉਣ ਦਾ ਇਛੁਕ ਸੀ। ਰੰਧਾਵਾ ਦੀ ਯਾਤਰਾ ਇਸ ਪੱਖ ਵਿਚ ਪੰਜਾਬ ਦੇ ਲੋਕ-ਵਿਰਸੇ ਤੋਂ ਸ਼ੁਰੂ ਹੁੰਦੀ ਹੈ। ਲੋਕਾਂ ਦੀ ਵਿਰਾਸਤ ਵਿਚ ਰੰਧਾਵਾ ਸਮੁੱਚੀ ਰਹਤਲ ਨੂੰ ਲੈਂਦਾ ਹੈ। ਸਮੁੱਚੀ ਰਹਤਲ ਵਿਚ ਪਦਾਰਥਕ ਰਹਿਣੀ-ਬਹਿਣੀ ਨੂੰ ਉਨਤ ਕਰਨ ਦੀ ਇੱਛਾ ਤਾਂ ਉਸ ਵਿਚ ਪ੍ਰਬਲ ਹੈ ਹੀ, ਪਰ ਇਸ ਦੇ ਨਾਲ ਨਾਲ ਉਹ ਪੰਜਾਬ ਦੇ ਲੋਕਾਂ ਦੀ ਉਹ ਮਾਨਸਿਕਤਾ ਜੋ ਉਨ੍ਹਾਂ ਦੀ ਲੋਕਧਾਰਾ ਵਿਚ ਪ੍ਰਗਟ ਹੁੰਦੀ ਹੈ, ਨੂੰ ਠੀਕ ਢੰਗ ਨਾਲ ਸੰਭਾਲਣ ਤੇ ਅੱਗੇ ਲਿਜਾਣ ਦੀ ਬਾਰ ਬਾਰ ਤਾਕੀਦ ਕਰਦਾ ਹੈ। ਉਸ ਦੀ ਅਜਿਹੀ ਮਨਸ਼ਾ ਵਿਚ ਮੌਖਿਕ ਸਭਿਆਚਾਰ ਨੂੰ ਲਿਖਤੀ ਰੂਪ ਦੇਣ ਦਾ ਉਦੇਸ਼ ਕੰਮ ਕਰਦਾ ਪ੍ਰਤੀਤ ਹੁੰਦਾ ਹੈ। ਅਸਲ ਵਿਚ ਰੰਧਾਵਾ ਦਾ ਨਿਸ਼ਾਨਾ, ਬੁਨਿਆਦੀ ਤੌਰ ਉਤੇ ਇਕ ਵਿਗਿਆਨੀ ਦਾ ਨਿਸ਼ਾਨਾ ਹੈ; ਇਸ ਲਈ ਉਹ ਜਿਸ ਤਰ੍ਹਾਂ ਕ੍ਰਿਸ਼ੀ ਨੂੰ ਕ੍ਰਿਸ਼ੀ-ਵਿਗਿਆਨ ਵਿਚ ਬਦਲਣਾ ਲੋਚਦਾ ਹੈ, ਇਸੇ ਤਰ੍ਹਾਂ ਉਹ ਲੋਕ-ਵਿਰਸੇ ਨੂੰ ਵੀ ਵਿਗਿਆਨਕ ਸੇਧ ਦੇਣਾ ਚਾਹੁੰਦਾ ਹੈ। ਉਸ ਦੀ ਸੰਪਾਦਿਤ ਕੀਤੀ ਪੁਸਤਕ 'ਪੰਜਾਬ' ਜੋ 1960 ਵਿਚ ਪ੍ਰਕਾਸ਼ਿਤ ਹੋਈ, ਇਸ ਗੱਲ ਦੀ ਗਵਾਹੀ ਵਿਚ ਪੇਸ਼ ਕੀਤੀ ਜਾ ਸਕਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਪੁਸਤਕ ਦੀ ਤਿਆਰੀ ਲਈ ਰੰਧਾਵਾ ਇਉਂ ਕਹਿੰਦਾ ਹੈ :

> 30 ਅਪ੍ਰੈਲ 1957 ਨੂੰ ਮੈਂ ਸਰਦਾਰ ਪ੍ਰਤਾਪ ਸਿੰਘ ਜੀ ਕੈਰੋਂ, ਮੁੱਖ ਮੰਤਰੀ ਪੰਜਾਬ ਨੂੰ ਪੰਜਾਬ ਸਰਕਾਰ ਵਲੋਂ ਪੰਜਾਬੀ ਜ਼ਬਾਨ ਵਿਚ ਪੰਜਾਬ ਦੀ ਕਲਾ, ਸਾਹਿਤ ਤੇ ਸਭਿਆਚਾਰ ਬਾਰੇ ਹਰ ਪੱਖ ਤੋਂ ਪੂਰਨ ਤੇ ਪ੍ਰਬੀਨ ਤਸਵੀਰ ਪੇਸ਼ ਕਰਨ ਵਾਲੀ ਇਕ ਪੁਸਤਕ ਛਾਪਣ ਦੀ ਤਜਵੀਜ਼ ਦਿੱਤੀ। ਪੰਜਾਬ ਸਰਕਾਰ ਨੇ ਅਜਿਹੀ ਪੁਸਤਕ ਦੀ ਅਣਹੋਂਦ ਕਾਰਨ ਇਸ ਦੀ ਲੋੜ ਤੇ ਵਿਸ਼ੇਸ਼ਤਾ ਨੂੰ ਅਨੁਭਵ ਕਰਦਿਆਂ ਮੇਰੀ ਤਜਵੀਜ਼ ਫੌਰਨ ਹੀ ਪਰਵਾਨ ਕਰ ਕੇ ਇਸ ਨੂੰ ਤਿਆਰ ਕਰਨ ਤੇ ਛਾਪਣ ਦੀ ਸਕੀਮ ਭਾਸ਼ਾ ਵਿਭਾਗ ਪੰਜਾਬ ਦੇ ਅਗਲੇ ਸਾਲ ਦੇ ਪ੍ਰੋਗਰਾਮ ਵਿਚ ਸ਼ਾਮਲ ਕਰ ਲਈ।

ਉਪਰੋਕਤ ਸਤਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰੰਧਾਵਾ ਇਹ ਗੱਲ ਸ਼ਿਦਤ ਨਾਲ ਮਹਿਸੂਸ ਕਰ ਰਿਹਾ ਸੀ ਕਿ ਪੰਜਾਬ ਦੀ ਰਹਤਲ, ਲੋਕਧਾਰਾ, ਕਾਵਿ-ਪਰੰਪਰਾ ਕਲਾ-ਸ਼ੈਲੀ, ਕਸੀਦਾਕਾਰੀ ਆਦਿ ਕਾਫ਼ੀ ਅਮੀਰ ਹੈ; ਪਰ ਇਸ ਅਮੀਰੀ ਨੂੰ ਦੁਨੀਆਂ ਦੇ ਸਾਹਮਣੇ ਤਾਂ ਹੀ ਲਿਆਂਦਾ ਜਾ ਸਕਦਾ ਹੈ ਜੇ ਚੇਤੰਨ ਹੋ ਕੇ ਇਸ ਦਾ ਸੰਗਠਨ ਨਵੇਂ ਜ਼ਮਾਨੇ ਦੀਆਂ ਲੋੜਾਂ ਦੇ ਮੁਤਾਬਕ ਪੇਸ਼ ਕੀਤਾ ਜਾਏ। ਰੰਧਾਵਾ ਇਹ ਮਹਿਸੂਸ ਕਰ ਰਿਹਾ ਸੀ ਕਿ ਪੰਜਾਬ ਦੀ ਬਹੁ-ਪੱਖੀ ਪ੍ਰਤਿਭਾ ਦੇ ਭਰਪੂਰ ਦਰਸ਼ਨ ਕਰਾਉਣ ਵਾਲੀ ਪੁਸਤਕ ਤਿਆਰ ਹੋਣੀ ਚਾਹੀਦੀ ਹੈ। ਇਹ ਰੁਚੀ ਮੌਖਿਕ ਪਰੰਪਰਾ ਨੂੰ ਲਿਖਤੀ ਸੰਗਠਨ ਦੇਣ ਵਾਲੀ ਹੈ। ਪੁਸਤਕ ਦਾ ਪਾਠ ਕਰਨ ਤੋਂ ਪਤਾ ਲੱਗਦਾ ਹੈ ਕਿ ਰੰਧਾਵਾ ਨੇ ਪੰਜਾਬ ਦੇ ਭੂਗੋਲ ਤੇ ਇਤਿਹਾਸ ਤੋਂ ਲੈ ਕੇ ਚਿੱਤਰ-ਕਲਾ, ਨਾਚ-ਕਲਾ, ਭਵਨ-ਨਿਰਮਾਣ ਕਲਾ ਤੇ ਸਾਹਿਤ ਤੇ ਸੰਸਕ੍ਰਿਤੀ ਦੇ ਹੋਰ ਅਨੇਕ ਪੱਖਾਂ ਤੀਕ ਇਸ ਪੁਸਤਕ ਨੂੰ ਫੈਲਾਇਆ ਹੈ। ਇਸ ਤੋਂ ਵੱਧ ਮਜ਼ੇਦਾਰ ਗੱਲ ਇਹ ਹੈ ਕਿ ਰੰਧਾਵਾ ਨੇ ਬਹੁਤ ਸਾਰੇ ਸਾਹਿਤਕਾਰਾਂ ਪਾਸੋਂ ਲੋਕਧਾਰਾ ਵਿਗਿਆਨੀ ਦਾ ਕੰਮ ਲੈਣ ਦੀ ਵੀ ਖਾਸੀ ਸਫਲ ਕੋਸ਼ਿਸ਼ ਕੀਤੀ ਹੈ। ਸੰਸਕ੍ਰਿਤੀ-ਵਿਗਿਆਨ ਤੇ ਸਮਾਜਕ ਵਿਗਿਆਨ ਦੇ ਪੱਖ ਤੋਂ ਭਾਵੇਂ ਇਸ ਪੁਸਤਕ ਵਿਚ ਵੀ ਕਈ ਊਣਤਾਈਆਂ ਹੋਣਗੀਆਂ, ਪਰੰਤੂ ਇਹ ਗੱਲ ਮੰਨਣੀ ਪੈਂਦੀ ਹੈ ਕਿ ਇਹ ਪੁਸਤਕ ਪੰਜਾਬੀ ਪਰੰਪਰਾ ਤੇ ਪ੍ਰਤਿਭਾ ਨੂੰ ਵਿਗਿਆਨਕ ਲੀਹਾਂ ਉਤੇ ਤੋਰਨ ਦਾ ਪਹਿਲਾ ਯਤਨ ਹੈ। ਅਸਲ ਵਿਚ ਗਹੁ ਨਾਲ ਵਿਚਾਰਿਆਂ ਪਤਾ ਲੱਗਦਾ ਹੈ ਕਿ ਰੰਧਾਵਾ ਪੰਜਾਬ ਨਾਲ ਤੇ ਪੰਜਾਬੀਅਤ ਨਾਲ ਮੋਹ ਦਾ ਰਿਸ਼ਤਾ ਤਾਂ ਰੱਖਦਾ ਹੀ ਸੀ ਪਰ ਉਸ ਨੇ ਆਪਣਾ ਉਦੇਸ਼ ਇਹ ਬਣਾਇਆ ਹੋਇਆ ਸੀ ਕਿ ਸਮੁੱਚੇ ਪੰਜਾਬੀ ਵਿਰਸੇ ਨੂੰ ਅਧਿਐਨ ਦੀ ਦਿਸ਼ਾ ਪ੍ਰਦਾਨ ਕੀਤੀ ਜਾਏ ਅਤੇ ਇਹ ਸੱਚ ਹੈ ਕਿ ਰੰਧਾਵਾ ਦੀ ਸੰਪਾਦਕੀ ਅਧੀਨ ਤਿਆਰ 'ਪੰਜਾਬ' ਪੁਸਤਕ ਪੰਜਾਬੀ ਸਭਿਆਚਾਰ ਦੇ ਅਧਿਐਨ ਵੱਲ ਉਠਾਇਆ ਗਿਆ ਇਕ ਯੋਗ ਤੇ ਠੋਸ ਕਦਮ ਹੈ। ਸਾਡੇ ਬਹੁਤ ਸਾਰੇ ਅਧਿਐਨ ਹਾਲੇ ਵੀ ਮੋਹਭਾਵੀ ਅਤੇ ਉਦਰੇਵੇਂ ਵਾਲੇ ਹੁੰਦੇ ਹਨ। ਅਸੀਂ ਜਦ ਕਦੀ ਵੀ ਸਭਿਆਚਾਰ ਦੀ ਗੱਲ ਕਰਦੇ ਹਾਂ, ਪਿਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਦੇ ਦੀਆਂ [illegible] ਨੂੰ [illegible] ਅਤੀਤ ਲਈ ਸਹਿਭਾਵੀ ਹੋ ਜਾਂਦੇ ਹਾਂ ਅਤੇ ਇਸ ਤਰ੍ਹਾਂ ਆਪਣੇ ਅਵਚੇਤਨ ਵਿਚ ਗਵਾਚ ਜਾਂਦੇ ਹਾਂ। ਜ਼ਰੂਰਤ ਅਵਚੇਤਨ ਤੋਂ ਚੇਤੰਨ ਵੱਲ ਚੱਲਣ ਦੀ ਹੈ ਅਤੇ ਚੇਤੰਨ ਵੱਲ ਤਾਂ ਹੀ ਸਫ਼ਰ ਕੀਤਾ ਜਾ ਸਕਦਾ ਹੈ ਜੇ ਭੂਤ ਦੀ ਮੱਦਦ ਨਾਲ ਵਰਤਮਾਨ ਕੀਤਾ ਜਾਏ। ਰੰਧਾਵਾ ਆਪਣੇ ਹਰ ਯਤਨ ਵਿਚ ਇਹ ਗੱਲ ਜ਼ਰੂਰ ਜਾਣਦਾ ਸੀ ਕਿ ਉਹ ਵੀਹਵੀਂ ਸਦੀ ਵਿਚ ਖੜਾ ਹੈ ਅਤੇ ਵੀਹਵੀਂ ਸਦੀ ਦਾ ਸੰਦੇਸ਼ ਵਿਗਿਆਨ ਤੇ ਤਕਨਾਲੋਜੀ ਦੇ ਦਬਾਵਾਂ ਅਧੀਨ ਨਿਯੋਜਿਤ ਟੀਚਿਆਂ ਵੱਲ ਵੱਧਣਾ ਤੇ ਉਨ੍ਹਾਂ ਵਿਚ ਦਰਜਾ ਬ ਦਰਜਾ ਕਾਮਯਾਬੀ ਹਾਸਲ ਕਰਨਾ ਹੈ। ਇਹ ਨਿਸ਼ਚੇ ਹੀ ਚੇਤੰਨ ਦੀ ਯਾਤਰਾ ਹੈ। ਜਦੋਂ ਰੰਧਾਵਾ ਪੰਜਾਬ ਦੀ ਪ੍ਰਾਚੀਨਤਾ ਵਿਚ ਦਿਲਚਸਪੀ ਲੈਂਦਾ ਹੈ ਤਾਂ ਉਦੋਂ ਉਸ ਦਾ ਮੰਤਵ ਆਪਣੇ ਆਪ ਨੂੰ ਅਤੀਤਕਾਲੀ ਮੋਹ ਦੇ ਅਧੀਨ ਕਰਨਾ ਨਹੀਂ; ਸਗੋਂ ਅਤੀਤਕਾਲੀ ਵਿਰਸੇ ਦੀਆਂ ਰੂੜੀਆਂ ਰਾਹੀਂ ਆਪਣੇ ਸਭਿਆਚਾਰ ਦੀ ਦੇਸੀ ਪਛਾਣ ਨੂੰ ਨਿਸ਼ਚਿਤ ਕਰਨਾ ਹੈ। ਇਹ ਕੰਮ ਕਰ ਲੈਣ ਉਪਰੰਤ ਇਸ ਦਾ ਅਗਲਾ ਭਾਗ ਇਹ ਹੈ ਕਿ ਇਸ ਨੂੰ ਵਿਗਿਆਨਕ ਦਬਾਵਾਂ ਅਧੀਨ ਨਵੇਂ ਰਾਹਾਂ ਉਤੇ ਤੋਰਿਆ ਜਾਏ। ਰੰਧਾਵਾ ਇਸ ਪੱਖ ਤੋਂ ਪ੍ਰਯਤਨਸ਼ੀਲ ਹੋ ਕੇ ਚੱਲਣ ਵਾਲਾ ਵਿਅਕਤੀ ਸੀ। ਪਰ ਇਥੇ ਇਕ ਗੱਲ ਹੋਰ ਯਾਦ ਰੱਖ ਲੈਣੀ ਚਾਹੀਦੀ ਹੈ ਕਿ ਆਮ ਕਰਕੇ ਚਿੰਤਕ ਜਦੋਂ ਭਵਿੱਖਮੁੱਖੀ ਹੁੰਦੇ ਹਨ, ਅਤਿਅੰਤ ਆਦਰਸ਼ਵਾਦੀ ਹੋ ਜਾਂਦੇ ਹਨ ਅਤੇ ਆਪਣਾ ਨਾਤਾ ਯਥਾਰਥਕ ਹਾਲਾਤ ਤੋਂ ਤੋੜ ਲੈਂਦੇ ਹਨ। ਇਸ ਤਰ੍ਹਾਂ ਉਹ ਸੁਪਨੇਸਾਜ਼ ਹੋ ਨਿੱਬੜਦੇ ਹਨ। ਸਾਡੇ ਆਪਣੇ ਪੰਜਾਬੀ ਸਾਹਿਤ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਕ ਇਸ ਤਰ੍ਹਾਂ ਦਾ ਸੁਪਨੇਸਾਜ਼ ਹੈ। ਗਰੀਬੀ ਤੇ ਦਲਿੱਦਰ ਵਿਚ ਫਸੇ ਲੋਕਾਂ ਨੂੰ ਗੁਰਬਖ਼ਸ਼ ਸਿੰਘ ਨੇ ਸੁਪਨੇਸਾਜ਼ੀ ਦਾ ਐਸਾ ਰੁਮਾਂਟਿਕ ਵਾਯੂਮੰਡਲ ਦਿੱਤਾ ਕਿ ਲੋਕੀਂ ਹੁਣ ਤੱਕ ਉਸ ਦੇ ਮੁਰੀਦ ਬਣੇ ਚਲੇ ਆਉਂਦੇ ਹਨ। ਇਸ ਵਿਚ ਸ਼ੱਕ ਨਹੀਂ ਕਿ ਗੁਰਬਖ਼ਸ਼ ਸਿੰਘ ਬੜੀ ਖ਼ੂਬਸੂਰਤ ਵਾਰਤਕ ਲਿਖਦਾ ਹੈ ਅਤੇ ਗੱਲ ਵੀ ਬੜੀ ਅਪੀਲ ਕਰਨ ਵਾਲੀ ਬਣਾਂਦਾ ਹੈ; ਪਰ ਜਦੋਂ ਉਸ ਨੂੰ ਸਮਾਜ ਦੇ ਯਥਾਰਥਕ ਪ੍ਰਸੰਗਾਂ ਵਿਚ ਰੱਖ ਕੇ ਵੇਖਿਆ ਜਾਂਦਾ ਹੈ ਤਾਂ ਪਤਾ ਚੱਲਦਾ ਹੈ ਕਿ ਉਸ ਦਾ ਮੁੱਲ ਰੁਮਾਂਟਕ ਭਰਮ ਤੋਂ ਵੱਧ ਨਹੀਂ ਬਣਦਾ। ਪਰ ਇਸ ਦੇ ਐਨ ਉਲਟ ਰੰਧਾਵਾ, ਜਿਸ ਨੇ ਆਪ ਭਾਵੇਂ ਕੁਝ ਨਹੀਂ ਲਿਖਿਆ, ਪੰਜਾਬੀ ਜੀਵਨ ਦੇ ਹਰ ਪਹਿਲੂ ਨੂੰ ਇਕ ਐਸੀ ਸੇਧ ਦਿੱਤੀ ਹੈ, ਜਿਸ ਵਿਚ ਹਰ ਸੰਕਲਪਿਤ ਉਦੇਸ਼ ਆਪਣੀ ਸਿੱਧੀ ਤੇ ਪੂਰਤੀ ਦੇ ਰਾਹ ਉਤੇ ਚਲਦਾ ਪ੍ਰਤੀਤ ਹੁੰਦਾ ਹੈ। ਰੰਧਾਵਾ ਨੇ ਆਪਣੀ ਗੱਲ ਅਰੰਭੀ ਹੀ ਵਿਹਾਰ ਤੋਂ ਹੈ ਅਤੇ ਉਹ ਆਪਣਾ ਹਰ ਉਦੇਸ਼ ਵਿਹਾਰ ਦੇ ਆਧਾਰ ਉਤੇ ਹੀ ਘੜਦਾ ਹੈ ਤੇ ਇਸ ਦੀ ਪੂਰਤੀ ਵੀ ਵਿਹਾਰ ਦੇ ਹੀ ਸਥਲ ਉਤੇ ਕਰਦਾ ਹੈ। ਇਸੇ ਲਈ ਉਸ ਨੇ ਪੰਜਾਬ ਦੇ ਪਿੰਡਾਂ ਵਿਚ ਕਿਰਸਾਨੀ ਇਨਕਲਾਬ ਲਿਆਉਣ ਲਈ ਕ੍ਰਾਂਤੀਕਾਰੀ ਯਤਨ ਕੀਤੇ। ਲੁਧਿਆਣੇ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਸਾਰੀ ਕਿਰਸਾਨੀ ਐਸ ਵੇਲੇ ਵਿਗਿਆਨਕ ਸੰਦਾਂ ਤੇ ਸਾਧਨਾਂ ਦੀ ਮੱਦਦ ਨਾਲ

CC-0. In Public Domain. Gurukul Kangri Collection, Haridwar

ਕੀਤੀ ਜਾਂਦੀ ਹੈ । ਇਸ ਨੇ ਪਿੰਡਾਂ ਦੀ ਖੁਸ਼ਗਆਰੀ ਤੇ ਖੁਸ਼ਹਾਲੀ ਵਿਚ ਨਿਸੰਦੇਹ ਵੱਡਾ
Digitized by Arya Samaj Foundation Chennai and eGangotri
ਯੋਗਦਾਨ ਪਾਇਆ ਹੈ । ਇਸ ਪ੍ਰਕਿਰਿਆ ਵਿਚ ਪਏ ਪੇਂਡੂ ਲੋਕ ਕਿਸੇ ਸੁਪਨੇ ਜਾਂ ਰੁਮਾਂਟਕ ਵਿਚਾਰ ਦੇ ਅਧੀਨ ਨਹੀਂ, ਸਗੋਂ ਆਪਣੀ ਵਿਹਾਰਕ ਪ੍ਰਕਿਰਿਆ ਵਿਚ ਪਏ, ਆਪਣਾ ਕਾਰਜ ਕਰਦੇ, ਆਪਣੇ ਜੀਵਨ ਨੂੰ ਪਹਿਲਾਂ ਨਾਲੋਂ ਵਧੇਰੇ ਸੁਰੱਖਿਅਤ ਤੇ ਸੁਹਵੇਰਾ ਬਣਾ ਰਹੇ ਹਨ ।

ਇਸੀ ਤਰ੍ਹਾਂ ਰੰਧਾਵਾ ਨੇ ਦੇਸੀ ਕਲਾਵਾਂ ਨੂੰ ਪ੍ਰੋਤਸਾਹਨ ਦੇਣ ਲਈ ਕਈ ਆਰਟ ਥੀਏਟਰ ਤੇ ਅਕਾਦਮੀਆਂ ਖੋਲ੍ਹਣ ਦਾ ਵੀ ਪ੍ਰਬੰਧ ਕੀਤਾ । ਇਨ੍ਹਾਂ ਅਦਾਰਿਆਂ ਵਿਚ ਅੱਜ ਕੱਲ ਕਈ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਤੇ ਗੋਸ਼ਟੀਆਂ ਆਦਿ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਰਾਹੀਂ ਸਾਹਿਤ-ਰਚਨਾ ਚੇਤੰਨ ਟੀਚਿਆਂ ਵੱਲ ਵੱਧਣ ਦੀ ਪ੍ਰੇਰਨਾ ਪ੍ਰਾਪਤ ਕਰਦੀ ਹੈ । ਰੰਧਾਵਾ ਦੇ ਪ੍ਰਯਤਨਾਂ ਦੁਆਰਾ ਬਣਾਏ ਗਏ ਅਜਿਹੇ ਅਦਾਰੇ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਵੇਖੇ ਜਾ ਸਕਦੇ ਹਨ ।

ਇਸ ਤੋਂ ਬਿਨਾ ਰੰਧਾਵਾ ਆਪਣੀ ਪ੍ਰਤਿਭਾ ਵਿਚ ਸੁਹਜਵਾਦੀ ਵੀ ਸੀ । ਉਹ ਪੰਜਾਬ ਦੀ ਨਵੀਨ ਨਾਗਰਿਕਤਾ ਨੂੰ ਖੂਬਸੂਰਤੀ ਦੇ ਆਯਾਮ ਦੇਣਾ ਚਾਹੁੰਦਾ ਸੀ । ਜਿਸ ਸ਼ਹਿਰ ਵਿਚ ਵੀ ਰੰਧਾਵੇ ਨੇ ਕੁਝ ਸਮਾਂ ਬਿਤਾਇਆ, ਉਸ ਦੇ ਨਖ਼ਸਿਖ਼ ਬਦਲਣ ਤੇ ਉਸ ਨੂੰ ਪਹਿਲਾਂ ਨਾਲੋਂ ਵਧੇਰੇ ਸੁਹਣਾ ਬਣਾਉਣ ਵਿਚ ਉਚੇਚੇ ਯਤਨ ਕੀਤੇ । ਖਾਸ ਤੌਰ ਉਤੇ ਉਸ ਨੇ ਥਾਂ ਪਰ ਥਾਂ ਗੁਲਾਬਾਂ ਦੇ ਬਾਗ ਲਗਵਾਏ । ਇਸ ਤੋਂ ਬਿਨਾ ਲੋਕਾਂ ਵਿਚ ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਕਰਨ ਲਈ ਥਾਂ ਪਰ ਥਾਂ ਲਾਇਬ੍ਰੇਰੀਆਂ ਸਥਾਪਿਤ ਕਰਵਾਈਆਂ । ਦੇਸ਼ ਦੇ ਬਟਵਾਰੇ ਸਮੇਂ ਉਜੜੇ ਲੋਕਾਂ ਦੇ ਮੁੜ ਵਸੇਬੇ ਦਾ ਯੋਗ ਪ੍ਰਬੰਧ ਜੋ ਰੰਧਾਵਾ ਨੇ ਕੀਤਾ ਉਹ ਆਪਣੇ ਆਪ ਵਿਚ ਇਕ ਮਿਸਾਲ ਹੈ । ਦਿੱਲੀ ਵਿਚ ਪੰਜਾਬੀਆਂ ਨੂੰ ਰੰਧਾਵਾ ਨੇ ਇਸ ਤਰੀਕੇ ਨਾਲ ਵਸਾਇਆ ਕਿ ਅੱਜ ਪੰਜਾਬੀਆਂ ਨੇ ਸਾਰੀ ਦਿੱਲੀ ਨੂੰ ਪੰਜਾਬੀ ਰਹਿਣੀ ਬਹਿਣੀ ਦਾ ਸ਼ਹਿਰ ਬਣਾ ਦਿੱਤਾ ਹੈ ।

ਰੰਧਾਵਾ ਆਪਣੇ ਸਾਰੇ ਪ੍ਰਸ਼ਾਸਕੀ ਕਾਲ ਦੇ ਦੌਰਾਨ ਸਭਿਆਚਾਰ ਨੂੰ ਉਨਤ ਕਰਨ ਤੇ ਨਵੀਨਤਮ ਕਰਨ ਵਿਚ ਰੁਝਿਆ ਰਿਹਾ । ਆਪਣੀਆਂ ਸਾਰੀਆਂ ਕਾਰਗੁਜ਼ਾਰੀਆਂ ਵਿਚ ਉਸ ਨੇ ਕਿਧਰੇ ਵੀ ਇਕਪਾਸੜ ਵਤੀਰਾ ਅਖਤਿਆਰ ਨਹੀਂ ਕੀਤਾ । ਵੱਖ ਵੱਖ ਧਰਮਾਂ ਤੇ ਸੰਪਰਦਾਵਾਂ ਦੇ ਲੋਕਾਂ ਨੂੰ ਸਭਿਆਚਾਰਕ ਸੰਤੁਲਨ ਵਿਚ ਬੰਨ੍ਹ ਕੇ ਰੱਖਿਆ । ਕਈ ਵਾਰ ਉਸ ਨੂੰ ਫਿਰਕੇਦਰਾਨਾ ਦ੍ਰਿਸ਼ਟੀ ਦਾ ਵੀ ਟਾਕਰਾ ਕਰਨਾ ਪਿਆ; ਪਰ ਉਸ ਦੇ ਆਪਣੇ ਕੰਮ ਸੱਚੇ, ਸੁੱਚੇ ਤੇ ਸੈਕੂਲਰ ਸਨ, ਇਸ ਲਈ ਉਹ ਫਿਰਕੂ ਦ੍ਰਿਸ਼ਟੀ ਦੇ ਵਿਰੁੱਧ ਡੱਟ ਜਾਂਦਾ ਰਿਹਾ ਅਤੇ ਹਾਲਾਤ ਉਤੇ ਵਿਜੇ ਹੀ ਪ੍ਰਾਪਤ ਕਰਦਾ ਰਿਹਾ । ਚੰਡੀਗੜ੍ਹ ਦਾ ਗੁਲਾਬ-ਬਾਗ਼ ਬਨਾਣ ਉਪਰੰਤ ਬਾਗ਼ ਦੇ ਬਾਹਰ ਕੁਝ ਖੂਬਸੂਰਤ ਜਿਹਾ ਆਲੇਖ ਉਪਸਥਿਤ ਕਰਨ ਦੀ ਸਮੱਸਿਆ ਸਾਹਮਣੇ ਆਈ ਤੇ ਆਖਰ ਭਾਈ ਵੀਰ ਸਿੰਘ ਦੀ ਕਵਿਤਾ 'ਡਾਲੀ ਨਾਲੋਂ ਤੋੜ ਨ ਸਾਨੂੰ ਅਸਾਂ ਹਟ ਮਹਿਕ ਦੀ ਲਾਈ' ਲਿਖੀ ਗਈ । ਇਸ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਭਾਵਿਤ ਹੋ ਕੇ ਕੁਝ ਲੋਕ ਰੰਧਾਵਾ ਨੂੰ ਮਿਲੇ ਅਤੇ ਕਹਿਣ ਲੱਗੇ ਕਿ ਇਹ ਤਾਂ ਇਕ ਪੱਖੀ ਵਤੀਰਾ ਹੈ। ਤਾਂ ਰੰਧਾਵਾ ਸਾਹਿਬ ਨੇ ਕਿਹਾ ਕਿ ਤੁਸੀਂ ਗੁਲਾਬ ਦੇ ਫੁੱਲ ਉਪਰ ਲਿਖੀ ਕੋਈ ਕਵਿਤਾ ਦੂਸਰੀ ਜ਼ਬਾਨ ਦੀ ਲੈ ਆਵੋ ਉਹ ਵੀ ਲਾ ਦਿਆਂਗੇ। ਪਰ ਮੁੜ ਕੇ ਉਹ ਲੋਕ ਰੰਧਾਵਾ ਸਾਹਿਬ ਨੂੰ ਨਾ ਮਿਲੇ। ਇਸ ਤੋਂ ਰੰਧਾਵਾ ਆਪਣੀ ਸੈਕੂਲਰ ਦ੍ਰਿਸ਼ਟੀ ਵਿਚ ਦ੍ਰਿੜ੍ਹ ਜਾਪਦਾ ਹੈ।

ਇਸ ਸਾਰੀ ਵਿਚਾਰ ਤੋਂ ਇਹ ਪਤਾ ਚਲਦਾ ਹੈ ਕਿ ਰੰਧਾਵਾ ਨੇ ਪੂਰੀ ਅੱਧੀ ਸਦੀ ਜਿਥੇ ਆਪਣੇ ਪ੍ਰਸ਼ਾਸਕੀ ਕੰਮਾਂ ਲਈ ਵਰਤੀ, ਉਥੇ ਨਾਲੋ ਨਾਲ ਪੰਜਾਬੀ ਸਭਿਆਚਾਰ ਦੇ ਨਿਰਮਾਨ ਦਾ ਕਾਰਜ ਵੀ ਕੀਤਾ। ਉਸ ਦੀ ਸਿਮਰਤੀ ਵਿਚ ਅੱਜ ਦੀ ਇਕਤ੍ਰਤਾ ਦਾ ਅਰਥ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਸਾਰੇ ਆਪੋ ਆਪਣੇ ਕੰਮਾਂ ਵਿਚ ਉੱਦਮਸ਼ੀਲ ਹੋ ਕੇ ਜੁਟੀਏ ਤੇ ਪੰਜਾਬੀ ਸਭਿਆਚਾਰ ਦੇ ਅਧਿਐਨ ਨੂੰ ਭਾਵਕ ਉਦਰੇਵੇਂ ਤੇ ਹੇਰਵੇ ਵਿਚੋਂ ਕੱਢ ਕੇ, ਵਿਗਿਆਨਕ ਦਿਸ਼ਾਵਾਂ ਨੂੰ ਅਪਣਾਈਏ। ਰੰਧਾਵਾ ਨੇ ਆਪਣੇ ਯਤਨਾਂ ਨਾਲ ਪੰਜਾਬ ਦੀ ਪ੍ਰਤਿਭਾ ਨੂੰ ਅਨੇਕ ਪਹਿਲੂਆਂ ਤੋਂ ਇਕ ਸੁਗਠਵਾਂ ਪਰਿਪੇਖ ਦਿੱਤਾ ਪਰ ਇਸ ਸੁਗਠਵੇਂ ਪਰਿਪੇਖ ਵਿਚ ਅਧਿਕਤਰ ਵਿਆਖਿਆ ਪ੍ਰਪੰਚਸ਼ੀਲ ਤੇ ਬਿਉਰਾਸ਼ੀਲ ਹੈ। ਇਸ ਸਮੇਂ ਵਿਸ਼ਵ ਵਿਚ ਸਭਿਆਚਾਰ-ਅਧਿਐਨ ਸਭਿਆਚਾਰ ਦੇ ਕਾਵਿ-ਸ਼ਾਸਤਰ ਤਥਾ ਵਿਆਕਰਣ-ਵਿਗਿਆਨ ਨਾਲ ਰੁਚਿਤ ਹੋ ਰਿਹਾ ਹੈ। ਸਾਡੇ ਵਿਦਵਾਨਾਂ ਨੂੰ ਵੀ ਇਸ ਨਾਲ ਆਪਣਾ ਰਿਸ਼ਤਾ ਸਥਾਪਿਤ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬੀ ਸਭਿਆਚਾਰ ਦੀਆਂ ਭਵਿਖਾਰਥੀ ਸੰਭਾਵਨਾਵਾਂ ਨੂੰ ਉਘਾੜਨ ਲਈ ਪੰਜਾਬੀ ਸਭਿਆਚਾਰ ਦਾ ਵਿਗਿਆਨਕ ਅਧਿਐਨ ਬਹੁਤ ਜ਼ਰੂਰੀ ਹੈ। ਜੇ ਸਾਡਾ ਸਭਿਆਚਾਰ-ਅਧਿਐਨ ਇਸ ਪਾਸੇ ਵੱਲ ਠੋਸ ਕਦਮ ਉਠਾਏ ਤਾਂ ਇਹ ਮਹਿੰਦਰ ਸਿੰਘ ਰੰਧਾਵਾ ਨੂੰ ਸਹੀ ਸ਼ਰਧਾਂਜਲੀ ਹੋਵੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਵ ਕੁਮਾਰ ਰਚਿਤ ਲੂਣਾ : ਸੰਰਚਨਾਵਾਦੀ ਦ੍ਰਿਸ਼ਟੀ-ਬਿੰਦੂ ਤੋਂ

ਸੰਰਚਨਾਵਾਦੀ ਅਧਿਐਨ-ਵਿਧੀ ਤੇ ਦ੍ਰਿਸ਼ਟੀ ਨੇ ਵੀਹਵੀਂ ਸਦੀ ਦੀਆਂ ਵਿਗਿਆਨਕ ਤੇ ਗਣਿਤ ਸ਼ਾਸਤ੍ਰੀ ਪ੍ਰਾਪਤੀਆਂ ਨੂੰ ਵਿਸ਼ੁੱਧ ਵਿਗਿਆਨ ਦੇ ਖੇਤਰ ਤੋਂ ਤੋਰ ਕੇ ਮਾਨਵੀ ਸਭਿਆਚਾਰ, ਵਿਹਾਰ ਤੇ ਵਰਤਾਰਿਆਂ ਤੀਕ ਲੈ ਆਂਦਾ ਹੈ ਅਤੇ ਜਤਨ ਇਹ ਕੀਤਾ ਹੈ ਕਿ ਮਨੁੱਖ ਦੇ ਸਮੁੱਚੇ ਵਿਹਾਰ ਦੀ ਵਿਗਿਆਨਕਤਾ ਵੀ ਨਿਸਚਿਤ ਕਰ ਦਿੱਤੀ ਜਾਏ। ਇਸ ਪਹੁੰਚ-ਵਿਧੀ ਦਾ ਪੂਰੇ ਜ਼ੋਰ ਨਾਲ ਅਵਿਸ਼ਕਾਰ ਕਰਨ ਵਾਲਾ ਵਿਦਵਾਨ ਤਾਂ ਪ੍ਰਸਿੱਧ ਮਾਨਵ-ਵਿਗਿਆਨੀ ਲੈਵੀ ਸਤ੍ਰਾਉਸ ਹੈ। ਪਰ ਜਿਵੇਂ ਕਿ ਇਸ ਵਿਦਵਾਨ ਨੇ ਆਪ ਹੀ ਇਹ ਗੱਲ ਕਹੀ ਹੈ ਕਿ ਉਹ ਆਪਣੀ ਇਸ ਅਧਿਐਨ-ਪ੍ਰਕ੍ਰਿਆ ਵਿਚ ਵਿਸ਼ੇਸ਼ ਤੌਰ ਤੇ ਆਧੁਨਿਕ ਭਾਸ਼ਾ-ਵਿਗਿਆਨ ਤੋਂ ਪ੍ਰਭਾਵਿਤ ਹੈ। ਅਜਿਹੇ ਪ੍ਰਭਾਵ ਦੀ ਗੱਲ ਉਸ ਨੇ ਇਸ ਪੱਧਰ ਤਕ ਕਰ ਦਿੱਤੀ ਹੈ ਕਿ ਭਾਸ਼ਾ-ਵਿਗਿਆਨ ਨੂੰ ਅੰਤਰ-ਅਨੁਸ਼ਾਸਨੀ ਮਾਡਲ ਦਾ ਦਰਜਾ ਦੇ ਦਿੱਤਾ ਹੈ। ਇਸ ਦਿਸ਼ਾ ਵਿਚ ਉਸ ਨੇ ਪ੍ਰਾਥਮਿਕਤਾ ਸਾਸੂਰ ਨੂੰ ਦਿੱਤੀ ਹੈ। ਸਾਸੂਰ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਨਿਸਚੇ ਹੀ ਇਨਕਲਾਬ ਲਿਆਉਣ ਵਾਲਾ ਵਿਦਵਾਨ ਹੈ। ਉਸ ਨੇ ਉਨ੍ਹੀਵੀਂ ਸਦੀ ਦੇ ਇਤਿਹਾਸਕ ਭਾਸ਼ਾ-ਵਿਗਿਆਨ ਦੇ ਮੁਕਾਬਲੇ ਤੇ ਆਪਣਾ ਪ੍ਰਬੰਧ-ਆਧਾਰੀ ਭਾਸ਼ਾ-ਵਿਗਿਆਨ ਪ੍ਰਸਤੁਤ ਕੀਤਾ। ਸਿੱਟੇ ਵਜੋਂ ਕੁਝ ਵਿਆਪਕ ਧਾਰਨਾਵਾਂ ਐਸੀਆਂ ਸਾਹਮਣੇ ਲਿਆਂਦੀਆਂ ਜਿਨ੍ਹਾਂ ਨੇ ਭਾਸ਼ਾ ਤੋਂ ਬਿਨਾਂ ਇਕ ਤਾਂ ਸਮੁੱਚੀ ਸੰਸਕ੍ਰਿਤੀ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਅਤੇ ਦੂਸਰਾ ਮਨੁੱਖ ਦੀ ਆਜ਼ਾਦੀ ਦੀ ਤਾਂਘ ਤੇ ਭਵਿੱਖਾਰਥੀ ਸੰਭਾਵਨਾਵਾਂ ਨੂੰ ਚਿਹਨਕੀ ਪ੍ਰਕ੍ਰਿਆ ਨਾਲ ਜੋੜ ਦਿੱਤਾ। ਇਹ ਗੱਲ ਆਮ ਪ੍ਰਚਲਿਤ ਹੋ ਗਈ ਹੈ ਕਿ ਸਾਸੂਰ ਨੇ ਆਪਣੇ ਭਾਸ਼ਾ-ਵਿਗਿਆਨ ਦੇ ਅੰਤਰਗਤ ਜਦੋਂ ਭਾਸ਼ਾ ਨੂੰ ਸੰਸਕ੍ਰਿਤੀ ਦੇ ਦੂਸਰੇ ਖੇਤਰਾਂ ਵੱਲ ਵਿਸਤਾਰਿਆ ਤਾਂ ਉਸ ਨੇ ਚਿਹਨ-ਵਿਗਿਆਨ ਦੀ ਪਰਿਕਲਪਨਾ ਕਰ ਦਿੱਤੀ ਅਤੇ ਕਿਹਾ ਕਿ ਭਾਸ਼ਾ ਵਿਗਿਆਨ ਦੇ ਆਧਾਰ ਤੇ ਨਿਸਚੇ ਹੀ ਇਕ ਐਸਾ ਚਿਹਨ-ਵਿਗਿਆਨ ਭਵਿੱਖ ਵਿਚ ਉਸਾਰਨ ਦੀ ਆਸ ਹੈ ਜਿਸ ਦੇ ਆਧਾਰ ਤੇ ਭਾਸ਼ਾਈ ਅਵਚੇਤਨ ਕਈ ਪ੍ਰਕਾਰ ਦੀਆਂ ਚਿਹਨਕੀ ਪ੍ਰਕ੍ਰਿਆਵਾਂ ਉਤਪੰਨ ਕਰਕੇ ਮਾਨਵੀ ਸਭਿਆਚਾਰ ਦੇ ਬਹੁਦਿਸ਼ਾਵੀ ਪਹਿਲੂਆਂ ਨੂੰ ਏਸੇ ਆਧਾਰ ਉਤੇ ਸੁਨੇਮਤ ਕਰਨ ਤੇ ਸਮਝਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਕਾਰਜ ਕਰੇਗਾ। ਆਪਣੀ ਇਸ ਤਰ੍ਹਾਂ ਦੀ ਯਾਤਰਾ ਨੂੰ ਹੋਰ ਸਪੱਸ਼ਟ ਕਰਦਿਆਂ ਸਾਸੂਰ ਭਾਸ਼ਾਈ ਬੋਲ ਦੇ ਪ੍ਰਪੰਚ ਤੋਂ ਭਾਸ਼ਾਈ ਨੇਮ ਦੇ ਪ੍ਰਬੰਧ ਵੱਲ ਯਾਤਰਾ ਕਰਨ ਦੀ ਖ਼ਾਸ ਤਾਕੀਦ ਕਰਦਾ ਹੈ। ਇਹ ਦਿਸ਼ਾ ਭਾਸ਼ਾਈ ਚੇਤਨ ਤੋਂ ਭਾਸ਼ਾਈ ਅਵਚੇਤਨ ਵੱਲ ਜਾਣ ਦੀ ਹੈ। ਸਾਸੂਰ ਤੋਂ ਪਹਿਲਾਂ ਮਨੋਵਿਸ਼ਲੇਸ਼ਣ ਦੇ ਖੇਤਰ ਵਿਚ ਅਵਚੇਤਨ ਤੇ ਸਾਮੂਹਿਕ ਅਵਚੇਤਨ ਦਾ ਸੰਕਲਪ ਤਾਂ ਮੌਜੂਦ ਸੀ ਪਰ ਭਾਸ਼ਾਈ ਅਵਚੇਤਨ ਦਾ ਸੰਕਲਪ ਅਧਿਐਨ ਦੇ ਖੇਤਰਾਂ ਵਿਚ ਉੱਕਾ ਹੀ ਅਜਨਬੀ ਸੀ। ਸਾਸੂਰ ਦੁਆਰਾ ਜਦੋਂ ਇਹ ਸੰਕਲਪ ਸਾਹਮਣੇ ਆਇਆ ਤਦ ਵੀ ਮਨੋਵਿਸ਼ਲੇਸ਼ਣ ਤੇ ਭਾਸ਼ਾ-ਵਿਗਿਆਨ ਦੇ ਖੇਤਰਾਂ ਵਿਚ ਖਾਸਾ ਵਾਦ-ਵਿਵਾਦ ਰਿਹਾ। ਪਰੰਤੂ ਲੈਵੀ ਸਤ੍ਰਾਉਸ ਨੇ ਆਪਣੀ ਸੰਰਚਨਾਵਾਦੀ ਵਿਧੀ ਰਾਹੀਂ ਭਾਸ਼ਾਈ ਅਵਚੇਤਨ ਨੂੰ ਵਿਗਿਆਨਕ ਆਧਾਰਾਂ ਉਤੇ ਪ੍ਰਾਥਮਿਕਤਾ ਦੇ ਕੇ ਮਨੋਵਿਸ਼ਲੇਸ਼ਣ ਸਮਾਜ, ਸੰਸਾਰ, ਸ੍ਰਿਸ਼ਟੀ ਤੇ ਸਭਿਆਚਾਰ ਆਦਿ ਦੇ ਖੇਤਰਾਂ ਨੂੰ ਇਸ ਦੀ ਮੱਦਦ ਨਾਲ ਪੜ੍ਹਨਾ ਸ਼ੁਰੂ ਕੀਤਾ। ਅਜਿਹੀ ਵਿਧੀ ਨਾਲ ਬਹੁਤ ਸਾਰੇ ਅਜਿਹੇ ਸੰਕਲਪ ਜੋ ਅਤਾਰਕਿਕਤਾ ਤੇ ਰਹੱਸਧਾਰੀ ਸਨ, ਅਧਿਐਨ ਵਿਧੀ ਵਿਚੋਂ ਲੋਪ ਹੋਣੇ ਸ਼ੁਰੂ ਹੋ ਗਏ। ਅਸਲ ਵਿਚ ਜਦੋਂ ਸੰਰਚਨਾਵਾਦ ਭਾਸ਼ਾ-ਵਿਗਿਆਨਕ ਮਾਡਲ ਨੂੰ ਆਧਾਰ ਬਣਾਉਂਦਾ ਹੈ ਤਾਂ ਉਹ ਪ੍ਰਾਥਮਿਕ ਸੰਕਲਪਨਾ ਸੰਰਚਨਾ ਦੀ ਪੇਸ਼ ਕਰਦਾ ਹੈ। ਇਸ ਦ੍ਰਿਸ਼ਟੀ ਦਾ ਇਹ ਮੱਤ ਹੈ ਕਿ ਮਾਨਵ-ਬੁੱਧ ਵਿਚ ਕੁਝ ਸੰਰਚਨਾਵਾਂ ਹੁੰਦੀਆਂ ਹਨ। ਇਹ ਸੰਰਚਨਾਵਾਂ ਭਾਸ਼ਾਈ ਅਵਚੇਤਨ ਦੇ ਆਧਾਰ ਤੇ ਘੜੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਦੀ ਘਾੜਤ ਹਰ ਸਮੇਂ ਹੁੰਦੀ ਰਹਿੰਦੀ ਹੈ। ਇਨ੍ਹਾਂ ਸੰਰਚਨਾਵਾਂ ਦੀ ਪ੍ਰਾਥਮਿਕਤਾ ਨਿਆਂਇਕ ਪੱਧਰ ਉਪਰ ਸਿੱਧ ਹੁੰਦੀ ਹੈ। ਜੇ ਅਸੀਂ ਇਸ ਗੱਲ ਨੂੰ ਸਮਝਣ ਲਈ ਆਪਣੀ ਗੱਲ ਸਾਧਾਰਣ ਦ੍ਰਿਸ਼ਟੀ ਤੋਂ ਆਰੰਭੀਏ ਤਾਂ ਅਸੀਂ ਇਹ ਕਹਾਂਗੇ ਕਿ ਪਹਿਲੀ ਅਵਸਥਾ ਤੇ ਮਨੁੱਖ ਅਨੁਭਵ ਕਰਦਾ ਹੈ। ਇਕ ਪ੍ਰਾਣਧਾਰੀ ਜੀਵ ਵਾਂਗ ਮਨੁੱਖ ਆਪਣੇ ਆਲੇ ਦੁਆਲੇ ਨਾਲ ਟਕਰਾਉਂਦਾ ਹੈ ਅਤੇ ਇਸ ਤਰ੍ਹਾਂ ਮਨੁੱਖ ਤੇ ਉਸ ਦਾ ਆਲਾ ਦੁਆਲਾ ਦੋਵੇਂ ਇਕ ਦੂਜੇ ਨਾਲ ਪ੍ਰਭਾਵ ਦੇ ਬਿੰਦੂ ਤੋਂ ਦਵੰਦਾਤਮਕ ਰਿਸ਼ਤੇ ਵਿਚ ਬੱਝ ਜਾਂਦੇ ਹਨ। ਪ੍ਰਭਾਵਾਂ ਦਾ ਇਹ ਲੈਣ-ਦੇਣ ਘਟਨਾ, ਅਨੁਭਵ ਆਦਿ ਦਾ ਪੱਧਰ ਹੈ। ਪਰੰਤੂ ਮਨੁੱਖ ਘਟਨਾਵਾਂ, ਅਨੁਭਵਾਂ ਆਦਿ ਨੂੰ ਕੇਵਲ ਉਨ੍ਹਾਂ ਦੇ ਵਾਪਰਨ-ਪ੍ਰਸੰਗ ਤਕ ਹੀ ਸੀਮਿਤ ਨਹੀਂ ਰੱਖਦਾ ਸਗੋਂ ਉਨ੍ਹਾਂ ਨੂੰ ਸੋਚਦਾ-ਸਮਝਦਾ ਵੀ ਹੈ। ਜਦੋਂ ਘਟਨਾ ਤੇ ਅਨੁਭਵ ਆਪਣੇ ਵਾਪਰਨ-ਪ੍ਰਸੰਗ ਤੋਂ ਮਨੁੱਖ ਦੀ ਸੋਚ-ਪ੍ਰਕ੍ਰਿਆ ਰਾਹੀਂ ਮਨੁੱਖ ਦੀ ਬੁੱਧੀ ਤਕ ਪੁੱਜ ਜਾਂਦੇ ਹਨ ਤਾਂ ਉਹ ਘਟਨਾ ਤੇ ਅਨੁਭਵ ਨਹੀਂ ਰਹਿੰਦੇ ਸਗੋਂ ਉਨ੍ਹਾਂ ਨੂੰ ਸੰਯੁਕਤ ਤੇ ਸੰਜੋਜਿਤ ਕਰਕੇ ਸੋਚਣ-ਸਮਝਣ ਵਾਲੀ ਕੋਈ ਹੋਰ ਪ੍ਰਵਿਰਤੀ ਵੀ ਸ਼ਾਮਿਲ ਹੋ ਜਾਂਦੀ ਹੈ। ਇਸ ਪ੍ਰਵਿਰਤੀ ਵਿਚ ਇਕ ਤਾਂ ਭਾਸ਼ਾ ਕਾਰਜਸ਼ੀਲ ਹੁੰਦੀ ਹੈ ਤੇ ਦੂਸਰੀ ਅਮੂਰਤ ਜੁਗਤ। ਭਾਸ਼ਾ ਤੇ ਅਮੂਰਤ ਜੁਗਤ ਦੋ ਅਜਿਹੀਆਂ ਵਿਧੀਆਂ ਹਨ ਜਿਨ੍ਹਾਂ ਦੀ ਮੱਦਦ ਨਾਲ ਆਪਣੀ ਪਕੜ ਵਿਚ ਆਉਣ ਵਾਲੀ ਵਾਸਤਵਿਕਤਾ ਨੂੰ ਮਨੁੱਖ ਸੰਰਚਨਾ ਵਿਚ ਬੰਨ੍ਹ ਦੇਂਦਾ ਹੈ ਅਤੇ ਅਗੋਂ ਏਸੇ ਸੰਰਚਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਹੀਂ ਵੇਖਣਾ ਉਸ ਲਈ ਅਨਿਵਾਰੀ ਹੋ ਜਾਂਦਾ ਹੈ। ਇਸ ਲਈ ਮਨੁੱਖ ਆਪ ਵੀ ਕੁਲ ਕਾਇਨਾਤ ਦੇ ਅੰਤਰਗਤ ਆਪਣੀ ਇਨਸਾਨੀਅਤ ਜਾਂ ਮਨੁੱਖਤਾ ਸਰੀਰਕਤਾ ਜਾਂ ਵਾਸਤ-ਵਿਕਤਾ ਤੋਂ ਪ੍ਰਾਪਤ ਨਹੀਂ ਕਰਦਾ ਸਗੋਂ ਉਪਰੋਕਤ ਵਿਚ ਸੰਕਲਪਿਤ ਸੰਰਚਨਾ-ਬੁੱਧ ਹੀ ਉਸ ਦੀ ਮਨੁੱਖਤਾ ਨੂੰ ਨਿਸ਼ਚਿਤ ਕਰਦੀ ਹੈ।

ਸਾਸੂਰ ਨੇ ਜਦੋਂ ਭਾਸ਼ਾ ਦੇ ਪ੍ਰਬੰਧ ਦੀ ਵਿਆਖਿਆ ਕੀਤੀ ਤਾਂ ਉਸ ਨੇ ਭਾਸ਼ਾਈ ਅਵਚੇਤਨ ਨੂੰ ਨਿਸ਼ਚਿਤ ਕਰਨ ਦੇ ਨਾਲ ਇਕ ਗੱਲ ਹੋਰ ਵੀ ਕਹੀ। ਉਹ ਇਹ ਸੀ ਕਿ ਭਾਸ਼ਾ ਇਕ ਨਿੱਖੜਵਾਂ ਤੇ ਨਿਖੇੜਵਾਂ ਪ੍ਰਬੰਧ ਹੈ। ਅਰਥਾਤ ਭਾਸ਼ਾਈ ਅਵਚੇਤਨ ਦੇ ਆਧਾਰ ਉਤੇ ਨਿਸ਼ਚਿਤ ਭਾਸ਼ਾ-ਪ੍ਰਬੰਧ ਵਿਚ ਵਿਚਰਦੇ ਪਦਾਂ ਦੇ ਅਰਥ ਉਨ੍ਹਾਂ ਦੇ ਆਪਸੀ ਅੰਤਰਾਂ ਤੇ ਸੰਬੰਧਾਂ ਵਿਚ ਹੁੰਦੇ ਹਨ। ਇਨ੍ਹਾਂ ਤੋਂ ਪਾਰ ਜਦੋਂ ਇਨ੍ਹਾਂ ਦੇ ਅਰਥਾਂ ਦੀ ਤਲਾਸ਼ ਕੀਤੀ ਜਾਂਦੀ ਹੈ ਤਾਂ ਅਸੀਂ ਵਸਤਾਂ ਦੇ ਜਗਤ ਵਿਚ ਪ੍ਰਵੇਸ਼ ਕਰ ਜਾਂਦੇ ਹਾਂ ਅਤੇ ਇਸ ਪ੍ਰਵਿਸ਼ਟੀ ਨਾਲ ਭਾਸ਼ਾ ਤੇ ਵਾਸਤਵਿਕਤਾ ਇਕ ਦੂਸਰੇ ਵਿਚ ਘਚੋਲੇ ਦਾ ਰਿਸ਼ਤਾ ਕਾਇਮ ਕਰ ਲੈਂਦੇ ਹਨ। ਭਾਸ਼ਾ ਨੂੰ ਨਿੱਖੜਵੇਂ ਤੇ ਨਿਖੇੜਵਾਂ ਪ੍ਰਬੰਧ ਸਮਝਣ ਵਾਲਾ ਖਿਆਲ ਲੈਵੀ ਸਤ੍ਰਾਉਸ ਦੇ ਸੰਰਚਨਾਵਾਦ ਵਿਚ ਬਹੁਤ ਅਹਿਮੀਅਤ ਰੱਖਦਾ ਹੈ। ਲੈਵੀ ਸਤ੍ਰਾਉਸ ਦਾ ਮੱਤ ਹੈ ਕਿ ਮਨੁੱਖ ਵਾਸਤਵਿਕਤਾ ਨੂੰ ਸੰਰਚਨਾ ਵਿਚ ਬਦਲਦਾ ਹੈ ਤਾਂ ਅਰਥਾਂ ਦਾ ਆਯਾਮ ਪੈਦਾ ਹੋ ਜਾਂਦਾ ਹੈ। ਇਹ ਅਰਥਾਂ ਦਾ ਆਯਾਮ ਹੀ ਮਨੁੱਖੀ ਸਭਿਆਚਾਰ ਦਾ ਇਕ ਤਰ੍ਹਾਂ ਨਾਲ ਪਦਾਰਥਕ ਧਰਾਤਲ ਹੈ। ਇਸ ਧਰਾਤਲ ਦੀ ਮੱਦਦ ਨਾਲ ਲੈਵੀ ਸਤ੍ਰਾਉਸ ਇਹ ਕਹਿਣ ਦੇ ਯੋਗ ਹੁੰਦਾ ਹੈ ਕਿ ਪ੍ਰਾਚੀਨ ਤੋਂ ਪ੍ਰਾਚੀਨ ਕਬੀਲਾਵਾਦੀ ਸਮਾਜਾਂ ਵਿਚ ਵੀ ਸੰਰਚਨਾਵਾਂ ਦੇ ਪ੍ਰਬੰਧਵਾਦੀ ਆਧਾਰ ਮੌਜੂਦ ਹਨ। ਇਸ ਤਰ੍ਹਾਂ ਲੈਵੀ ਸਤ੍ਰਾਉਸ ਮਨੁੱਖ ਦੀ ਸਮੁੱਚੀ ਰਹਿਤਲ ਨੂੰ ਸੰਰਚਨਾ ਉਪਰ ਆਧਾਰਿਤ ਕਰ ਲੈਂਦਾ ਹੈ। ਪਰ ਉਸ ਨੇ ਆਪਣੀ ਸੰਰਚਨਾ ਦੀ ਜੋ ਸਕੀਮ ਬਣਾਈ ਹੈ ਉਸ ਵਿਚ ਉਸ ਨੇ ਸੰਰਚਨਾ ਨੂੰ ਕੇਵਲ ਮਨੁੱਖ ਤਕ ਸੀਮਿਤ ਨਹੀਂ ਰੱਖਿਆ ਸਗੋਂ ਕੁਲ ਕਾਇਨਾਤ ਤੀਕ ਫੈਲਾਇਆ ਹੈ ਅਤੇ ਸਮੁੱਚੇ ਬ੍ਰਹਿਮੰਡ ਦੇ ਅੰਤਰਗਤ ਸੰਰਚਨਾ ਦੁਆਰਾ ਮਾਨਵੀ ਸਮਾਜ ਤੇ ਸਭਿਆਚਾਰ ਦੀ ਇਕ ਤਾਂ ਸ਼ਨਾਖ਼ਤ ਕੀਤੀ ਹੈ ਤੇ ਦੂਜਾ ਇਸ ਨੂੰ ਪੜ੍ਹਣ ਦੀਆਂ ਵਿਧੀਆਂ ਦੇ ਰਾਹ ਬਣਾਏ ਹਨ। ਆਪਣੇ ਅਜਿਹੇ ਵਿਰਾਟ ਸੰਕਲਪ ਦੇ ਅੰਤਰਗਤ ਲੈਵੀ ਸਤ੍ਰਾਉਸ ਇਹ ਸੰਰਚਨਾਵਾਦ ਵਿਗਿਆਨ ਦੀਆਂ ਸਾਰੀਆਂ ਅਤਿਅੰਤ ਮੂਰਤ ਤੇ ਗਣਿਤਸ਼ਾਸਤ੍ਰੀ ਸੰਕਲਪਨਾਵਾਂ ਨੂੰ ਵਰਤ ਕੇ ਇਹ ਦੱਸਣਾ ਚਾਹੁੰਦਾ ਕ ਜੇਕਰ ਵਿਸ਼ੁੱਧ ਵਿਗਿਆਨਕਤਾ ਤੇ ਤਕਨਾਲੋਜੀ ਅਜੋਕੇ ਯੁੱਗ ਦੀਆਂ ਉਚੇਰੀਆਂ ਪ੍ਰਾਪਤੀਆਂ ਹਨ ਤਾਂ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਸੰਰਚਨਾਤਮਕ ਹੋਂਦ ਮਨੁੱਖ ਦੇ ਸਮੂਰਤ ਪੱਧਰਾਂ ਵਾਲੇ ਜਗਤ ਵਿਚ ਵੀ ਮੌਜੂਦ ਹੈ। ਇਸ ਜਗਤ ਵਿਚ ਵੀ ਮਨੁੱਖ ਆਪਣਾ ਸਾਰਾ ਕਾਰਜ ਸੰਰਚਨਾ ਦੀ ਸੁਨੇਮਣ ਪ੍ਰਕ੍ਰਿਆ ਦੁਆਰਾ ਕਰਦਾ ਹੈ। ਵਿਸ਼ੁੱਧ ਵਿਗਿਆਨ ਤੇ ਸਭਿਆਚਾਰ ਵਿਚ ਜੋ ਅੰਤਰ ਹੈ ਤਾਂ ਉਹ ਸੰਚਾਰੀ ਚਿਹਨਾਂ ਦਾ ਹੈ। ਵਿਸ਼ੁੱਧ ਵਿਗਿਆਨ ਦੇ ਚਿਹਨ ਅਮੂਰਤ ਤੇ ਗਣਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਸਤ੍ਰੀ ਹੋ ਜਾਂਦੇ ਹਨ ਜਦ ਕਿ ਸਮੂਰਤ ਜੀਵਨ ਦੇ ਚਿਹਨ ਸਮੂਰਤ ਸਾਮੱਗਰੀ ਉਤੇ ਆਧਾਰਿਤ ਹੁੰਦੇ ਹਨ। ਇਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਚਿਹਨ ਚਾਹੇ ਅਮੂਰਤ ਹੈ ਜਾਂ ਸਮੂਰਤ, ਬੁਨਿਆਦੀ ਤੌਰ ਤੇ ਚਿਹਨ ਹੈ ਅਤੇ ਉਸ ਦਾ ਕਾਰਜ ਤੇ ਪ੍ਰਕਾਰਜ ਕਿਸੇ ਸੋਚਣ ਸਮਝਣ ਵਾਲੀ ਸੰਰਚਨਾ ਦੀ ਘਾੜਤ ਕਰਨਾ ਹੈ। ਵਿਸ਼ੁੱਧ ਵਿਗਿਆਨਾਂ ਦੇ ਖੇਤਰ ਵਿਚ ਘੜੱਮਸ ਦੀ ਗੁੰਜਾਇਸ਼ ਇਸ ਲਈ ਘੱਟ ਜਾਂਦੀ ਹੈ ਕਿ ਉਥੇ ਚਿਹਨ ਆਪਣਾ ਰੂਪ ਇਸ ਹੱਦ ਤੀਕ ਵਟਾ ਲੈਂਦੇ ਹਨ ਕਿ ਉਸ ਵਿਚ ਵਾਸਤਵਿਕਤਾ ਦਾ ਦਖ਼ਲ, ਸਿੱਧਾ ਦਖ਼ਲ ਲਗਭਗ ਖ਼ਤਮ ਹੋ ਜਾਂਦਾ ਹੈ। ਉਨ੍ਹਾਂ ਖੇਤਰਾਂ ਵਿਚ ਸੰਬੰਧਿਤ ਸਿਸਟਮ ਦੀ ਬੁਨਿਆਦੀ ਸੰਰਚਨਾ ਨੂੰ ਜਾਨਣ ਬੁੱਝਣ ਤੋਂ ਬਗੈਰ ਪ੍ਰਵੇਸ਼ ਹੀ ਨਹੀਂ ਕੀਤਾ ਜਾ ਸਕਦਾ। ਇਸ ਲਈ ਵਾਸਤਵਿਕ ਜੀਵਨ ਦੇ ਸਾਰੇ ਵੇਰਵੇ ਫ਼ਾਲਤੂ ਹੋ ਕੇ ਉਸ ਤੋਂ ਬਾਹਰ ਵਹਿੰਦੇ ਹਨ। ਪਰ ਸਮਾਜਕ ਤੇ ਸਭਿਆਚਾਰਕ ਖੇਤਰਾਂ ਵਿਚ ਬੌਧਿਕ ਪ੍ਰਾਪਤੀਆਂ ਤੇ ਅਰਥਾਂ ਦੇ ਨਿਰਮਾਣ ਲਈ ਵੀ ਵਿਹਾਰਾਂ ਤੇ ਵਰਤਾਰਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਵਿਹਾਰ ਦੇ ਵਰਤਾਰੇ ਸਪੱਸ਼ਟ ਹੈ ਵਿਅਕਤੀਆਂ, ਵਸਤਾਂ, ਪਦਾਰਥਾਂ, ਆਦਿ ਦੇ ਬਣੇ ਹੁੰਦੇ ਹਨ। ਇਸ ਲਈ ਜਦੋਂ ਇਨ੍ਹਾਂ ਦਾ ਚਿਹਨਮੂਲਕ ਪ੍ਰਯੋਗ ਹੁੰਦਾ ਹੈ ਤਾਂ ਵੀ ਇਨ੍ਹਾਂ ਵਿਚਲਾ ਸਮੂਰਤਨ ਇਨ੍ਹਾਂ ਦੇ ਨਾਲ ਰਹਿੰਦਾ ਹੈ। ਇਸ ਲਈ ਵਾਸਤਵਿਕਤਾ ਸਮੂਰਤਨ ਤੇ ਸੰਰਚਨਾਤਮਕ ਅਮੂਰਤਨ ਵਿਚ ਇਥੇ ਗੜਬੜ ਹੋਣ ਦੀ ਗੁੰਜਾਇਸ਼ ਖ਼ਾਸੀ ਰਹਿੰਦੀ ਹੈ। ਪਰ ਲੈਵੀ ਸਤ੍ਰਾਉਸ ਦਾ ਮੱਤ ਹੈ ਕਿ ਜਿਹੜਾ ਵਿਅਕਤੀ ਸੰਰਚਨਾਤਮਕ ਵਿਧੀ ਦੀ ਸੁਨੇਮਣ ਪ੍ਰਕ੍ਰਿਆ ਪ੍ਰਤਿ ਸਾਵਧਾਨ ਹੋ ਕੇ ਇਨ੍ਹਾਂ ਖੇਤਰਾਂ ਵਿਚ ਪ੍ਰਵੇਸ਼ ਕਰਦਾ ਹੈ ਉਹ ਇਨ੍ਹਾਂ ਖੇਤਰਾਂ ਦੇ ਅੰਦਰਲੇ ਪ੍ਰਬੰਧਮੂਲਕ ਨਿਆਇ ਨੂੰ ਇਸੇ ਤਰ੍ਹਾਂ ਸਮਝਦਾ ਹੈ ਜਿਵੇਂ ਵਿਗਿਆਨ ਤੇ ਗਣਿਤ ਦੇ ਖੇਤਰਾਂ ਵਿਚ ਹੁੰਦਾ ਹੈ। ਆਪਣੀ ਇਸ ਗੱਲ ਨੂੰ ਦ੍ਰਿੜ੍ਹ ਕਰਨ ਲਈ ਮਿਸਾਲ ਬਾਰ ਬਾਰ ਭਾਸ਼ਾਈ ਪ੍ਰਬੰਧ ਦੀ ਹੀ ਦਿੱਤੀ ਜਾਂਦੀ ਹੈ। ਭਾਸ਼ਾਈ-ਪ੍ਰਬੰਧ ਅਨਾਮ ਪ੍ਰਕ੍ਰਿਤੀ ਨੂੰ ਸੁਨਾਮ ਸੰਸਕ੍ਰਿਤੀ ਵਿਚ ਬਦਲਦਾ ਹੈ ਅਤੇ ਇਸ ਲਈ ਉਹ ਵਾਸਤਵਿਕਤਾ ਨਹੀਂ, ਵਾਸਤਵਿਕਤਾ ਦੇ ਅਰਥਾਂ ਦਾ ਪਾਸਾਰ ਖੋਲ੍ਹਦਾ ਹੈ।

ਇਸ ਪ੍ਰਬੰਧੀ ਦ੍ਰਿਸ਼ਟੀ ਨੂੰ ਨਾਲ ਲੈ ਕੇ ਜਦ ਅਸੀਂ ਸਭਿਆਚਾਰ ਦੇ ਖੇਤਰ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਵਿਰਾਟ ਪੱਧਰ ਉਤੇ ਸਾਡਾ ਵਾਹ ਰਿਸ਼ਤਿਆਂ-ਨਾਤਿਆਂ ਦੀ ਦੁਨੀਆਂ ਨਾਲ ਪੈਂਦਾ ਹੈ। ਰਿਸ਼ਤਿਆਂ-ਨਾਤਿਆਂ ਦੀ ਦੁਨੀਆਂ ਵੀ ਭਾਸ਼ਾਈ ਪ੍ਰਬੰਧ ਵਾਂਗ ਇਕ ਪ੍ਰਬੰਧ ਹੀ ਹੈ। ਇਸ ਰਾਹੀਂ ਮਰਯਾਦਾ ਪੈਦਾ ਹੁੰਦੀ ਹੈ। ਮਰਯਾਦਾ ਸਮਾਜਕ ਤੇ ਸਭਿਆਚਾਰਕ ਜੀਵਨ ਨੂੰ ਸੁਨੇਮਤ ਕਰਦੀ ਹੈ। ਇਸ ਦੀ ਯਾਤਰਾ ਟੈਬੂ ਤੋਂ ਖੁਲ੍ਹਦੀ ਹੈ। ਅਰਥਾਤ ਇਸ ਵਿਚ ਕਿਸੇ ਵਿਅਕਤੀ ਨੂੰ ਜੇਕਰ ਖੁਲ੍ਹ ਪ੍ਰਾਪਤੀ ਹੁੰਦੀ ਹੈ ਤਾਂ ਉਹ ਟੈਬੂ ਦੇ ਅਧੀਨ ਪ੍ਰਾਪਤ ਹੁੰਦੀ ਹੈ। ਟੈਬੂ ਦੇ ਅਧੀਨ ਖੁਲ੍ਹ ਪ੍ਰਾਪਤੀ ਦਾ ਪ੍ਰਮਾਣ ਉਘੜਵੇਂ ਰੂਪ ਵਿਚ ਰਿਸ਼ਤਾ-ਨਾਤਾ-ਪ੍ਰਣਾਲੀ ਵਿਚ ਹੀ ਪ੍ਰਾਪਤ ਹੁੰਦਾ ਹੈ। ਰਿਸ਼ਤਾ-ਨਾਤਾ-ਪ੍ਰਣਾਲੀ ਦੇ ਕੇਂਦਰ ਵਿਚ ਵਿਆਹ ਹੈ। ਇਸ ਸਾਰੀ ਪ੍ਰਣਾਲੀ ਵਿਚ ਜੇ ਕੋਈ ਵਾਸਤਵਿਕਤਾ ਹੈ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਨਾਰੀ-ਪੁਰਸ਼ ਦੀ ਵਾਸਤਵਿਕਤਾ ਹੈ। ਇਸ ਦੇ ਉਪਰ ਰਿਸ਼ਤਿਆਂ-ਨਾਤਿਆਂ ਦਾ ਸਾਰਾ ਪ੍ਰਬੰਧ ਇਕ ਨਿੱਖੜਵਾਂ ਤੇ ਨਿਖੇੜਵਾਂ ਪ੍ਰਬੰਧ ਹੀ ਹੈ। ਰਿਸ਼ਤਿਆਂ ਦਾ ਅਰਥ ਵਿਅਕਤੀਆਂ ਵਿਚ ਨਹੀਂ ਸਗੋਂ ਰਿਸ਼ਤਿਆਂ ਦੇ ਪ੍ਰਬੰਧ ਵਿਚ ਹੀ ਹੈ। ਰਿਸ਼ਤਿਆਂ ਦੇ ਇਸ ਪ੍ਰਬੰਧ ਰਾਹੀਂ ਮਨੁੱਖ ਕਾਮਾਤਮਕ ਪ੍ਰਵਿਰਤੀ ਵਿਚੋਂ ਪੈਦਾ ਹੋਣ ਵਾਲੀ ਸ਼ਕਤੀ ਨੂੰ ਇਸ ਵਿਚ ਬੰਨ੍ਹਦਾ ਹੈ ਅਤੇ ਇਸ ਤਰ੍ਹਾਂ ਮਰਯਾਦਾ ਕਾਇਮ ਹੋ ਜਾਂਦੀ ਹੈ। ਇਸ ਮਰਯਾਦਾ ਵਿਚ ਕਾਮ-ਭੋਗ ਦੇ ਸੰਬੰਧ ਵਿਆਹ ਦੁਆਰਾ ਹੀ ਨਿਸਚਿਤ ਕੀਤੇ ਜਾਂਦੇ ਹਨ। ਇਹ ਸੰਬੰਧ ਸਿੱਧੇ ਕਾਇਮ ਕਰਨੇ ਵਿਵਰਜਿਤ ਹੁੰਦੇ ਹਨ। ਇਸ ਨਾਲ ਇਕ ਪਾਸੇ ਤਾਂ ਮਰਯਾਦਾ ਪੈਦਾ ਹੋ ਜਾਂਦੀ ਹੈ ਜੋ ਸਮਾਜਕ ਤੇ ਸਭਿਆਚਾਰਕ ਜੀਵਨ ਵਿਚ ਸੁਨੇਮਣ ਦੀ ਪ੍ਰਕ੍ਰਿਆ ਨੂੰ ਹਰ ਪੱਧਰ ਉਤੇ ਕਾਇਮ ਰੱਖਣ ਦਾ ਕਾਰਜ ਕਰਦੀ ਹੈ। ਪਰੰਤੂ ਰਤਾ ਕੁ ਪਰ੍ਹਾਂ ਹੋ ਕੇ ਸੋਚਣ ਨਾਲ ਇਹ ਪਤਾ ਚਲਦਾ ਹੈ ਕਿ ਅਜਿਹੀਆਂ ਮਰਯਾਦਾਵਾਂ ਭਾਵੇਂ ਮਨੁੱਖ ਦੀ ਮਨੁੱਖਤਾ ਨੂੰ ਨਿੱਖੜਵੇਂ ਰੂਪ ਵਿਚ ਨਿਸਚਿਤ ਕਰਨ ਦਾ ਕਾਰਜ ਕਰਦੀਆਂ ਹਨ ਪਰੰਤੂ ਇਨ੍ਹਾਂ ਦੀ ਪਿੱਠਭੂਮੀ ਵਿਚ ਕੁਝ ਹੋਰ ਸੰਰਚਨਾਵਾਂ ਵੀ ਕਾਰਜਸ਼ੀਲ ਹੁੰਦੀਆਂ ਹਨ। ਅਜਿਹੀਆਂ ਸੰਰਚਨਾਵਾਂ ਦਾ ਸੰਬੰਧ ਸੰਬੰਧਿਤ ਸਮਾਜਕ ਤੇ ਸਭਿਆਚਾਰਕ ਵਿਵਸਥਾ ਦੇ ਨਿਜ਼ਾਮ ਨਾਲ ਹੁੰਦਾ ਹੈ ਜੋ ਇਕ ਪਾਸੇ ਤਾਂ ਮਰਯਾਦਾ ਦੁਆਰਾ ਮਾਨਵੀ ਜੀਵਨ ਨੂੰ ਸੂਤਣ-ਬੱਧਣ ਦੇ ਕੰਮ ਵਿਚ ਸ਼ਰੀਕ ਹੁੰਦਾ ਹੈ ਤੇ ਦੂਜੇ ਪਾਸੇ ਇਕ ਵਿਸ਼ੇਸ਼ ਪ੍ਰਕਾਰ ਦੀ ਰਾਜਨੀਤੀ ਰਾਹੀਂ ਇਸ ਨੂੰ ਗ਼ੁਲਾਮ ਕਰਨ ਪ੍ਰਤਿ ਸਾਵਧਾਨ ਰਹਿੰਦਾ ਹੈ। ਵਿਅਕਤੀ ਮਰਯਾਦਾ ਦੇ ਅਧੀਨ ਹੈ ਅਤੇ ਮਰਯਾਦਾ ਨਿਜ਼ਾਮ ਦੀ ਰਾਜਨੀਤੀ ਦੇ ਅਧੀਨ। ਰਾਜਨੀਤੀ ਅੱਗੋਂ ਵਿਸ਼ੇਸ਼ ਪ੍ਰਕਾਰ ਦੀ ਆਰਥਿਕ ਵਿਵਸਥਾ ਰਾਹੀਂ ਅਜਿਹਾ ਜਟਿਲ ਪ੍ਰਬੰਧ ਕਾਇਮ ਕਰਦੀ ਹੈ ਕਿ ਉਸ ਵਿਚ ਸਹਿਜ ਸੁਭਾਇ ਮਨੁੱਖ ਦਾ ਸ਼ੋਸ਼ਣ ਹੁੰਦਾ ਚਲਾ ਜਾਂਦਾ ਹੈ। ਭਾਸ਼ਾਈ ਤੇ ਰਿਸ਼ਤਿਆਂ-ਨਾਤਿਆਂ ਦੇ ਪ੍ਰਬੰਧ ਅਧੀਨ ਮਨੁੱਖ ਦੀ ਆਜ਼ਾਦੀ ਦਾ ਰਾਹ ਖੋਲ੍ਹਣ ਵਾਲੀ ਮਰਯਾਦਾ ਦੇ ਅੰਤਰਗਤ ਇਸ ਤਰ੍ਹਾਂ ਅਚੇਤ ਹੀ ਰਾਜਨੀਤਿਕ ਤੇ ਆਰਥਿਕ ਪ੍ਰਬੰਧ ਵੀ ਕਾਇਮ ਹੋ ਜਾਂਦੇ ਹਨ ਜਿਨ੍ਹਾਂ ਰਾਹੀਂ ਹਰ ਪੱਧਰ ਉਤੇ ਮਨੁੱਖ ਗੁਲਾਮਾਨਾ ਜ਼ਹਿਨੀਅਤ ਗ੍ਰਹਿਣ ਕਰਦਾ ਚਲਾ ਜਾਂਦਾ ਹੈ। ਸਾਡਾ ਰਿਸ਼ਤਿਆਂ-ਨਾਤਿਆਂ ਤੇ ਭਾਸ਼ਾਈ ਜੁਗਤ ਵਾਲਾ ਸਮਾਜ ਤੇ ਸਭਿਆਚਾਰ ਆਪਣੇ ਸਾਰੇ ਪ੍ਰਪੰਚ ਵਿਚ ਜੇ ਇਕ ਪਾਸੇ ਮਾਨਵੀ ਸੰਜਮ ਦੀ ਕਹਾਣੀ ਤੇ ਦੂਜੇ ਪਾਸੇ ਮਨੁੱਖੀ ਦਾਸਤਾ ਦੀ ਦਾਸਤਾਨ ਵੀ ਹੈ। ਰਿਸ਼ਤਿਆਂ-ਨਾਤਿਆਂ ਵਾਲਾ ਸਾਰਾ ਸੰਸਾਰ ਈਡੀਪਸ ਸੰਸਾਰ ਹੈ। ਇਸ ਸੰਸਾਰ ਵਿਚ ਬੁਨਿਆਦੀ ਇਕਾਈ ਇਡੀਪਸ ਤਿਕੋਨ ਹੈ ਜਿਸ ਨੂੰ ਅਸੀਂ ਮਾਤ-ਪਿਤਾ ਤੇ ਸੰਤਾਨ ਦੀ ਤਿਕੋਨ ਕਹਿ ਸਕਦੇ ਹਾਂ। ਇਸ ਤਿਕੋਨ ਵਿਚ ਉਪਰਲੀ ਪੱਧਰ ਤੇ ਤਾਂ ਪਰਿਵਾਰਕ ਤੇ ਸਭਿਆਚਾਰਕ ਰਿਸ਼ਤੇ ਹੀ ਕੰਮ ਕਰਦੇ ਹਨ ਪਰ ਡੂੰਘੇਰੀ ਪੱਧਰ ਤੇ ਵੇਖਿਆ ਇਸ ਦੀ ਸਾਰੀ ਉਸਾਰੀ ਆਰਥਿਕ ਤੇ ਰਾਜਨਿਤਕ ਨਿਜ਼ਾਮ ਦੇ ਅਨੁਰੂਪ ਹੁੰਦੀ ਹੈ। ਅਸਲ ਵਿਚ ਰਿਸ਼ਤਿਆਂ-ਨਾਤਿਆਂ ਵਾਲਾ ਮਨੁੱਖੀ ਜਗਤ ਸਾਮੰਤਵਾਦੀ ਪ੍ਰਬੰਧ ਦੇ ਅੰਤਰਗਤ ਪੈਦਾ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਮੰਤਵਾਦੀ ਪ੍ਰਬੰਧ ਬੁਨਿਆਦੀ ਤੌਰ ਤੇ ਆਪਣੇ ਵੇਲੇ ਦੇ ਸਾਰੇ ਸ਼ਕਤੀ ਦੇ ਵਸੀਲਿਆਂ ਨੂੰ ਆਪਣੇ ਅਧੀਨ ਕਰਕੇ ਇਨ੍ਹਾਂ ਦੀ ਵੰਡ ਆਪਣੇ ਮੁਤਾਬਿਕ ਮਾਨਵੀ ਸਮਾਜ ਵਿਚ ਕਰਦਾ ਹੈ। ਇਸ ਨਾਲ ਜਿਹੜੀ ਰਾਜਨੀਤੀ ਇਸ ਸਾਰੀ ਪ੍ਰਕ੍ਰਿਆ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਉਹ ਸ਼ਕਤੀ ਗ੍ਰਹਿਣ ਕਰਨ ਦੀ ਰਾਜਨੀਤੀ ਹੈ । ਸ਼ਕਤੀ ਗ੍ਰਹਿਣ ਕਰਨ ਦੀ ਰਾਜਨੀਤੀ ਸਾਰੇ ਸਮਾਜ ਤੇ ਤਾਣੇ-ਬਾਣੇ ਵਿਚ ਇਕ ਸਹਿਜ ਬਣ ਜਾਂਦੀ ਹੈ । ਹਰ ਮਨੁੱਖ ਜਿਸ ਪੋਜ਼ੀਸ਼ਨ ਵਿਚ ਵੀ ਹੈ ਸ਼ਕਤੀ ਗ੍ਰਹਿਣ ਦਾ ਕਾਰਜ ਕਰ ਰਿਹਾ ਹੁੰਦਾ ਹੈ। ਇਸ ਨਾਲ ਸ਼ਕਤੀਸੰਪੰਨ ਤੇ ਸ਼ਕਤੀ-ਵੰਚਿਤ ਵਰਗ ਹੋਂਦ ਵਿਚ ਆ ਜਾਂਦੇ ਹਨ ਅਤੇ ਸਾਰੀ ਦੁਨੀਆਦਾਰੀ ਇਨ੍ਹਾਂ ਦੇ ਇਰਦ ਗਿਰਦ ਹੀ ਘੁੰਮਦੀ ਹੈ। ਸਾਮੰਤਵਾਦ ਰਜਵਾੜਿਆਂ, ਰਾਜਿਆਂ ਦਾ ਪ੍ਰਬੰਧ ਹੈ। ਇਸੇ ਅਧੀਨ ਪਰਿਵਾਰ ਵਿਚ ਰਾਜੇ ਦਾ ਰਜਵਾੜੇ ਦਾ ਦਰਜਾ ਪਿਉ ਕੋਲ ਚਲਾ ਜਾਂਦਾ ਹੈ। ਰਾਜਨੀਤਿਕ ਪੱਧਰ ਤੇ ਰਜਵਾੜਾਸ਼ਾਹੀ ਦਾ ਰਾਜ ਹੁੰਦਾ ਹੈ ਤੇ ਪਰਿਵਾਰਿਕ ਪੱਧਰ ਤੇ ਪਿਤਾਮਾ-ਧਰਮ ਦਾ ਰਾਜ ਹੁੰਦਾ ਹੈ। ਇਸੇ ਲਈ ਅਸੀਂ ਆਪਣੇ ਇਸ ਰਿਸ਼ਤਿਆਂ-ਨਾਤਿਆਂ ਦੇ ਆਧਾਰ ਉਤੇ ਉਭਰੀ ਮਰਯਾਦਾ ਨੂੰ ਪਿਤਾਮਾ-ਸੰਪੰਨ ਮਰਯਾਦਾ ਕਹਿੰਦੇ ਹਾਂ ਪਿਤਾਮਾ ਸ਼ੰਪੰਨ ਮਰਯਾਦਾ ਵਿਚ ਭਾਸ਼ਾ ਦਾ ਰੋਲ ਵੀ ਹੈ। ਸਾਮੰਤੀ ਰਾਜਨੀਤੀ ਦੀ ਅਨੁਰੂਪ ਵਿਚਾਰਧਾਰਾ ਨੂੰ ਰਾਜ ਕਰਨ ਦਾ ਰੋਲ ਭਾਸ਼ਾ ਦਾ ਬਣ ਜਾਂਦਾ ਹੈ। ਇਸ ਪ੍ਰਬੰਧ ਵਿਚ ਰਹਿਣ ਵਾਲਾ ਵਿਅਕਤੀ ਉਹੀ ਭਾਸ਼ਾ ਬੋਲਦਾ ਹੈ ਜੋ ਠਾਕਰ ਦੀ ਭਾਸ਼ਾ ਹੁੰਦੀ ਹੈ। ਠਾਕਰ ਦੀ ਭਾਸ਼ਾ ਵਿਚ ਇਕ ਐਸਾ ਕਰੜਾ ਪ੍ਰਬੰਧ ਰੂੜ੍ਹੀ ਦੇ ਰੂਪ ਵਿਚ ਹਾਜ਼ਰ ਹੁੰਦਾ ਹੈ ਜਿਸ ਰਾਹੀਂ ਮਾਨਵ ਪੱਧਰ ਤੇ ਉਪਜਣ ਵਾਲੇ ਪ੍ਰਤਿਕਰਮਾਂ ਦੀ ਭਾਸ਼ਾ ਵਰਜਿਤ ਹੁੰਦੀ ਹੈ ਅਤੇ ਇਹ ਵਰਜਨਾਂ ਵਿਸ਼ੇਸ਼ ਕਰ ਕੇ ਸ਼ਕਤੀ-ਵੰਚਿਤ ਵਰਗਾਂ ਉਪਰ ਲਾਗੂ ਹੁੰਦੀ ਹੈ।

ਐਸੇ ਸਮਾਜਕ ਤੇ ਸਭਿਆਚਾਰਕ ਪ੍ਰਬੰਧ ਵਿਚ ਸਭ ਤੋਂ ਵਧੇਰੇ ਸ਼ਕਤੀ-ਵੰਚਿਤ ਵਰਗ ਨਾਰੀ ਹੀ ਰਹੀ ਹੈ। ਨਾਰੀ ਨੂੰ ਪੂੰਜੀ, ਜ਼ਮੀਨ, ਜਾਇਦਾਦ ਦੇ ਨਾਲ ਇਕੋ ਪੈਰਾ-ਡਾਈਮ ਵਿਚ ਬੰਨ੍ਹ ਦਿੱਤਾ ਜਾਂਦਾ ਹੈ। ਜਿਸ ਤਰ੍ਹਾਂ ਪੂੰਜੀ ਜ਼ਮੀਨ ਜਾਇਦਾਦ ਦਾ ਇਸਤੇ-ਮਾਲ ਆਪਣੀ ਐਸ਼ ਪ੍ਰਸਤੀ ਲਈ ਸਮੰਤੀ ਪ੍ਰਬੰਧ ਕਰਦੇ ਹਨ। ਉਸੇ ਤਰ੍ਹਾਂ ਨਾਰੀ ਦਾ ਵੀ ਇਸਤੇਮਾਲ ਹੀ ਹੁੰਦਾ ਹੈ । ਅਜਿਹੇ ਸ਼ੋਸ਼ਣ ਦੀ ਕਹਾਣੀ ਪਰੰਪਰਾਗਤ ਸਮਾਜਾਂ ਜਾਂ ਪਿਤਾਮਾਧਾਰੀ ਸਮਾਜਾਂ ਦੇ ਅੰਦਰ ਕਾਰਜਸ਼ੀਲ ਸ਼ਬਦ-ਸਭਿਆਚਾਰ ਵਿਚ ਖ਼ਾਸੀ ਵੇਖਣ ਨੂੰ ਮਿਲਦੀ ਹੈ । ਸ਼ਬਦ-ਸਭਿਆਚਾਰ ਦੀ ਪਰੰਪਰਾ ਵਿਚ ਆਮ ਕਰਕੇ ਪਹਿਲੀ ਪੱਧਰ ਉਤੇ ਇਕ ਮੈਂਟਨਮੀ ਕਾਇਮ ਕਰਨ ਦੀ ਕੋਸ਼ਿਸ਼ ਹੁੰਦੀ ਹੈ । ਇਹ ਮੈਂਟਾਨਮੀ ਉਸ ਸ੍ਰੇਸ਼ਠ ਵਿਚਾਰਧਾਰਾ ਦੇ ਧਰਮ ਉਪਰ ਆਧਾਰਿਤ ਹੁੰਦੀ ਹੈ, ਜੋ ਆਦਰਸ਼ ਤੇ ਸ਼ਿਸ਼ਟਾਚਾਰ ਦੀ ਪੱਧਰ ਉਤੇ ਸਮਾਜ ਵਿਚ ਕਾਇਮ ਹੁੰਦਾ ਹੈ ਅਤੇ ਜਿਸ ਪ੍ਰਤਿ ਹਰ ਸਮੇਂ ਸਾਵਧਾਨ ਹੋ ਕੇ ਇਹ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਕਿ ਸਮਾਜਕ ਜੀਵਨ ਦਾ ਸੰਤੁਲਨ ਏਸੇ ਦੇ ਆਧਾਰ ਤੇ ਕਾਇਮ ਹੋ ਸਕਦਾ ਹੈ । ਇਹ ਭਾਸ਼ਾ ਸਾਮੰਤੀ ਸ਼ਿਸ਼ਟਾਚਾਰ ਦੀ ਭਾਸ਼ਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਇਸ ਕਰਕੇ ਇਹ ਸ਼ਕਤੀਧਾਰਕ ਵਰਗ ਦੀ ਭਾਸ਼ਾ ਹੈ । ਇਸ ਲਈ ਇਹ ਪਿਤਾਮਿਆਂ ਦੀ ਭਾਸ਼ਾ ਹੈ । ਸ਼ਕਤੀਵੰਚਿਤ ਵਰਗ ਇਸ ਭਾਸ਼ਾ ਦੀ ਤਾਬਿਆ ਬੈਠ ਸਕਦੇ ਹਨ । ਸਾਡਾ ਸਾਰਾ ਧਾਰਮਿਕ ਸਾਹਿਤ ਅਤੇ ਸਮਾਜਕ ਸ਼ਿਸ਼ਟਾਚਾਰ ਹਰ ਮਨੁੱਖ ਨੂੰ ਇਸ ਦੀ ਤਾਬਿਆ ਵਿਚ ਬਿਠਾ ਕੇ ਹੀ ਆਦਰਸ਼ ਮਾਨਵ ਬਣਾਉਣ ਦਾ ਪ੍ਰਯਤਨ ਕਰਦਾ ਹੈ । ਪਰੰਤੂ ਇਸ ਪਿਤਾਮਾ ਆਧਾਰੀ ਕਾਨੂੰਨ ਦੇ ਨਾਲ ਨਾਲ ਇਕ ਮਾਨਵ-ਆਧਾਰੀ ਅਵਚੇਤਨ ਦਾ ਨਿਰਮਾਣ ਵੀ ਹੋਣਾ ਸ਼ੁਰੂ ਹੋ ਜਾਂਦਾ ਹੈ । ਇਹ ਅਵਚੇਤਨ ਵੀ ਭਾਸ਼ਾਈ ਅਵਚੇਤਨ ਹੈ ਪਰ ਇਸ ਅਵਚੇਤਨ ਵਿਚ ਪਹਿਲਾਂ ਬੋਲ ਨੂੰ ਮੂਕ ਕੀਤਾ ਜਾਂਦਾ ਹੈ । ਬੋਲ ਨੂੰ ਮੂਕ ਇਸ ਲਈ ਕੀਤਾ ਜਾਂਦਾ ਹੈ ਕਿ ਪਿਤਾਮਾ-ਧਰਮੀ ਸ਼ਿਸ਼ਟਾਚਾਰ ਦੇ ਸਾਹਮਣੇ ਦੂਸਰਾ ਬੋਲ ਨਹੀਂ ਬੋਲਿਆ ਜਾ ਸਕਦਾ । ਬੋਲ ਨੂੰ ਮੂਕ ਕਰਨ ਦੀ ਯਾਤਰਾ ਪਿਤਾਮਾ ਦੇ ਵਿਦਰੋਹ ਦੇ ਰੂਪ ਵਿਚ ਜਾਗਣ ਵਾਲੇ ਸਾਰੇ ਪ੍ਰਤਿਕਰਮਾਂ ਨੂੰ ਦਬਾਉਂਦੀ ਹੈ । ਇਸ ਪ੍ਰਤਿਕਰਮ ਦਬਾਊ ਰਾਹੀਂ ਮੂਕ ਬੋਲ ਵਾਲੀ ਭਾਸ਼ਾ ਦਾ ਅਵਚੇਤਨ ਕਾਇਮ ਹੋ ਜਾਂਦਾ ਹੈ । ਇਹ ਅਵਚੇਤਨ ਜਦੋਂ ਪ੍ਰਚਲਿਤ ਸ਼ਿਸ਼ਟਾਚਾਰ ਨਾਲ ਆਪਣਾ ਸੰਬੰਧ ਬਣਾਉਂਦਾ ਹੈ ਤਾਂ ਇਸ ਦੀ ਬਣੀ ਸਮਾਜ ਧਰਮੀ ਹੋਂਦ ਦੇ ਨਾਲ ਨਾਲ ਇਕ ਵਿਧਰਮੀ ਪ੍ਰਭਾਵ ਵੀ ਪ੍ਰਸਤੁਤ ਕਰਨਾ ਸ਼ੁਰੂ ਕਰ ਦੇਂਦੀ ਹੈ । ਜੋ ਪ੍ਰਚਲਿਤ ਪ੍ਰਬੰਧ ਤੇ ਮਰਯਾਦਾ ਦੇ ਵਿਰੋਧ ਵਿਚ ਇਕ ਇਨਕਲਾਬ ਵਾਂਗ ਆਏ ਦਿਨ ਵਿਕਸਿਤ ਕਰਨਾ ਸ਼ੁਰੂ ਕਰ ਦੇਂਦਾ ਹੈ । ਸਾਡੇ ਮੱਧਕਾਲੀ ਸਭਿਆਚਾਰ ਵਿਚ ਜੋ ਰਿਸ਼ਤਾ-ਨਾਤਾ ਪ੍ਰਣਾਲੀ ਕਾਇਮ ਹੈ ਉਸ ਵਿਚ ਨਾਰੀ ਦੀ ਜ਼ੁਬਾਨ ਮੂਕ ਵੀ ਹੈ ਤੇ ਦੱਬੀ-ਘੁੱਟੀ ਵੀ ਅਤੇ ਸ਼ਿਸ਼ਟਾਚਾਰ ਦੀ ਮਰਯਾਦਾ ਦੇ ਅਧੀਨ ਸ਼ੀਲ ਸੰਜਮ ਦੀ ਪ੍ਰਤਿਨਿਧਤਾ ਕਰਨ ਵਾਲੀ ਨਿਰਮਾਣਤਾ ਵਾਲੀ ਵੀ ਹੈ । ਇਸ ਨਿਰਮਾਨਤਾ ਵਿਚ ਸ਼ੋਸ਼ਿਤ ਤੇ ਵੰਚਿਤਹੀਨ ਵਰਗ ਦੀ ਪੀੜਾ ਵੀ ਸ਼ਾਮਿਲ ਹੈ । ਏਸੇ ਲਈ ਪੀੜਾ ਤੇ ਸ਼ਿਸ਼ਟਾਚਾਰ ਮਿਲ ਕੇ ਇਕ ਮਿਠਬੋਲੜੇ ਤੇ ਦਰਦੀਲੇ ਪ੍ਰਗੀਤ ਦੇ ਕਲਚਰ ਨੂੰ ਜਨਮ ਦੇ ਦੇਂਦੇ ਹਨ । ਸਾਡਾ ਸਾਰਾ ਸ਼ਿਸ਼ਟਾਚਾਰ ਤੇ ਸਾਹਿਤਕਤਾ ਇਸੇ ਦੇ ਦੁਆਲੇ ਘੁੰਮਦੇ ਹਨ । ਸ਼ਬਦ-ਸਭਿਆਚਾਰ ਦੀ ਪਰੰਪਰਾ ਦੇ ਅੰਤਰਗਤ ਸਾਡੇ ਕੋਲ ਲੋਕ-ਕਥਾਵਾਂ ਤੇ ਕਿੱਸਿਆਂ ਦੀ ਬੜੀ ਅਮੀਰ ਪਰੰਪਰਾ ਹੈ । ਕਿੱਸਿਆਂ ਵਿਚ ਉਪਰੋਕਤ ਪ੍ਰਕਾਰ ਦੇ ਸਮਾਜ ਵਿਚ ਵਿਚਰਦੇ ਪ੍ਰਤਿਮਾਨ ਤੇ ਪੂਰਾਹਨ ਦਾ ਡਰਾਮਾ ਸ਼ਕਤੀ-ਸੰਪੰਨ ਤੇ ਸ਼ਕਤੀ-ਵੰਚਿਤ ਵਰਗਾਂ ਦੇ ਆਪਸੀ ਟਕਰਾਉ ਰਾਹੀਂ ਪ੍ਰਸਤੁਤ ਹੈ । ਇਸੇ ਪਰੰਪਰਾ ਦੇ ਅੰਤਰਗਤ ਕੁਝ ਕਥਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਪਿਤਾਮਾਧਰਮੀ ਮਰਯਾਦਾ ਨੂੰ ਸ੍ਰੇਸ਼ਟ ਜਾਣ ਕੇ ਉਸ ਦੀ ਸਦਾਚਾਰਕਤਾ ਨੂੰ ਰੂੜ ਕੀਤਾ ਗਿਆ ਹੈ ਪਰ ਐਸੇ ਪੈਰਾਡਾਈਮ ਦੇ ਇਰਦ-ਗਿਰਦ ਥਾਂ ਪਰ ਥਾਂ ਕੁਝ ਵੇਰਵੇ ਅਜਿਹੇ ਹਨ ਜਿਨ੍ਹਾਂ ਵਿਚਲਾ ਭਾਸ਼ਾਈ ਤੇ ਸਭਿਆਚਾਰਕ ਨੰਗੇਜ ਮਰਯਾਦਾ ਧਰਮੀ ਰੂੜੀਆਂ ਦੀ ਵਿਰੋਧੀ ਬਾਣੀ ਬੋਲ ਜਾਂਦਾ ਹੈ । 'ਪੂਰਨ-ਭਗਤ' ਦਾ ਕਿੱਸਾ ਏਸੇ ਤਰ੍ਹਾਂ ਦੇ ਕਥਾ-ਬਿਰਤਾਂਤ ਦੇ ਅੰਤਰਗਤ ਆਉਂਦਾ ਹੈ ।

ਸਾਡੇ ਮੱਧਕਾਲੀ ਸਾਹਿਤ ਵਿਚ ਪੂਰਨ ਦਾ ਕਿੱਸਾ ਆਪਣੇ ਵਿਸਤ੍ਰਿਤ ਬਿਰਤਾਂਤ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਦਰਯਾਰ ਰਾਹੀਂ ਸਾਹਮਣੇ ਆਉਂਦਾ ਹੈ। ਕਾਦਰਯਾਰ ਦੇ ਕਿੱਸੇ ਵਿਚ ਪੂਰਨ ਦੀ ਸਾਬਤੀ ਵਿਦਿਆ ਉਪਰ ਬਾਰ ਬਾਰ ਜ਼ੋਰ ਹੈ। ਪੂਰਨ ਬਾਰਾਂ ਵਰ੍ਹੇ ਭੋਰੇ ਵਿਚ ਪਿਆ ਸਾਬਤੀ ਵਿਦਿਆ ਸਿੱਖਦਾ ਹੈ। ਬਾਹਰ ਆਉਣ ਤੇ ਉਸ ਦੀ ਜਵਾਨੀ ਤੇ ਲੂਣਾ ਦਾ ਦਘ੍ਦਾ ਮਘਦਾ ਜੋਬਨ ਸਾਬਤੀ ਵਿਦਿਆ ਲਈ ਵੰਗਾਰ ਪੇਸ਼ ਕਰਦੇ ਹਨ। ਪੂਰਨ ਇਸ ਵੰਗਾਰ ਨੂੰ ਅੱਗੋਂ ਵੰਗਾਰ ਬਣ ਕੇ ਮਿਲਦਾ ਹੈ ਤਾਂ ਸਾਮੰਤੀ ਸਮਾਜ ਵਿਚ ਅੰਦਰਲੇ ਤੇ ਬਾਹਰਲੇ ਦਵੰਦ ਦਾ ਆਸਰਾ ਲੈ ਕੇ ਬਾਹਰਲੀ ਸਤਰ ਉਤੇ ਅੰਦਰਲੀ ਅਸਲੀਅਤ ਨੂੰ ਸ਼ਿਸ਼ਟਾਚਾਰ ਦੀ ਪੱਧਰ ਤੇ ਹੋਰ ਹੀ ਰੂਪ ਦੇ ਲਿਆ ਜਾਂਦਾ ਹੈ। ਨਤੀਜੇ ਵਜੋਂ ਸਾਰੀ ਸਮੱਸਿਆ ਮਾਂ-ਪੁੱਤ ਦੇ ਭੋਗ ਦੀ ਬਣ ਜਾਂਦੀ ਹੈ ਕਿਉਂਕਿ ਇਸ ਵਿਚ ਪੁੱਤਰ ਨੂੰ ਸੀਮਾਵਾਂ ਉਲੰਘਣ ਵਾਲਾ ਪੇਸ਼ ਕੀਤਾ ਗਿਆ ਹੈ। ਇਸ ਲਈ ਸਮਾਜਿਕ ਪੱਧਰ ਤੇ ਸਾਰੀ ਸਮੱਸਿਆ ਉਪੱਦਰ ਬਣ ਜਾਂਦੀ ਹੈ। ਇਸ ਉਪੱਦਰ ਦੇ ਵੇਰਵੇ ਕਈ ਪ੍ਰਕਾਰ ਦੇ ਦੁਖਾਂਤਕ ਪਰਿਣਾਮ ਵਿਚ ਜ਼ਾਹਿਰ ਹੁੰਦੇ ਹਨ। ਸਲਵਾਨੀ ਸਮੰਤਵਾਦ ਆਪਣੀਆਂ ਸਾਰੀਆਂ ਸ਼ਕਤੀਆਂ ਨਾਲ ਇਸ ਨੂੰ ਨੇਸਤੋ-ਨਾਬੂਦ ਕਰਨ ਦਾ ਜਤਨ ਕਰਦਾ ਹੈ। ਅਸਲ ਵਿਚ ਗੱਲ ਪੂਰਨ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਪੂਰਨ ਦਾ ਜਨਮ ਪਿਉ ਦਾ ਕਤਲ ਕਰਨ ਵਾਲੇ ਪੁੱਤਰ ਦੇ ਰੂਪ ਵਿਚ ਦੱਸਿਆ ਜਾਂਦਾ ਹੈ। ਪਿਉ ਉਦੋਂਹੀ ਉਸ ਨੂੰ ਦਬਾਉਣ ਦਾ ਜਤਨ ਕਰਦਾ ਹੈ ਪਰ ਜਦੋਂ ਉਸ ਦਾ ਵਿਦਰੋਹ ਲੂਣਾ ਦੇ ਸੰਦਰਭ ਵਿਚ ਫਿਰ ਸਿਰ ਉੱਚਾ ਚੁੱਕਦਾ ਹੈ ਤਾਂ ਫਿਰ ਉਹ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਵਸੀਲੇ ਵਰਤ ਕੇ ਉਸ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਥਾ ਵਿਚ ਇਹ ਸਾਰਾ ਦ੍ਰਿਸ਼ ਮਰਯਾਦਾ-ਵਿਹੀਨਤਾ ਤੇ ਮਰਯਾਦਾ-ਸੰਪੰਨਤਾ ਦੇ ਵਿਰੋਧ ਨੂੰ ਪ੍ਰਸਤੁਤ ਕਰਦਾ ਹੈ ਤੇ ਲੋਕਾਈ ਨੂੰ ਮਰਯਾਦਾ ਸੰਪੰਨ ਦ੍ਰਿਸ਼ਟੀ ਨਾਲ ਜੂਝਣ ਦੀ ਪ੍ਰੇਰਨਾ ਦੇਂਦਾ ਹੈ। ਕਿਉਂਕਿ ਇਸ ਸਾਰੀ ਗੱਲ ਨੂੰ ਕਿੱਸਾਕਾਰ ਲੂਣਾ ਦੀ ਟੂਣੇਹਾਰੀ, ਚੰਚਲ ਤੇ ਖੇਖਣਦਾਜ਼ ਸ਼ਖ਼ਸੀਅਤ ਤੋਂ ਸ਼ੁਰੂ ਕਰਦਾ ਹੈ ਇਸ ਲਈ ਸਾਰੀ ਗੱਲ ਪੁੱਤਰ ਦੇ ਵਿਰੋਧ ਵਿਚ ਵੀ ਹੈ। ਇਸ ਲਈ ਕਿ ਉਸ ਨੇ ਮਾਂ ਦੇ ਰਿਸ਼ਤੇ ਨੂੰ ਨਹੀਂ ਪਛਾਣਿਆਂ। ਪਰ ਉਸ ਦੇ ਹੱਕ ਵਿਚ ਵੀ ਹੈ ਕਿ ਈਮਾਨ ਨੂੰ ਖ਼ਰਾਬ ਕਰਨ ਵਾਲੀ ਹਮੇਸ਼ਾਂ ਤੀਵੀਂ ਹੀ ਹੁੰਦੀ ਹੈ। ਇਸ ਤਰ੍ਹਾਂ ਇਹ ਸਾਰੀ ਕਥਾ ਤੋਂ ਬਾਣੀ ਉਚੇਰੇ ਬੋਲ ਵਿਚ ਬੋਲਦੀ ਹੈ ਉਹ ਸਾਮੰਤਵਾਦ ਧਰਮੀ ਤੇ ਪਿਤਾਮਾਧਰਮੀ ਮਰਯਾਦਾ ਦੀ ਸ੍ਰੇਸ਼ਠਤਾ ਨੂੰ ਸਿੱਧ ਕਰਨ ਵਾਲੀ ਹੈ। ਖਾਸ ਕਰਕੇ ਇਸ ਕਹਾਣੀ ਦੀ ਅੰਤਿਕਾ ਜਿਸ ਵਿਚ ਪੂਰਨ ਦੇ ਯੋਗ ਦੇ ਸਫਰ ਨੂੰ ਅਤੇ ਉਸਦੀ ਵਾਪਸੀ ਦੇ ਆਧਿਆਇ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਕ ਕਦਮ ਹੋਰ ਅੱਗੇ ਵੱਧ ਕੇ ਸਾਮੰਤੀ ਮਰਯਾਦਾ ਤੇ ਸ਼ਿਸ਼ਟਾਚਾਰ ਦਾ ਪੱਖ ਪੂਰਨ ਵਾਲੀ ਬਣਦੀ ਹੈ। ਯੋਗ, ਜੋ ਕਿ ਬੁਨਿਆਦੀ ਤੌਰ ਤੇ ਮਨੋਬ੍ਰਿਤੀਆਂ ਦੇ ਨਿਰੋਧ ਉਤੇ ਆਧਾਰਿਤ ਹੁੰਦਾ ਹੈ। ਅਸਲ ਵਿਚ ਦਮਿਤ ਤੇ ਦਲਿਤ ਮਾਨਸਿਕਤਾ ਉਪਰ ਉਸਾਰਿਆ ਐਸਾ ਅਧਿਆਤਮਵਾਦ ਹੈ ਜੋ ਪਿਤਾਮਾਧਰਮੀ ਵੀ ਹੈ ਤੇ ਸਾਮੰਤਵਾਦ ਧਰਮੀ ਵੀ। ਪਿਤਾਮਾ-ਧਰਮੀ ਸਮਾਜ ਤੋਂ ਹੀ ਪੂਰਨ ਮਾਰ ਖਾਂਦਾ ਹੈ ਤੇ ਅੰਤ ਉਤੇ ਇਸੇ ਹੀ ਵਿਚਾਰਧਾਰਾ ਦੁਆਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਸ਼ਤਿਆਂ-ਨਾਤਿਆਂ ਦੀ ਦੁਨੀਆਂ ਤੋਂ ਉਪਰ ਉਠ ਕੇ ਯੋਗੀ ਦੇ ਰੂਪ ਵਿਚ ਏਜੇ ਨੂੰ ਮੁੜ ਸਥਾਪਿਤ ਕਰਦਾ ਹੈ। ਯੋਗੀ ਦੇ ਰੂਪ ਵਿਚ ਪੂਰਨ ਪਿਤਾ ਵੀ ਹੈ, ਯੋਗੀ ਵੀ ਤੇ ਰਾਜਾ ਵੀ ਹੈ। ਇਸ ਬਿਰਤਾਂਤਕ ਵਿਨਿਆਸ ਨੂੰ ਪੰਜਾਬ ਦੀ ਸਭਿਆਚਾਰਕ ਪਰੰਪਰਾ ਵਿਚ ਖਾਸੀ ਥਾਂ ਮਿਲੀ ਹੈ। ਪੰਜਾਬ ਦੀ ਲੋਕਧਾਰਾ ਇਸ ਨੂੰ ਪਰੰਪਰਾਈ ਮਰਯਾਦਾ ਦੀ ਸਥਾਪਤੀ ਲਈ ਹੀ ਚਿਤਵਦੀ ਹੈ।

ਆਧੁਨਿਕ ਯੁਗ ਵਿਚ ਪੂਰਨ ਸਿੰਘ ਨੇ ਇਸ ਵਿਨਿਆਸ ਦੀ ਵਰਤੋਂ ਕਰਕੇ ਇਸ ਨੂੰ ਪੈਰਾਡਾਈਮ ਬਣਾਇਆ ਹੈ ਅਤੇ ਇਸ ਪੈਰਾਡਾਈਮ ਨਾਲ ਉਸ ਨੇ ਵੇਰਵੇ ਤੇ ਪ੍ਰਸੰਗ ਅੰਗਰੇਜ਼ੀ ਸਾਮਰਾਜ ਅਧੀਨ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਜੋੜ ਲਏ ਹਨ। ਪੂਰਨ ਸਿੰਘ ਨੇ ਇਸ ਵਿਨਿਆਸ ਨੂੰ ਆਪਣੇ ਸਿਰਜਣਾਤਮਿਕ ਪ੍ਰਸੰਗ ਰਾਹੀਂ ਪ੍ਰਸੰਗਿਕ ਤਾਂ ਕੀਤਾ ਹੈ, ਪਰੰਤੂ ਪੂਰਨ ਸਿੰਘ ਪਾਸ ਵੀ ਜੇ ਕੋਈ ਪ੍ਰਭੂਤਵ ਹੈ ਤਾਂ ਉਹ ਮਰਯ ਦਾ-ਧਰਮੀ ਸ੍ਰੇਸ਼ਠਤਾ ਦਾ ਹੀ ਹੈ। ਇਸ ਲਈ ਕਾਦਰਯਾਰ ਦੁਆਰਾ ਪ੍ਰਤਤੁਤ 'ਪੂਰਨ ਭਗਤ ਦਾ ਵਿਨਿਆਸ ਪੂਰਨ ਸਿੰਘ ਦੀਆਂ ਲੋੜਾਂ, ਸਮੱਸਿਆਵਾਂ ਤੇ ਪ੍ਰਯੋਜਨਾਂ ਲਈ ਸਾਰੇ ਦਾ ਸਾਰਾ ਉਵੇਂ ਢੁਕਵਾਂ ਹੈ। ਸਗੋਂ ਪੂਰਨ ਸਿੰਘ ਨੇ ਕਾਦਰਯਾਰ ਦੀ ਕਥਾ ਨੂੰ ਆਪਣੀ ਕਾਵਿ-ਪ੍ਰਤਿਭਾ ਰਾਹੀਂ ਇਕ ਸਾਮਰਥੱਕ ਵਾਂਗ ਥਾਂ ਪਰ ਥਾਂ ਵਚਿੱਤਰ ਕੀਤਾ ਹੈ। ਇਹ ਵਚਿੱਤ੍ਰਣ ਰਾਹੀਂ ਉਘੜਿਆ ਸਮਰਥਨ ਹੀ ਹੈ। ਦਮਿਤ ਜਾਂ ਦਲਿਤ ਵਰਗ ਦੀ ਭਾਸ਼ਾ ਨੂੰ ਉਸੇ ਤਰ੍ਹਾਂ ਮੂਕ ਦਾ ਮੂਕ ਰਹਿਣ ਦਿੱਤਾ ਗਿਆ ਹੈ।

ਸ਼ਿਵ ਕੁਮਾਰ ਦੇ ਆਉਣ ਨਾਲ ਇਸ ਕਥਾ-ਵਿਨਿਆਸ ਵਿਚ ਇਕ ਵਿਸ਼ੇਸ਼ ਪਰਿਵਰਤਨ ਆਉਂਦਾ ਹੈ। ਸ਼ਿਵ ਕੁਮਾਰ ਪਰੰਪਰਾਈ ਸਮਾਜ ਦੇ ਅਨੁਰੂਪ ਉਸਰੇ ਆਦਰਸ਼-ਵਾਦ ਦੀ ਮੈਟਾਨਮੀ ਨੂੰ ਸਿੱਧਾ ਹੀ ਉਲੰਘਣਾ ਚਾਹੁੰਦਾ ਹੈ। ਇਸੇ ਲਈ ਉਸਨੇ ਆਪਣੀ ਗੱਲ ਮਰਯਾਦਾ ਦੀ ਸ੍ਰੇਸ਼ਠਤਾ ਤੋਂ ਨਹੀਂ ਸਗੋਂ ਸ਼ਕਤੀਵੰਚਿਤ, ਦਮਿਤ ਤੇ ਦਲਿਤ ਵਰਗ ਦੀ ਗਾਥਾ ਤੋਂ ਅਰੰਭੀ ਹੈ। ਭਾਵ ਉਸ ਨੇ ਆਪਣੀ ਗੱਲ ਲੂਣਾ ਤੋਂ ਸ਼ੁਰੂ ਕੀਤੀ ਹੈ ਅਤੇ ਲੂਣਾ ਦੇ ਮਾਪਿਆਂ ਦੀ ਗ਼ਰੀਬੀ ਤੇ ਉਸਦੀ ਭਖਦੀ ਜੁਆਨੀ ਦਾ ਸ਼ੋਸ਼ਣ, ਇਸ ਸ਼ੋਸ਼ਣ ਦੀ ਮਜ਼ਬੂਰੀ ਤੇ ਨਾਲ ਹੀ ਉਸਦੇ ਅੰਦਰ ਸੁੱਤੇ ਜਜ਼ਬਿਆਂ ਦਾ ਪ੍ਰਵਾਹ, ਜੋ ਆਪਣਾ ਹਾਵ-ਪ੍ਰਵਾਨ ਲੱਭਣ ਦੀ ਲਾਲਸਾ ਅਧੀਨ ਇਕ ਪੂਰੇ ਸਿਖਰ ਤੇ ਪੁੱਜਿਆ ਹੋਇਆ ਹੈ, ਆਦਿ ਨੂੰ ਪੇਸ਼ ਕਰਨ ਦਾ ਜਤਨ ਕੀਤਾ ਗਿਆ ਹੈ। ਇਹ ਨੁਕਤਾ ਹੀ ਐਸਾ ਹੈ ਜੋ ਕਿ ਸਾਮੰਤੀ ਨਿਜ਼ਾਮ, ਪਿਤਾਮਾਧਰਮੀ ਮਰਯਾਦਾ ਤੇ ਇਨ੍ਹਾਂ ਦੋਹਾਂ ਦੇ ਅੰਤਰਗਤ ਮਾਨਵੀ ਸ਼ੋਸ਼ਣ ਦੀ ਸਮੱਸਿਆ ਨੂੰ ਉਘੜਣ ਵਾਲਾ ਹੈ। ਇਸ ਤਰ੍ਹਾਂ ਭਾਵੇਂ ਇਕ ਪੱਧਰ ਤੇ ਇਸ ਵਿਚ ਸਾਰੀ ਗੱਲ ਜਜ਼ਬੇ ਤੇ ਪ੍ਰਵਿਤ੍ਰੀ ਦੀ ਨਿਰੰਤਰਤਾ ਉਪਰ ਆਧਾਰਿਤ ਹੈ ਪਰ ਕੁਲ ਮਿਲਾ ਕੇ ਲੂਣਾ ਦੀ ਪੇਸ਼ਕਾਰੀ ਸ਼ਿਵ ਕੁਮਾਰ ਨੇ ਸ਼ਕਤੀਪਰਕ ਨੇ ਸ਼ਕਤੀਵੰਚਿਤ ਦਵੰਦ ਦੇ ਅੰਤਰਗਤ ਇਸ ਤਰ੍ਹਾਂ ਪੇਸ਼ ਕੀਤੀ ਹੈ ਕਿ ਇਸ ਦੁਆਰਾ ਸ਼ਕਤੀਪਰਕ ਸ਼ਿਸ਼ਟਾਚਾਰ ਦਾ ਨੰਗੇਜ ਸਾਹਮਣੇ ਆਉਂਦਾ ਹੈ। ਇਹ ਇਸ ਲਈ ਹੋਇਆ ਹੈ ਕਿ ਸ਼ਿਵ ਕੁਮਾਰ ਨੇ ਮਹਾਜਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਸ਼ਟਾਚਾਰ ਦੇ ਵਿਚਾਰਾਂ ਉਪਰ ਉਸਰੀ-ਨਿਸਰੀ ਮੈਟਾਨਮੀ ਨੂੰ ਇਕ ਪਾਸੇ ਕਰ ਕੇ ਵਰਜਿਤ ਮਾਨਸਿਕਤਾ ਦਾ ਇਕ ਵੱਖਰਾ ਵਿਨਿਆਸ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਸੰਰਚਨਾਵਾਦ ਦੀ ਦ੍ਰਿਸ਼ਟੀ ਤੋਂ ਸ਼ਿਵ ਕੁਮਾਰ ਦੀ ਰਚਨਾ ਇਕ ਡੋਲਵੇਂ ਸੰਤੁਲਨ ਦਾ ਰੂਪ ਧਾਰਨ ਕਰ ਗਈ ਹੈ । ਸੰਰਚਨਾਵਾਦ, ਜਿਵੇਂ ਕਿ ਭਾਸ਼ਾਈ ਤੇ ਸਭਿਆਚਾਰਕ ਪੱਧਰਾਂ ਉਤੇ ਵਿਗਿਆਨਿਕ ਤੇ ਨੇਮਮੂਲਕ ਬੁੱਧ ਨੂੰ ਰਵਾਇਤੀ ਸਮਾਜਾਂ ਦੇ ਅੰਤਰਗਤ ਬਹਾਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਅਤੇ ਇਸ ਗੱਲ ਤੇ ਜ਼ੋਰ ਦੇਂਦਾ ਹੈ ਕਿ ਰਵਾਇਤੀ ਬੁੱਧ ਵੀ ਆਪਣੇ ਆਪ ਵਿਚ ਮਰਯਾਦਾਧਾਰੀ ਹੁੰਦੀ ਹੋਈ ਵਿਗਿਆਨਕ ਹੈ। ਪਰ ਇਹ ਵਿਗਿਆਨਿਕਤਾ ਸਾਡੀ ਜਾਚੇ ਰਾਜਨੀਤੀ ਪ੍ਰਬੰਧ ਤੇ ਆਰਥਿਕ ਪ੍ਰਬੰਧ ਦੇ ਡੂੰਘੇਰੇ ਸਤਰਾਂ ਤੇ ਪੁੱਜ ਕੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਹੀ ਸਮਰਥਨ ਕਰਦੀ ਹੈ । ਇਸ ਲਈ ਇਸ ਵਿਗਿਆਨਕਤਾ ਨੂੰ ਪਿਤਾਮਾਧਾਰੀ ਕਾਨੂੰਨ ਤੇ ਸੰਜਮ ਦੇ ਵਿਰੁੱਧ ਜਦ ਤੀਕ ਇਨਕਲਾਬੀ ਆਵਾਜ਼ ਨਾਲ ਨਹੀਂ ਜੋੜਿਆ ਜਾਂਦਾ ਉਦੋਂ ਤੀਕ ਇਹ ਮਾਨਵਧਰਮੀ ਹੋਣ ਵਿਚ ਆਪਣਾ ਰੋਲ ਅਦਾ ਕਰਨ ਤੋਂ ਅਸਮਰਥ ਹੀ ਰਹੇਗੀ। ਇਸ ਵਿਚਲਾ ਸਾਰਾ ਵਿਗਿਆਨ ਮਾਨਵ ਵਿਰੋਧੀ ਰਹੇਗਾ। ਇਸ ਪੱਖ ਤੋਂ ਸਾਰੀ ਗੱਲ ਸੰਰਚਨਾਵਾਦ ਨੂੰ ਸਮਾਜਵਾਦ ਨਾਲ ਜੋੜ ਕੇ ਦੇਖਣ ਦੀ ਸਮੱਸਿਆ ਨਾਲ ਜੁੜ ਜਾਂਦੀ ਹੈ। ਸਮਾਜਵਾਦ ਸੰਰਚਨਾਵਾਦ ਦਾ ਵਿਰੋਧੀ ਨਹੀਂ ਪਰੰਤੂ ਉਹ ਨਿਸ਼ਕ੍ਰਿਆ ਹੋ ਕੇ ਪ੍ਰਚਲਿਤ ਪ੍ਰਬੰਧ ਨੂੰ ਮੰਨੀ ਜਾਣ ਦੇ ਜ਼ਰੂਰ ਵਿਰੋਧ ਵਿਚ ਹੈ। ਇਸ ਲਈ ਇਸ ਸੰਦਰਭ ਵਿਚ ਸ਼ਿਵ ਕੁਮਾਰ ਦੀ ਰਚਨਾ 'ਲੂਣਾ' ਕਿਉਂਕਿ ਸਥਾਪਿਤ ਮਰਯਾਦਾ ਲਈ ਚੁਣੌਤੀ ਬਣਦੀ ਹੈ ਇਸ ਲਈ ਉਹ ਇਕ ਤਰ੍ਹਾਂ ਨਾਲ ਪਿਤਾਮਾਧਰਮੀ ਸੰਰਚਨਾਵਾਦ ਦੇ ਵਿਰੋਧ ਵਿਚ ਹੈ । ਪਰੰਤੂ ਇਸ ਦੀ ਇਕ ਆਪਣੀ ਸੰਰਚਨਾ ਵੀ ਹੈ। ਇਸ ਸੰਰਚਨਾ ਦੇ ਅੰਤਰਗਤ ਇਹ ਦਮਿਤ ਤੇ ਦਲਿਤ ਵਰਗ ਦੀ ਵਰਜਿਤ ਭਾਸ਼ਾ ਦੇ ਸੁਰ ਨੂੰ ਉੱਚਾ ਕਰਦੀ ਹੈ। ਸ਼ਿਵ ਕੁਮਾਰ ਰਚਿਤ ਕਥਾ-ਬਿਰਤਾਂਤ ਵਿਚ ਥਾਂ ਪਰ ਥਾਂ ਇਸ ਤਰ੍ਹਾਂ ਦੀਆਂ ਬੇਅੰਤ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ ਜੋ ਮੈਟਾਨਮੀ-ਵਿਹੀਨ ਨਗਨਤਾ ਵਿਚ ਆਪਣਾ ਸੁਰ ਅਲਾਪਦੀਆਂ ਹਨ । ਇਸ ਸੁਰ ਅਲਾਪ ਵਿਚ ਕੋਈ ਮੈਟਾਨਮੀ ਹੈ ਤਾਂ ਉਹ ਮਾਨਵੀ ਸ਼ੋਸ਼ਣ ਵਿਰੁੱਧ ਆਵਾਜ਼ ਦੀ ਮੈਟਾਨਮੀ ਹੈ ਜਿਸ ਵਿਚ ਸ਼ਿਵ ਕੁਮਾਰ ਬੋਲਦਾ ਹੈ। ਇਸ ਤਰ੍ਹਾਂ ਸ਼ਿਵ ਕੁਮਾਰ ਦੀ ਰਚਨਾ ਸ਼ਕਤੀ-ਸੰਪੰਨ ਵਰਗ ਦੇ ਵਿਰੁੱਧ ਮਾਨਵੀ ਆਜ਼ਾਦੀ ਦਾ ਪ੍ਰਵਚਨ ਬਣ ਜਾਂਦੀ ਹੈ। ਇਹ ਪ੍ਰਵਚਨ ਕਿਉਂਕਿ ਅਵਚੇਤਨ ਨੂੰ ਚੇਤੰਨ ਕਰਨ ਦੀ ਵਿਧੀ ਨਾਲ ਸਾਵਧਾਨ ਪੱਧਰ ਤੇ ਜੁੜਿਆ ਹੋਇਆ ਹੈ, ਇਸ ਲਈ ਇਹ ਸੰਰਚਨਾਵਾਦੀ ਵੀ ਹੈ ਤੇ ਸੰਰਚਨਾਵਾਦ ਤੋਂ ਰਤਾ ਅਗਾਂਹ ਵੀ ਹੈ। ਏਸੇ ਲਈ ਇਸ ਨੂੰ ਡੋਲਵੇਂ ਸੰਤੁਲਨ ਦੀ ਸੰਰਚਨਾ ਕਿਹਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਦਾ ਰੂਪਾਂਤਰਣ-ਸਿਧਾਂਤ : 'ਜਪੁ ਜੀ' ਦੇ ਆਧਾਰ ਤੇ

'ਜਪੁ ਜੀ' ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ ਮਹੱਤਵ ਵਾਲੀ ਬਾਣੀ ਹੈ। ਇਸ ਬਾਣੀ ਦਾ ਵਿਸ਼ੇਸ਼ ਸਰੂਪ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ ਆਪਣੇ ਅਧਿਆਤਮਵਾਦੀ ਚਿੰਤਨ ਦੇ ਸਿਧਾਂਤਾਂ ਨੂੰ ਗਣਿਤ ਸ਼ਾਸਤਰੀ ਸਰਲਤਾ ਵਿਚ ਪ੍ਰਸਤੁਤ ਕੀਤਾ ਹੈ। ਜਦੋਂ ਕਿਸੇ ਸਿਧਾਂਤ ਨੂੰ ਗਣਿਤ-ਸ਼ਾਸਤਰੀ ਸਰਲਤਾ ਵਿਚ ਪੇਸ਼ ਕੀਤਾ ਜਾਂਦਾ ਹੈ, ਉਦੋਂ ਉਸ ਨੂੰ ਵਾਧੂ, ਫਾਲਤੂ ਤੇ ਪ੍ਰਪੰਚਸ਼ੀਲ ਵੇਰਵਿਆਂ ਤੋਂ ਵੱਖਰਿਆਂ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕਤਾ ਦਾ ਸੰਦੇਸ਼ ਤਾਂ ਦੂਸਰੀਆਂ ਬਾਣੀਆਂ ਵਿਚ ਵੀ ਦਿੱਤਾ ਹੈ ਪਰ ਦੂਸਰੀਆਂ ਬਾਣੀਆਂ ਸਮਾਜਕ ਜੀਵਨ ਦੇ ਵੇਰਵਿਆਂ ਵਿਚ ਬਹੁਤ ਫੈਲਦੀਆਂ ਹਨ ਅਤੇ ਆਪਣੇ ਵੇਲੇ ਦੀ ਸਮੁੱਚੀ ਸਮਾਜਕ ਤ੍ਰਾਸਦੀ ਤੇ ਸਮੱਸਿਆ ਨੂੰ ਕਈ ਪਹਿਲੂਆਂ ਤੋਂ ਪ੍ਰਦਰਸ਼ਤ ਕਰਦੀਆਂ ਹਨ। ਮਿਸਾਲ ਵਜੋਂ ਅਸੀਂ 'ਆਸਾ ਦੀ ਵਾਰ' ਜਾਂ 'ਮਾਝ ਦੀ ਵਾਰ' ਨੂੰ ਜਦੋਂ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਸਪੱਸ਼ਟ ਪਤਾ ਚਲਦਾ ਹੈ ਕਿ ਇਨ੍ਹਾਂ ਵਾਰਾਂ ਵਿਚ ਮਨੁੱਖੀ ਸਮੱਸਿਆ ਦੇ ਭਿੰਨ ਭਿੰਨ ਪਹਿਲੂਆਂ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ, ਅਤੇ ਇਸ ਤਰ੍ਹਾਂ ਸਮੁੱਚੇ ਸਮਾਜਕ ਸਮੱਸਿਆਵਾਦ ਨੂੰ ਅਗ੍ਰਭੂਮੀ ਤੇ ਲਿਆਂਦਾ ਗਿਆ ਹੈ। ਇਸ ਤਰ੍ਹਾਂ ਸਾਰੀ ਯਾਤਰਾ ਸਿਧਾਂਤਮੁੱਖ ਹੋਣ ਦੀ ਬਜਾਏ ਵਿਹਾਰ ਵੱਲ ਸਰਕ ਜਾਂਦੀ ਹੈ ਤੇ ਨਤੀਜੇ ਵਜੋਂ ਇਨ੍ਹਾਂ ਬਾਣੀਆਂ ਦਾ ਸਰੂਪ ਤੇ ਪ੍ਰਬੰਧ ਜਟਿਲ ਹੋ ਜਾਂਦਾ ਹੈ। ਪਰ ਇਨ੍ਹਾਂ ਦੇ ਮੁਕਾਬਲੇ ਉਤੇ ਜਪੁ ਜੀ ਨਿਰਸੰਦੇਹ ਸਿਧਾਂਤ-ਨਿਸ਼ਠ ਸਰਲਤਾ ਵਾਲੇ ਪ੍ਰਬੰਧ ਵਿਚ ਬੱਝੀ ਹੋਈ ਬਾਣੀ ਹੈ। ਇਹ ਹੀ ਕਾਰਨ ਹੈ ਕਿ ਇਸ ਬਾਣੀ ਵਿਚ ਪਹਿਲਾਂ ਗੁਰੂ ਸਾਹਿਬ ਨੇ ਆਪਣੇ ਵਿਸ਼ੇਸ਼ ਸਿਧਾਂਤਾਂ ਨੂੰ ਪ੍ਰਸਤੁਤ ਕੀਤਾ ਹੈ ਤੇ ਫਿਰ ਉਨ੍ਹਾਂ ਸਿਧਾਂਤਾਂ ਦੀ ਮੱਦਦ ਨਾਲ ਪ੍ਰਾਕਿਰਤਿਕ ਜੈਵਿਕਤਾ ਨੂੰ ਉਤਕ੍ਰਿਸ਼ਟ ਮਾਨਵਤਾ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੈ।

ਅਸੀਂ ਆਪਣੀ ਗੱਲ 'ਜਪੁ ਜੀ' ਦੇ ਆਰੰਭ ਤੋਂ ਸ਼ੁਰੂ ਕਰਨਾ ਚਾਹੁੰਦੇ ਹਾਂ। 'ਜਪੁ ਜੀ' ਦੇ ਆਰੰਭ ਵਿਚ '੧ਓ' ਤੋਂ ਲੈ ਕੇ 'ਗੁਰਪ੍ਰਸਾਦਿ' ਤੀਕ ਗੁਰੂ ਸਾਹਿਬ ਨੇ ਆਪਣੀ ਬ੍ਰਹਮਮੂਲਕ ਅਧਿਆਤਮਕਤਾ ਦੇ ਅਤਿਅੰਤ ਨਿਸ਼ਚਿਤ ਤੇ ਪਰਿਸ਼ੁਧ ਸਰੂਪ ਨੂੰ ਉਜਾਗਰ ਕੀਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਚਲੀ ਸਰਲਤਾ ਏਨੀ ਨਿੱਖਰੀ ਤੇ ਟਿਕੀ ਹੋਈ ਹੈ ਕਿ ਇਹ ਪੰਜਾਬ ਦੀ ਆਮ ਲੋਕਾਈ ਦੇ ਮੂੰਹ ਉਪਰ ਚੜ੍ਹਿਆ ਹੋਇਆ ਹੈ ।

ਸਿਧਾਂਤ ਬਹੁਤ ਕਠਨ ਹੁੰਦਾ ਹੈ ਪਰ ਜਦੋਂ ਇਹ ਗਣਿਤ ਸ਼ਾਸਤਰੀ ਪਰਿਸ਼ੁਧਤਾ ਵਿਚ ਟਿਕ ਜਾਂਦਾ ਹੈ ਤਾਂ ਸਰਲ ਵੀ ਹੋ ਜਾਂਦਾ ਹੈ ਤੇ ਮਾਨਵੀ ਸਾਮੂਹਕਤਾ ਦੀ ਪਹੁੰਚ ਵਿਚ ਵੀ ਆ ਜਾਂਦਾ ਹੈ । ਸਿੱਖ-ਸੰਸਥਾ ਵਿਚ ਇਸ ਨੂੰ ਮੂਲ ਮੰਤਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਜਿਸ ਦਾ ਭਾਵ ਇਹ ਹੈ ਕਿ ਇਕ ਤਾਂ ਇਸ ਵਿਚ ਗੁਰੂ ਨਾਨਕ ਦੀ ਅਧਿਆਤਮਕਤਾ ਦਾ ਮੂਲ ਹੈ ਤੇ ਦੂਸਰਾ ਉਹ ਮੂਲ ਸਾਧਾਰਣ ਬਚਨਾਂ ਵਾਲੀ ਭਾਸ਼ਾ ਦੀ ਬਜਾਏ ਰੂੜ੍ਹ ਹੋ ਚੁੱਕੀ ਪਰਪਕਤਾ ਵਾਲੀ ਭਾਸ਼ਾ ਵਿਚ ਹਾਜ਼ਰ ਹੁੰਦਾ ਹੈ । ਰੂੜ੍ਹ ਹੋਈ ਪਰਪਕਤਾ ਵਾਲੀ ਭਾਸ਼ਾ ਵਿਚ ਕੋਡਬਧ ਸੰਦੇਸ਼ ਹੀ ਮੰਤਰ ਹੁੰਦਾ ਹੈ । ਇਸ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਮੂਲ ਮੰਤਰ ਦੀ ਰੂੜ੍ਹ ਹੋਈ ਪਰਪਕਤਾ ਵਾਲੀ ਭਾਸ਼ਾ ਕਿਸੇ ਪੱਖੋਂ ਵੀ ਵਿਹਾਰਕ ਪ੍ਰਪੰਚ ਦੀ ਜਟਿਲਤਾ ਵੱਲ ਸੰਕੇਤ ਨਹੀਂ ਕਰਦੀ ਸਗੋਂ ਇਸ ਵਿਚਲੀ ਸਾਰੀ ਭਾਸ਼ਾ ਦਾ ਧਿਆਨ ਆਪਣੇ ਅੰਤਰਗਤ ਪ੍ਰਕਾਸ਼ਮਾਨ ਹੋਣ ਵਾਲੇ ਸੰਦੇਸ਼ ਉਤੇ ਹੀ ਕੇਂਦਰਿਤ ਰਹਿੰਦਾ ਹੈ ।

ਸਾਡੀ ਇਸ ਗੱਲ ਨੂੰ ਇਕ ਹੋਰ ਪੱਖੋਂ ਵੀ ਸਮਰਥਨ ਪ੍ਰਾਪਤ ਹੁੰਦਾ ਹੈ । ਉਹ ਪੱਖ ਵਿਆਕਰਣ ਦਾ ਹੈ । ਨਿਤਾਪ੍ਰਤੀ ਵਿਹਾਰ ਵਿਚਲੀ ਭਾਸ਼ਾ ਵਿਆਕਰਣ ਦੇ ਨੇਮਾਂ ਅਨੁਸਾਰ ਆਪਣਾ ਕਥਨ ਵਾਕ ਰਾਹੀਂ ਪੂਰਾ ਕਰਦੀ ਹੈ । ਵਾਕ ਦੇ ਦੋ ਹਿੱਸੇ ਹੁੰਦੇ ਹਨ । ਪਹਿਲਾ ਹਿੱਸਾ ਕਰਤਾਮੂਲਕ ਹੁੰਦਾ ਹੈ ਤੇ ਦੂਸਰਾ ਵਿਧੇਯਮੂਲਕ । ਧਿਆਨ ਨਾਲ ਵੇਖੀਏ ਤਾਂ ਵਿਧੇਯਮੂਲਕ ਭਾਗ ਤੋਂ ਬਿਨਾ ਕਰਤਾ ਸੰਸਾਰੀ ਸੰਚਾਰ-ਪ੍ਰਕਿਰਿਆ ਵਿਚ ਗਤੀਮਾਨ ਹੀ ਨਹੀਂ ਹੋ ਸਕਦਾ । ਅਸਲ ਵਿਚ ਵਿਧੇਯਮੂਲਕ ਪਹਿਲੂ ਰਾਹੀਂ ਵਾਕ ਸੰਸਾਰੀ ਜਟਿਲਤਾ ਵਿਚ ਫੈਲ ਜਾਂਦਾ ਹੈ । ਪਰ ਮੂਲ ਮੰਤਰ ਵਿਚ ਐਸੇ ਫੈਲਾਓ ਵਿਚ ਵਿਸਥਾਰ ਪ੍ਰਾਪਤ ਕਰਨ ਵਾਲੀ ਰੁਚੀ ਤੋਂ ਗੁਰੇਜ਼ ਕੀਤਾ ਗਿਆ ਹੈ ਤੇ ਭਾਸ਼ਾ ਨੂੰ ਕਥਨ ਤੇ ਸੰਦੇਸ਼ ਸਮੇਤ ਕੇਵਲ ਕਰਤਾ ਉਪਰ ਸੰਕੁਚਿਤ ਕਰ ਦਿੱਤਾ ਗਿਆ ਹੈ ।

ਇਸ ਤੋਂ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਸੱਚ ਆਧਾਰੀ ਅਧਿਆਤਮਕਤਾ ਨੂੰ ਕਾਲ ਪਰਵਾਹ ਨਾਲ ਸੰਬੰਧਿਤ ਕਰਨ ਦਾ ਸਿਧਾਂਤ ਸਪੱਸ਼ਟ ਕੀਤਾ ਹੈ । ਇਸ ਵਿਚ ਉਹਨਾਂ ਨੇ ਆਦਿ, ਜੁਗਾਦਿ, ਹੈਭੀ, ਹੋਸੀ ਭੀ, ਆਦਿ ਵਗਦੇ ਕਾਲ ਪਰਵਾਹ ਦੀਆਂ ਕੋਟੀਆਂ ਬਣਾਈਆਂ ਹਨ ਤੇ ਇਨ੍ਹਾਂ ਦੇ ਨਾਲ ਸੱਚ ਨੂੰ ਜੋੜ ਦਿੱਤਾ ਹੈ । ਅਰਥਾਤ ਕਾਲ ਦੇ ਪਰਵਰਤਨਸ਼ੀਲ ਚਰਿੱਤਰ ਵਿਚ ਸੱਚ ਸਦੈਵ ਵਿਦਮਾਨ ਰਹਿੰਦਾ ਹੈ, ਪਰੰਤੂ ਕਾਲ ਦੇ ਪ੍ਰਸੰਗਾਂ ਵਿਚੋਂ ਨਿਕਲ ਕੇ ਸੱਚ ਦੇ ਸਰੂਪ ਤੀਕ ਪੁੱਜਣ ਦੀ ਪ੍ਰਕਿਰਿਆ ਵਿਚ ਪੈਣਾ ਜ਼ਰੂਰੀ ਹੈ । ਇਸ ਨਾਲ ਦੇਸ਼, ਕਾਲ, ਕਾਰਣ ਯੁਕਤ ਜੈਵਿਕਤਾ, ਅਧਿਆਤਮਸੰਪੰਨ ਸੱਚ ਦੀ ਪ੍ਰਾਪਤੀ ਦੇ ਪਦ ਉਪਰ ਪੁੱਜ ਸਕਦੀ ਹੈ ।

ਇਸ ਤੋਂ ਉਪਰੰਤ ਗੁਰੂ ਨਾਨਕ ਦੇਵ 'ਜਪੁ ਜੀ' ਦੀ ਪਹਿਲੀ ਪਉੜੀ ਵਿਚ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੱਚ ਨੂੰ ਪਾਣ ਵਾਲੀ ਤਥਾ ਸਚਿਆਰ ਬਣਨ ਵਾਲੀ ਸਮੱਸਿਆ ਨੂੰ ਸਨਮੁਖ ਕਰਦੇ ਹਨ ਅਤੇ ਕਹਿੰਦੇ ਹਨ :

ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖਵਾਰ ॥
ਚੁਪੈ ਚੁਪ ਨ ਹੋਵਈ, ਜੇ ਲਾਇ ਰਹਾ ਲਿਵਤਾਰ ॥
ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ, ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥

ਇਨ੍ਹਾਂ ਪੰਗਤੀਆਂ ਨੂੰ ਧਿਆਨ ਨਾਲ ਵੇਖਿਆਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਸੱਚ ਨੂੰ ਪ੍ਰਾਪਤ ਕਰ ਸਕਣ ਵਾਲੀਆਂ ਭਿੰਨ ਭਿੰਨ ਵਿਧੀਆਂ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾ ਰਹੇ ਹਨ ਅਤੇ ਇਨ੍ਹਾਂ ਸਾਰੀਆਂ ਵਿਧੀਆਂ ਨੂੰ ਉਹ ਪਹਿਲਾਂ ਨਿਸ਼ੇਧ ਦੀ ਦ੍ਰਿਸ਼ਟੀ ਤੋਂ ਦੇਖ ਰਹੇ ਹਨ। ਉਸ ਤੋਂ ਉਪਰੰਤ ਉਹ ਆਪਣਾ ਪ੍ਰਸ਼ਨ ਪ੍ਰਸਤੁਤ ਕਰਦੇ ਹਨ ਕਿ ਜੇਕਰ ਭਿੰਨ ਭਿੰਨ ਵਿਧੀਆਂ ਸੱਚ ਤੱਕ ਪੁਚਾ ਸਕਣ ਤੋਂ ਅਸਮਰੱਥ ਹਨ ਤਾਂ ਕਿਸ ਪ੍ਰਕਾਰ ਦੀ ਵਿਧੀ ਅਪਣਾਈ ਜਾਏ ਜਿਸ ਦੁਆਰਾ ਕੂੜ ਦੀ ਪਾਲ ਨੂੰ ਤੋੜ ਕੇ ਸਚਿਆਰ ਬਣਿਆ ਜਾ ਸਕੇ।

ਇਸ ਸਾਰੀ ਸਮੱਸਿਆ ਤੋਂ ਉਪਰੰਤ ਗੁਰੂ ਸਾਹਿਬ ਆਪਣਾ ਉੱਤਰ ਪੇਸ਼ ਕਰਦੇ ਹਨ ਜਿਸ ਵਿਚ ਉਹ ਇਹ ਦੱਸਦੇ ਹਨ ਕਿ ਹੁਕਮ ਤੇ ਰਜ਼ਾ ਦੀ ਪ੍ਰਕਿਰਿਆ ਵਿਚ ਚੱਲਣ ਦੀ ਵਿਧੀ ਰਾਹੀਂ ਹੀ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ। ਹੁਕਮ ਤੇ ਰਜ਼ਾ ਦੀ ਪ੍ਰਕਿਰਿਆ ਤਰਕ ਆਧਾਰੀ ਸਿਧਾਂਤ ਵਿਧੀਆ ਤੋਂ ਵੱਖਰੀ ਹੁੰਦੀ ਹੈ। ਤਰਕ ਆਧਾਰੀ ਸਿਧਾਂਤ ਅਨੁਭਵੀ ਤੇ ਵਿਹਾਰਕ ਸਿਆਣਪ ਦੇ ਆਧਾਰ ਤੇ ਉਸਰਿਆ ਹੁੰਦਾ ਹੈ। ਇਹ ਗਤੀ, ਧਿਆਨ ਨਾਲ ਵੇਖਿਆਂ, ਹਉਮੈ ਦਾ ਵਿਸਤਾਰ ਹੁੰਦੀ ਹੈ। ਜੀਵ ਹੋਣ ਦੇ ਨਾਤੇ ਮਨੁੱਖ (ਪ੍ਰਦਤ ਮਨੁੱਖ) ਆਪਣੇ ਨੇ ਇਦ੍ਰਿਆਂ ਰਾਹੀਂ ਆਪਣੀਆਂ ਵਿਹਾਰਕ ਸਮੱਸਿਆਵਾਂ ਨੂੰ ਨਜਿੱਠਣ ਲਈ ਬਾਹਰਲੇ ਆਲੇ ਦੁਆਲੇ ਨਾਲ ਜੁੜਦਾ ਹੈ। ਇਸ ਤਰ੍ਹਾਂ ਉਸ ਦੇ ਮਨ ਦੇ ਚਿੱਤਰਪਟ ਉਪਰ ਸੂਚਨਾ ਦਾ ਸੰਚਣ ਤੇ ਸੰਚਰਣ ਹੁੰਦਾ ਹੈ। ਇਸ ਦੇ ਆਧਾਰ ਤੇ ਉਹ ਸੰਸਾਰ ਵਿਚ ਆਪਣੀ ਰਹਿਤਲ ਦਾ ਪ੍ਰਬੰਧ ਕਰ ਕੇ ਵਿਹਾਰੀ ਜੀਵ ਬਣਦਾ ਹੈ। ਇਸੇ ਦੇ ਆਧਾਰ ਤੇ ਅੱਗੋਂ ਮਨੁੱਖ ਸਿਧਾਂਤ ਘੜ ਲੈਂਦਾ ਹੈ। ਐਸੇ ਸਿਧਾਂਤ ਸਿਆਣਪ ਵਾਲੇ ਵੀ ਹੁੰਦੇ ਹਨ, ਕੰਮ ਵੀ ਆਉਂਦੇ ਹਨ ਪਰੰਤੂ ਸੱਚ ਦੀ ਨਿਰਪੇਖਕਤਾ ਇਨ੍ਹਾਂ ਤੋਂ ਪਾਰ ਦੀ ਗੱਲ ਹੈ। ਸੱਚ ਤੀਕ ਪੁੱਜਣ ਲਈ ਗੁਰੂ ਸਾਹਿਬ ਹੁਕਮ ਪਛਾਨਣ ਤੇ ਹਉਂ ਤਿਆਗਣ ਦਾ ਸੰਦੇਸ਼ ਦੇਂਦੇ ਹਨ। ਹੁਕਮ ਰਾਹੀਂ ਗੁਰੂ ਨਾਨਕ ਦੇਵ ਆਪਣਾ ਵਿਸ਼ੇਸ਼ ਪ੍ਰਕਾਰ ਦਾ ਸਿਧਾਂਤ ਸਾਡੇ ਸਨਮੁਖ ਕਰਦੇ ਹਨ। ਉਹ ਕਹਿੰਦੇ ਹਨ :

ਹੁਕਮੀ ਹੋਵਨਿ ਆਕਾਰ, ਹੁਕਮ ਨ ਕਹਿਆ ਜਾਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮ ਨੀਚ, ਹੁਕਮ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ, ਇਕ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭ ਕੋ, ਬਾਹਰ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

ਇਨ੍ਹਾਂ ਪੰਗਤੀਆਂ ਵਿਚ ਇਹ ਤਾਂ ਸਪੱਸ਼ਟ ਹੀ ਹੈ ਕਿ ਗੁਰੂ ਸਾਹਿਬ ਨੇ ਹੁਕਮ ਦੀ ਪਰਿਭਾਸ਼ਾ ਕੀਤੀ ਹੈ ਤੇ ਇਹ ਦੱਸਿਆ ਹੈ ਕਿ ਹੁਕਮ ਨੂੰ ਬੁਝ ਲੈਣ ਨਾਲ ਹਉਮੈ ਦਾ ਨਾਸ ਹੋ ਜਾਂਦਾ ਹੈ। ਪਰ ਇਨ੍ਹਾਂ ਪੰਗਤੀਆਂ ਵਿਚ ਜਿੰਨੀ ਸਰਲਤਾ ਨਾਲ ਗੱਲ ਪੇਸ਼ ਹੋਈ ਹੈ, ਉਸ ਨੂੰ ਸਮਝਣਾ ਏਨਾ ਸਹਿਲ ਨਹੀਂ। ਇਸ ਵਿਚ ਗੁਰੂ ਸਾਹਿਬ ਨੇ ਵਿਸ਼ਵ ਦੇ ਵਿਰਾਟ ਪਸਾਰੇ ਵਿਚ ਕੰਮ ਕਰਦੇ ਹੁਕਮ ਦੇ ਸਰੂਪ ਨੂੰ ਪਛਾਨਣ ਦਾ ਸੁਝਾਉ ਦਿੱਤਾ ਹੈ, ਜਿਸ ਤੋਂ ਇਹ ਗੱਲ ਸਮਝ ਆਉਂਦੀ ਹੈ ਕਿ ਗੁਰੂ ਸਾਹਿਬ ਆਪਣੇ ਗਿਆਨ-ਸ਼ਾਸਤਰੀ ਵਿਧਾਨ ਦੇ ਮੁਤਾਬਕ ਇਹ ਮੰਨ ਕੇ ਤੁਰਦੇ ਹਨ ਕਿ ਵਿਰਾਟ ਬ੍ਰਹਮੰਡ ਦੀ ਅਤਿਅੰਤ ਨਿਚਲੀ ਪੱਧਰ ਤੋਂ ਲੈ ਕੇ ਉਚਿਓ ਉੱਚੀ ਪੱਧਰ ਤੀਕ ਇਹ ਪ੍ਰਬੰਧ ਵਿਚਰਦਾ ਹੈ। ਪ੍ਰਪੰਚ ਜਾਂ ਖਿਲਾਰਾ ਤਾਂ ਸਤਈ ਹੁੰਦਾ ਹੈ। ਉਸ ਦੀ ਪਿੱਠਭੂਮੀ ਵਿਚ ਪ੍ਰਬੰਧ ਕਾਰਜਸ਼ੀਲ ਹੁੰਦਾ ਹੈ। ਇਸ ਪ੍ਰਬੰਧਸ਼ੀਲ ਦ੍ਰਿਸ਼ਟੀ ਨੂੰ ਗੁਰੂ ਸਾਹਿਬ ਹੁਕਮ ਸ਼ਬਦ ਨਾਲ ਜੋੜ ਕੇ ਪੇਸ਼ ਕਰਦੇ ਹਨ। ਹੁਕਮ ਅਰਬੀ ਜ਼ਬਾਨ ਦਾ ਸ਼ਬਦ ਹੈ ਅਤੇ ਧਿਆਨ ਨਾਲ ਵੇਖਿਆਂ ਇਹ ਪਤਾ ਚਲਦਾ ਹੈ ਕਿ ਬੁਨਿਆਦੀ ਤੌਰ ਉਤੇ ਇਹ ਰਾਜਨੈਤਿਕਤਾ ਦੇ ਖੇਤਰ ਨਾਲ ਸੰਬੰਧਿਤ ਹੈ। ਗੁਰੂ ਸਾਹਿਬ ਦੇ ਜ਼ਮਾਨੇ ਵਿਚ ਸਾਡੇ ਸਮੁੱਚੇ ਸਮਾਜ ਦਾ ਪ੍ਰਬੰਧ ਕਰਨ ਲਈ ਮੁਗ਼ਲ ਹਾਕਮਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ ਤੇ ਉਹਨਾਂ ਦਾ ਹੁਕਮ ਚਲਦਾ ਸੀ। ਹਕੂਮਤ ਆਪਣਾ ਹੁਕਮ ਚਲਾਉਂਦੀ ਹੈ, ਆਪਣੇ ਰਾਜ ਵਿਚ ਅਨਾਚਾਰ ਵਰਤੀ ਕਾਰਗੁਜ਼ਾਰੀਆਂ ਨੂੰ ਜ਼ਬਤ ਵਿਚ ਲੈਣ ਲਈ; ਜਿਸ ਦਾ ਅਰਥ ਇਹ ਹੁੰਦਾ ਹੈ ਕਿ ਹਕੂਮਤ ਆਪਣੇ ਪ੍ਰਬੰਧੀ ਹਿਤਾਂ ਨੂੰ ਧਿਆਨ ਵਿਚ ਰੱਖਦੀ ਹੋਈ ਸਮੁੱਚੇ ਮਾਨਵੀ ਸਮਾਜ ਨੂੰ ਅਨੁਸ਼ਾਸਨ ਵਿਚ ਰੱਖਣ ਲਈ ਹੁਕਮ ਚਲਾਂਦੀ ਹੈ। ਇਸ ਪ੍ਰਸੰਗ ਵਿਚ ਵੀ ਹੁਕਮ ਦੇ ਅਰਥ ਅਨਾਚਾਰ ਦੇ ਵਿਰੋਧ ਵਿਚ ਵਿਵਸਥਾ ਸਥਾਪਤੀ ਦੇ ਹਨ।

ਹਕੂਮਤ ਦੇ ਹੁਕਮ ਨੂੰ ਗੁਰੂ ਸਾਹਿਬ ਨੇ ਆਪਣੀ ਟਿੱਪਣੀ ਤੇ ਆਲੋਚਨਾ ਦਾ ਵਿਸ਼ਾ ਵੀ ਬਣਾਇਆ ਹੈ, ਪਰ ਉਹਨਾਂ ਨੇ ਹੁਕਮ ਸ਼ਬਦ ਪਾਸੋਂ ਸੰਬੰਧੀ ਪ੍ਰਕ੍ਰਿਆ ਦਾ ਕੰਮ ਵੀ ਲਿਆ ਹੈ। ਇਸੇ ਲਈ ਵੇਲੇ ਦੇ ਨਜ਼ਾਮ ਦੇ ਪ੍ਰਚਲਤ ਸ਼ਬਦ ਨੂੰ ਕੁਲ ਕਾਇਨਾਤ ਦੇ ਅੰਤਰਗਤ ਵਿਚਰਦੀ ਸਿਸਟਮ ਦੀ ਵਿਆਪਕਤਾ ਨੂੰ ਪ੍ਰਗਟਾਉਣ ਲਈ ਪ੍ਰਯੋਗ ਵਿਚ ਲਿਆਂਦਾ ਹੈ। ਇਥੇ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਯਾਤਰਾ ਵਿਅਕਤੀ ਤੋਂ ਸਿਸਟਮ ਦੀ ਹੈ। ਵਿਅਕਤੀ ਤੋਂ ਸਿਸਟਮ ਵਲ ਜਾਣਾ ਹੀ ਹੁਕਮ ਨੂੰ ਬੁਝਣਾ ਹੈ। ਵਿਅਕਤੀ ਆਤਮ ਕੇਂਦਰਿਤ ਹੁੰਦਾ ਹੈ ਤੇ ਸਿਸਟਮ ਅਨਾਤਮੀ ਪ੍ਰਬੰਧ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਨਾਤਮੀ ਪ੍ਰਬੰਧ ਨੂੰ ਸਮਝ ਕੇ ਆਪਣੀ ਵਿਅਕਤੀਗਤ ਹਉਂ ਨੂੰ ਇਸ ਦੇ ਅਧੀਨ ਕਰਨ ਨਾਲ ਹੀ ਜੈਵਿਕਤਾ ਹਉਂ ਯੁਕਤ ਭਰਮ ਤੋਂ ਛੁਟਕਾਰਾ ਪਾ ਕੇ, ਦ੍ਰਿਸ਼ਟੀਸੰਪੰਨ ਮਾਨਵਤਾ ਵਿਚ ਜਾਗ੍ਰਿਤ ਹੋ ਜਾਂਦੀ ਹੈ । ਇਸ ਤਰ੍ਹਾਂ ਗੁਰੂ ਨਾਨਕ ਦੇਵ ਜਪੁਜੀ ਦੇ ਪਹਿਲੇ ਕੁਝ ਖੰਡਾਂ ਵਿਚ ਆਪਣੀ ਸਾਰੀ ਸਮੱਸਿਆ ਨੂੰ ਸਿਧਾਂਤਕ ਆਧਾਰਾਂ ਉਪਰ ਸਪਸ਼ਟ ਕਰ ਕੇ ਅੱਗੋਂ ਇਸ ਥੀਮ ਦੀ ਉਸਾਰੀ ਵਿਚ ਪੈ ਜਾਂਦੇ ਹਨ ਕਿ ਸਚਿਆਰ ਹੋਣ ਦੇ ਮਾਰਗ ਉਪਰ ਮਾਨਵੀ ਜੈਵਿਕਤਾ ਦਾ ਰੂਪਾਂਤਰਣ ਕਿਵੇਂ ਹੋ ਸਕਦਾ ਹੈ । ਇਸ ਪ੍ਰਕ੍ਰਿਆ ਵਿਚ ਉਹਨਾਂ ਦੇ ਸਾਹਮਣੇ ਪ੍ਰਦੱਤ ਤਥਾ ਪ੍ਰਕ੍ਰਿਤਿਕ ਜੀਵ ਹੈ, ਜਿਸ ਨੂੰ ਉਹ ਬਾਰ-ਬਾਰ ਦ੍ਰਿਸ਼ਟੀਸੰਮੰਨ ਕਰਨਾ ਚਾਹੁੰਦੇ ਹਨ । ਗਾਉਣ ਰਾਹੀਂ, ਸੁਣਨ ਰਾਹੀਂ, ਮੰਨਣ ਰਾਹੀਂ ਗੁਰੂ ਸਾਹਿਬ ਕਦਮ ਕਦਮ ਉਤੇ ਜੈਵਿਕ ਸੀਮਾਵਾਂ ਵਿਚ ਬੱਝੀ ਮਾਨਵੀ ਹੋਂਦ ਨੂੰ ਬਦਲਣ ਦੀ ਪ੍ਰਕ੍ਰਿਆ ਵਿਚ ਪਏ ਨਜ਼ਰ ਆਉਂਦੇ ਹਨ ਅਤੇ ਨਾਲੋ ਨਾਲ ਇਹ ਗੱਲ ਸਮਝਾਈ ਜਾਂਦੇ ਹਨ ਕਿ ਹਉਂ ਦੇ ਆਧਾਰ ਉਤੇ ਘੜੀ ਚਾਤੁਰਤਾ ਇਸ ਪੱਖ ਵਿਚ ਕਦੇ ਵੀ ਕੰਮ ਨਹੀਂ ਆਉਂਦੀ, ਸਗੋਂ ਇਸ ਪੱਖ ਵਿਚ ਤਾਂ ਹਉਂ ਨੂੰ ਤਿਆਗਣ ਤੇ ਹੁਕਮ ਨੂੰ ਪਛਾਨਣ ਵਾਲੀ ਵਿਧੀ ਹੀ ਕੰਮ ਆ ਸਕਦੀ ਹੈ ।

ਅਸਲ ਵਿਚ ਹੁਕਮ ਦੇ ਅਧੀਨ ਵਿਚਰਨ ਵਾਲਾ ਵਿਅਕਤੀ ਇਕ ਨਵਾਂ ਜਨਮ ਧਾਰਦਾ ਹੈ । ਉਸ ਦਾ ਪਹਿਲਾ ਜਨਮ ਤਾਂ ਮਾਂ ਦੀ ਕੁਖੋਂ ਹੀ ਹੁੰਦਾ ਹੈ ਤੇ ਮਾਂ ਦੀ ਕੁਖੋਂ ਜਨਮ ਲੈ ਕੇ ਸੰਸਾਰ ਦੀ ਵਿਹਾਰਕ ਪ੍ਰਕ੍ਰਿਆ ਵਿਚ ਪਿਆ ਰਹਿੰਦਾ ਹੈ । ਇਸ ਦਾ ਨਿਸ਼ੇਧ ਗੁਰੂ ਸਾਹਿਬ ਨੇ ਆਪਣੀਆਂ ਹੋਰ ਬਾਣੀਆਂ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਕੀਤਾ ਹੈ । ਮਿਸਾਲ ਵਜੋਂ ਉਹ ਕਹਿੰਦੇ ਹਨ :

ਪਹਿਲੇ ਪਿਆਰ ਲਗਾ ਥਣ ਦੁੱਧ ।
ਦੂਜੇ ਮਾਈ ਬਾਪ ਦੀ ਸੁਧ ।
ਤੀਜੇ ਭਈਆ ਭਾਬੀ ਬੇਬ ।
ਚੌਥੇ ਪਿਆਰ ਉਪੰਨੀ ਖੇਡ ।
ਪੰਜਵੇਂ ਖਾਣ ਪੀਅਣ ਕੀ ਧਾਤ ।
ਛੇਵੇਂ ਕਾਮ ਨ ਪੁਛੇ ਜਾਤ ।
ਸਤਵੇਂ ਸੰਜ ਕੀਆ ਘਰ ਵਾਸ ।
ਅਠਵੇਂ ਕ੍ਰੋਧ ਹੋਆ ਤਨ ਨਾਸ ।
ਨਾਵੇਂ ਧੌਲੇ ਉਭੇ ਸਾਹ ।
ਗਏ ਸੁਗੀਤ ਪੁਕਾਰੀ ਧਾਹ ।
ਆਇਆ ਗਿਆ ਮੁਇਆ ਨਾਉ ।
ਪਿਛੈ ਪਤਲ ਸਦਿਉ ਕਾਉ ।
ਨਾਨਕ ਮਨਮੁਖ ਅੰਧੁ ਪਿਆਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਝ ਗੁਰੂ ਡੁਬਾ ਸੰਸਾਰ ।

(ਵਾਰ ਮਾਝ ਮਹਲਾ 1)

ਸਪਸ਼ਟ ਹੈ ਕਿ ਇਹਨਾਂ ਸਤਰਾਂ ਵਿਚ ਮਾਂ ਦੀ ਕੁਖੋਂ ਜਨਮ ਲੈਣ ਉਪਰੰਤ ਸੰਸਾਰ ਦੀ ਸਹਿਜ ਵਿਹਾਰਕਤਾ ਦੀ ਸਾਰੀ ਯਾਤਰਾ ਸਪਸ਼ਟ ਕਰ ਦਿੱਤੀ ਹੈ ਤੇ ਨਾਲ ਹੀ ਇਸ ਨੂੰ ਨਿਸ਼ੇਧ ਵੀ ਦਿੱਤਾ ਗਿਆ ਹੈ ਜਿਸ ਦਾ ਸਾਫ਼ ਅਰਥ ਇਹ ਹੈ ਕਿ ਗੁਰੂ ਨਾਨਕ ਪੰਜਾਬੀ ਸੰਸਕ੍ਰਿਤੀ ਦੇ ਇਤਿਹਾਸ ਵਿਚ ਜੈਵਿਕ ਹੋਂਦ ਦੇ ਸਹਿਜ ਵਿਕਾਸ ਦੀ ਨਿਰੰਤਰਤਾ ਨੂੰ ਭੰਗ ਕਰ ਕੇ ਉਸ ਨੂੰ ਦ੍ਰਿਸ਼ਟੀਸੰਪਨ ਮਾਨਵਤਾ ਵਿਚ ਬਦਲਣਾ ਚਾਹੁੰਦੇ ਹਨ । ਇਹ ਸੰਕਲਪ ਅਸਲ ਵਿਚ ਸੰਸਕ੍ਰਿਤੀ ਨਿਰਮਾਨ ਦਾ ਸੰਕਲਪ ਹੈ । ਪੱਛਮ ਵਿਚ ਵੀਹਵੀਂ ਸਦੀ ਦੇ ਦੂਸਰੇ ਅੱਧ ਤੋਂ ਸੰਸਕ੍ਰਿਤੀ ਵਿਗਿਆਨ ਦੀ ਗੱਲ ਤੁਰੀ ਹੈ ਅਤੇ ਇਹ ਮਹਿਸੂਸ ਕੀਤਾ ਗਿਆ ਹੈ ਕਿ ਮਨੁੱਖ ਦੀ ਮਨੁੱਖਤਾ ਜਕਰ ਕਿਤੇ ਜ਼ਾਹਰ ਹੁੰਦੀ ਹੈ ਤਾਂ ਉਹ ਸੰਸਕ੍ਰਿਤੀ ਵਿਚ ਹੀ ਹੁੰਦੀ ਹੈ ਤੇ ਸਸਕ੍ਰਿਤੀ ਪ੍ਰਬੰਧ ਆਪਣੀ ਪਿੱਠਭੂਮੀ ਵਿਚ ਰੂਪਾਂਤਰਣ ਦੀ ਪ੍ਰਕ੍ਰਿਆ ਸਾਂਭੀ ਬੈਠਾ ਹੈ । ਇਸ ਦੀ ਯਾਤਰਾ ਪ੍ਰਕਿਰਤੀ ਨੂੰ ਸੰਸਕ੍ਰਿਤੀ ਦੇ ਉਤਕ੍ਰਿਸ਼ਟ ਪਸਾਰਾਂ ਵਿਚ ਰੂਪਾਂਤ੍ਰਿਤ ਕਰਨ ਦੀ ਹੁੰਦੀ ਹੈ । ਇਹ ਰੂਪਾਂਤਰਣ-ਪ੍ਰਕ੍ਰਿਆ, ਜਿਵੇਂ ਕਿ ਅਸੀਂ ਪਹਿਲਾ ਵੀ ਜ਼ਿਕਰ ਕਰ ਆਏ ਹਾਂ, ਸਹਜ ਮੈਂ ਨੂੰ ਦ੍ਰਿਸ਼ਟੀਸੰਪਨ ਮੈਂ ਵਿਚ ਬਦਲਣ ਵਾਲੀ ਹੁੰਦੀ ਹੈ । ਸਹਜ ਮੈਂ ਪ੍ਰਾਕ੍ਰਿਤਿਕ ਹੈ । ਦ੍ਰਿਸ਼ਟੀਸੰਪਨ ਮੈਂ ਹੁਕਮ ਤਥਾ ਪ੍ਰਬੰਧ ਤਥਾ ਵਿਧਾਨ ਦੀ ਵਰੋਸਾਈ ਹੁੰਦੀ ਹੈ । ਪਰ ਪ੍ਰਾਕਿਰਤਿਕ ਮੈਂ ਤੋਂ ਦ੍ਰਿਸ਼ਟੀਸੰਪਨ ਮੈਂ ਤੀਕ ਦਾ ਸਫ਼ਰ ਕਈ ਸਾਧਨਾਂ ਤਥਾ ਵਿਚੋਲਗੀਰੀਆਂ ਰਾਹੀਂ ਨੇਪਰੇ ਚੜ੍ਹਦਾ ਹੈ । ਪੱਛਮੀ ਵਿਦਵਾਨ ਇਹਨਾਂ ਵਿਚੋਲਗੀਰੀਆਂ ਵਿਚ ਪਹਿਲ ਭਾਸ਼ਾ ਨੂੰ ਦੇਂਦੇ ਹਨ ਅਤੇ ਫਿਰ ਇਸ ਦੇ ਆਧਾਰ ਉਤੇ ਬਹੁ ਪੱਖਾ ਪ੍ਰਤੀਕ-ਵਿਗਿਆਨ ਤਥਾ ਚਿਹਨ-ਵਿਗਿਆਨ ਉਸਾਰਦੇ ਹਨ ਜੋ ਹਰ ਕਦਮ ਉਤੇ ਆਦਮੀਅਤ ਨੂੰ ਇਨਸਾਨੀਅਤ ਵਿਚ ਬਦਲਣ ਦਾ ਕਾਰਜ ਕਰਦਾ ਰਹਿੰਦਾ ਹੈ । ਗੁਰੂ ਨਾਨਕ ਦੇਵ ਇਹਨਾਂ ਪੱਛਮੀ ਵਿਦਵਾਨਾਂ ਤੋਂ ਬਹੁਤ ਪਹਿਲਾਂ ਸਾਂਸਕ੍ਰਿਤਿਕ ਸੰਜਮ ਦੇ ਇਸੇ ਮਾਡਲ ਨੂੰ ਪੇਸ਼ ਕਰ ਰਹੇ ਹਨ। ਜਪੁ ਜੀ ਵਿਚ ਉਹਨਾਂ ਨੇ ਇਸ ਵਿਥਾਨਮੂਲਕ ਰੂਪਾਂਤਰਣ ਦੀਆਂ ਉਹਨਾਂ ਵਿਧੀਆਂ ਦਾ ਜ਼ਿਕਰ ਵੀ ਕੀਤਾ ਹੈ ਜੋ ਵਿਚੋਲਗੀਰੀ ਦਾ ਕਾਰਜ ਕਰਦੀਆਂ ਹਨ । ਉਹਨਾਂ ਵਿਚੋਂ ਪ੍ਰਮੁੱਖ ਵਿਧੀ ਗੁਰੂ ਦੀ ਹੈ । ਅਰਥਾਤ ਗੁਰੂ ਸਹਿਜ ਹਉਂ ਵਿਚ ਵਿਗਸਿਤ ਹੋਈ ਮੈਂ ਨੂੰ ਭਰਮ ਵਿਚੋਂ ਕੱਢ ਕੇ ਗਿਆਨ ਦੇ ਰਾਹ ਉਤੇ ਪਾ ਦੇਂਦਾ ਹੈ । ਇਸ ਨਾਲ ਜੈਵਿਕ ਹੋਂਦ ਦੀ ਸਾਰੀ ਸ਼ਕਤੀ ਉਚੇਰੀ ਨਦਰ ਨਾਲ ਨਿਹਾਲ ਹੋ ਜਾਂਦੀ ਹੈ । ਜਦੋਂ ਗੁਰੂ ਸਾਹਿਬ ਕਹਿੰਦੇ ਹਨ :

ਮਤਿ ਵਿਚਿ ਰਤਨ ਜਵਾਹਰ ਮਾਣਕ
ਜੇ ਇਕ ਗੁਰ ਕੀ ਸਿਖ ਸੁਣੀ ॥

ਭਾਵ ਇਹ ਹੈ ਕਿ ਰਤਨਾਂ ਜਵਾਹਰਾਂ ਵਰਗੇ ਕੀਮਤੀ ਗੁਣ ਤਾਂ ਮਤਿ ਦੇ ਅੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਹਨ ਪਰ ਇਨ੍ਹਾਂ ਦੀ ਪਛਾਣ ਗੁਰੂ ਦੀ ਸਿਖਿਆ ਦੁਆਰਾ ਹੁੰਦੀ ਹੈ। ਸਪੱਸ਼ਟ ਹੈ ਕਿ ਗੁਰੂ ਇਕ ਐਸਾ ਖਵਟ ਜਾਂ ਵਸੀਲਾ ਹੈ, ਜੋ ਮਨੁੱਖ ਦੀ ਸਹਿਜ ਹਉਂ ਵਿਚ ਇਕ ਜੋਤਿ ਜਗਾ ਦੇਂਦਾ ਹੈ ਤੇ ਮਨੁੱਖ ਦਾ ਅਗਲਾ ਸਾਰਾ ਵਿਕਾਸ ਰੂਪਾਂਤ੍ਰਿਤ ਮੈਂ ਦੇ ਮਾਰਗ ਉਤੇ ਪੈ ਜਾਂਦਾ ਹੈ।

ਇਸ ਤੋਂ ਉਪਰੰਤ ਗੁਰੂ ਸਾਹਿਬ ਨੇ ਚਤੁਰਾਈ ਦੇ ਮੁਕਾਬਲੇ ਉਤੇ ਮਿਹਰ ਜਾਂ ਬਖ਼ਸ਼ਿਸ਼ ਦੀ ਵਿਚੋਲਗਿਰੀ ਦੀ ਗੱਲ ਵੀ ਸਮਝਾਈ ਹੈ। ਅੰਤਮ ਅਰਥਾਂ ਵਿਚ ਇਹ ਗੱਲ ਵੀ ਰੂਪਾਂਤ੍ਰਿਤ ਦ੍ਰਿਸ਼ਟੀ ਦੇ ਪ੍ਰਜਵਲਨ ਤਕ ਹੀ ਜਾ ਪੁੱਜਦੀ ਹੈ ਪਰ ਇਸ ਰਾਹੀਂ ਗੁਰੂ ਸਾਹਿਬ ਪਿੱਠ ਭੂਮੀ ਵਿਚ ਵਿਧਾਨਮੂਲਕ ਅਨਾਤਮੀ ਪ੍ਰਬੰਧ ਨੂੰ ਰੱਖ ਕੇ ਇਹ ਦੱਸਦੇ ਹਨ ਕਿ ਚਾਤੁਰਤਾ ਹਉਂ ਕੇਂਦਰਿਤ ਮੈਂ ਨੂੰ ਉਦੈਮਾਨ ਕਰਦੀ ਹੈ ਤੇ ਇਸ ਦੇ ਮੁਕਾਬਲੇ ਤੇ ਮਿਹਰ ਜਾਂ ਬਖ਼ਿਸ਼ਸ਼ ਹਉਂ ਵਿਹੀਨ ਤੇ ਹੁਕਮ ਅਧੀਨ ਮੈਂ ਨੂੰ ਪ੍ਰਕਾਸ਼ਮਾਨ ਕਰਦੀ ਹੈ।

ਇਸੀ ਤਰ੍ਹਾਂ ਗੁਰੂ ਸਾਹਿਬ ਇਹ ਵੀ ਸਮਝਾਉਂਦੇ ਹਨ ਕਿ ਉਪਰੋਕਤ ਜੁਗਤਾਂ ਤੋਂ ਬਿਨਾ ਸ਼ਬਦ ਦੀ ਜੁਗਤ ਵੀ ਅਤਿਅੰਤ ਮਹੱਤਵਸ਼ੀਲ ਹੈ। ਸ਼ਬਦ, ਜਿਸ ਨੂੰ ਗੁਰੂ ਨਾਨਕ ਦੇਵ ਜਪੁ ਜੀ ਵਿਚ ਵਿਸ਼ੇਸ਼ ਪ੍ਰਯੋਜਨ ਅਧੀਨ ਪ੍ਰਸਤੁਤ ਕਰਦੇ ਹਨ, ਸਾਧਾਰਨ ਬੋਲਚਾਲ ਦੀ ਭਾਸ਼ਾ ਤੋਂ ਵੱਖਰਾ ਹੈ ਅਤੇ ਗੁਰੂ ਸਾਹਿਬ ਦਾ ਮੱਤ ਹੈ ਕਿ ਇਹ ਸ਼ਬਦ ਭਾਸ਼ਾਈ ਪਰੰਪਰਾ ਦੀ ਸਮਰੱਥਾ ਰਾਹੀਂ ਤੇ ਇਤਿਆਦਿ ਹੋਰ ਦ੍ਰਿਸ਼ਟੀ ਨਿਰਮਾਨ ਕਰਨ ਵਾਲੀਆਂ ਜੁਗਤਾਂ ਰਾਹੀਂ ਘੜਿਆ ਜਾਂਦਾ ਹੈ, ਜਿਸ ਦਾ ਮਤਲਬ ਇਕ ਚੇਤੰਨ ਭਾਸ਼ਾ ਦੀ ਘਾੜਤ ਹੈ। ਇਹ ਚੇਤੰਨ ਭਾਸ਼ਾ ਨਿਸਚੇ ਹੀ ਦ੍ਰਿਸ਼ਟੀ ਰੂਪਾਂਤਰਣ ਦੇ ਕੰਮ ਆਉਂਦੀ ਹੈ। ਗੁਰੂ ਸਾਹਿਬ ਪ੍ਰਬੰਧ ਤੇ ਵਿਧਾਨ ਦੀ ਅਨਾਤਮੀ ਪ੍ਰਵਿਰਤੀ ਨੂੰ ਧਿਆਨ ਵਿਚ ਰੱਖਦਿਆਂ ਐਸੇ ਸ਼ਬਦ ਦੀ ਘਾੜਤ ਵਿਚ ਮਾਨਵੀ ਸਭਿਆਚਾਰ ਤੇ ਨੈਤਿਕਤਾ ਆਦਿ ਨਾਲ ਸੰਬੰਧਿਤ ਸਾਰੇ ਗੁਣ ਭਰ ਦੇਂਦੇ ਹਨ। ਆਪ ਲਿਖਦੇ ਹਨ :

ਜਤੁ ਪਾਹਾਰਾ ਧੀਰਜ ਸੁਨਿਆਰ ॥
ਅਹਿਰਣੁ ਮਤਿ ਵੇਦ ਹਥਿਆਰੁ ॥
ਭਉ ਖਲਾ ਅਗਨਿ ਤਪਤਾਉ ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ॥
ਘੜੀਐ ਸਬਦ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥

ਇਸ ਪਉੜੀ ਤੇ ਧਿਆਨ ਦਿੱਤਿਆਂ ਗੱਲ ਸਮਝ ਆਉਂਦੀ ਹੈ ਕਿ ਸ਼ਬਦ ਦੀ ਘਾੜਤ ਨਿਸ਼ਚੇ ਹੀ ਅਤਿਅੰਤ ਕਠਨ ਤਪੱਸਿਆ ਵਾਲਾ ਮਾਰਗ ਹੈ। ਜਿਵੇਂ ਸੁਨਿਆਰਾ ਆਪਣੇ ਸਾਰੇ ਹਥਿਆਰਾਂ ਦੀ ਵਰਤੋਂ ਰਾਹੀਂ ਤੇ ਆਪਣੀ ਤਕਨਾਲੋਜੀ ਦੀ ਮੱਦਦ ਰਾਹੀਂ ਧਾਤ ਨੂੰ ਪ੍ਰਚੰਡ ਅਗਨੀ ਵਿਚੋਂ ਲੰਘਾ ਕੇ, ਉਸ ਨੂੰ ਇਕ ਸੁੰਦਰ ਅਲੰਕਾਰ ਦਾ ਰੂਪ ਦੇ ਦੇਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਇਸੀ ਤਰ੍ਹਾਂ ਜਤੁ, ਧੀਰਜੁ, ਮਤ, ਵੇਦ, ਭਉ, ਤਪਤਾਉ, ਭਾਉ, ਅੰਮ੍ਰਿਤ ਆਦਿ ਦੇ ਮਿਸ਼ਰਣ ਰਾਹੀਂ ਸ਼ਬਦ ਦੀ ਘਾੜਤ ਹੁੰਦੀ ਹੈ ਤੇ ਇਹ ਸ਼ਬਦ ਪ੍ਰਾਪਤ ਉਸੇ ਨੂੰ ਹੁੰਦਾ ਹੈ, ਜਿਸ ਨੂੰ ਮਿਹਰ ਜਾਂ ਬਖ਼ਸ਼ਿਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰਕਾਰ ਸ਼ਬਦ ਇਕ ਮਹੱਤਵਸ਼ੀਲ ਵਿਚੋਲਗਿਰੀ ਦਾ ਕਾਰਜ ਨਿਭਾਂਦਾ ਹੈ । ਇਨ੍ਹਾਂ ਆਧਾਰਾਂ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਸਿਧਾਂਤ ਤੇ ਸ਼ਬਦ ਦੇ ਦੂਹਰੇ, ਦ੍ਵੰਦਾਤਮਕ ਅਤੇ ਅਨਿੱਖੜਵੇਂ ਸੰਬੰਧ ਰਾਹੀਂ ਉਤਕ੍ਰਿਸ਼ਟ ਨਦਰਿ ਦੀ ਘਾੜਤ ਨੂੰ ਦੱਸਿਆ ਹੈ ਤੇ ਮਾਨਵੀ ਸਭਿਆਚਾਰ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਇਸ ਦੀ ਜ਼ਰੂਰਤ ਨੂੰ ਵੀ ਦਰਸਾਇਆ ਹੈ। ਦ੍ਰਿਸ਼ਟੀ ਕਿਉਂਕਿ ਸ਼ਬਦ ਰਾਹੀਂ ਪ੍ਰਗਟ ਹੁੰਦੀ ਹੈ, ਇਸ ਲਈ ਗੁਰੂ ਨਾਨਕ ਦੇਵ ਰੂਪਾਂਤ੍ਰਿਤ ਦ੍ਰਿਸ਼ਟੀ ਦੇ ਇਸ ਮਾਰਗ ਨੂੰ ਦਰਸਾਣ ਲਈ ਇਸ ਨੂੰ ਨਾਮ ਤੇ ਅੱਖਰ ਨਾਲ ਵੀ ਜੋੜਦੇ ਹਨ । ਨਾਮ ਰਾਹੀਂ ਸਾਰੀ ਪ੍ਰਕ੍ਰਿਆ ਸੰਕਲਪਸ਼ੀਲ ਭਾਸ਼ਾ ਨਾਲ ਜਾ ਜੁੜਦੀ ਹੈ ਤੇ ਅੱਖਰ ਰਾਹੀਂ ਸਾਰੀ ਸਮੱਸਿਆ ਸਾਖਰਿਕ ਹੋ ਜਾਂਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਰੂਪਾਂਤ੍ਰਿਤ ਦ੍ਰਿਸ਼ਟੀ ਨੂੰ ਲਿਖਤੀ ਸੰਜਮ ਤੱਕ ਵੀ ਲੈ ਆਉਂਦੇ ਹਨ। ਪੰਜਾਬੀ ਦੇ ਸਭਿਆਚਾਰ-ਨਿਰਮਾਨ ਦੀ ਦ੍ਰਿਸ਼ਟੀ ਤੋਂ, ਉਪਰਲੀਆਂ ਗੱਲਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਮਾਨਵੀ ਦ੍ਰਿਸ਼ਟੀ ਦਾ ਰੂਪਾਂਤਰਣ ਕਰਨ ਵਾਲੀ ਰਚਨਾ 'ਜਪੁ ਜੀ' ਪੰਜਾਬੀ ਵਿਰਾਸਤ ਨੂੰ ਗੁਰੂ ਨਾਨਕ ਦੀ ਅਦੁੱਤੀ ਦੇਣ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਕੌਮੀ ਏਕਤਾ ਨੂੰ ਦੇਣ

ਭਾਰਤ ਦੇ ਪ੍ਰਸੰਗ ਵਿਚ ਕੌਮੀ ਏਕਤਾ ਦਾ ਭਾਵ ਭਾਰਤੀਅਤਾ ਨੂੰ ਇਕ ਅਖੰਡ ਇਕਾਗਰਤਾ ਵਿਚ ਨਿਸ਼ਚਿਤ ਕਰਨ ਨਾਲ ਜੁੜਿਆ ਹੋਇਆ ਹੈ । ਭਾਰਤ ਦੀ ਅਖੰਡ ਇਕਾਗਰਤਾ ਨੂੰ ਨਿਸ਼ਚਿਤ ਕਰਨ ਦੀ ਗੱਲ ਭਾਰਤ ਦੇ ਇਤਿਹਾਸ ਵਿਚ ਸਦੀਆਂ ਪੁਰਾਣੀ ਹੈ ਅਤੇ ਇਸ ਧਾਰਨਾ ਸੰਬੰਧੀ ਇਹ ਵੀ ਸੱਚ ਹੈ ਕਿ ਇਹ ਸਦਾ ਹੀ ਇਕ ਉਚੇਰੇ ਆਦਰਸ਼ ਦੀ ਸਿੱਧੀ ਤੇ ਪ੍ਰਤੀਤੀ ਦੇ ਰੂਪ ਵਿਚ ਭਾਰਤੀਆਂ ਦੇ ਸਨਮੁਖ ਰਹੀ ਹੈ । ਜਦੋਂ ਅਸੀਂ ਕੌਮੀ ਏਕਤਾ ਦੀ ਇਸ ਪਾਰਨਾ ਨੂੰ ਇਕ ਉਚੇਰੇ ਆਦਰਸ਼ ਦੇ ਅਰਥਾਂ ਵਿਚ ਸੰਕਲਪਦੇ ਹਾਂ ਤਾਂ ਉਦੋਂ ਸਾਡਾ ਭਾਵ ਵਿਸ਼ਿਸ਼ਟ ਯਥਾਰਥ ਤੋਂ ਵਿਆਪਕ ਆਦਰਸ਼ ਵਲ ਜਾਣ ਦਾ ਹੁੰਦਾ ਹੈ । ਮਾਨਵੀ ਸੰਸਕ੍ਰਿਤੀ ਦੇ ਵਿਕਾਸ ਵਿਚ ਯਥਾਰਥ ਤੇ ਆਦਰਸ਼ ਦਾ ਇਹ ਦ੍ਵੰਦ ਹਮੇਸ਼ਾ ਹੀ ਕਾਇਮ ਰਹਿੰਦਾ ਹੈ। ਯਥਾਰਥ ਤਾਂ ਪ੍ਰਦਤ ਮਾਨਵੀ ਪ੍ਰਸਥਿਤੀਆਂ ਨਾਲ ਸੰਬੰਧਿਤ ਹੁੰਦਾ ਹੈ ਤੇ ਆਦਰਸ ਉਚੇਰੇ ਮਾਨਵੀ ਉਦੇਸ਼ਾਂ ਤੇ ਟੀਰਿਆਂ ਦੀਆਂ ਭਵਿੱਖਾਰਥੀ ਸੰਭਾਵਨਾਵਾਂ ਨਾਲ ਜੁੜਿਆ ਹੁੰਦਾ ਹੈ। ਇਸ ਵਿਚੋਂ ਸਿੱਟੇ ਦੇ ਤੌਰ ਉਤੇ ਇਹ ਗੱਲ ਨਿਕਲਦੀ ਹੈ ਕਿ ਜਦ ਤੀਕ ਯਥਾਰਥ ਨੂੰ ਕਿਸੇ ਆਦਰਸ਼ ਅਧੀਨ ਸੰਗਠਿਤ ਜਾਂ ਪੁਨਰ ਸੰਗਠਿਤ ਨਾ ਕੀਤਾ ਜਾਏ, ਉਦੋਂ ਤੀਕ ਸੰਸਕ੍ਰਿਤੀ ਵਿਕਾਸ ਦੀ ਪ੍ਰਕਿਰਿਆ ਵਿਚ ਨਹੀਂ ਪੈਂਦੀ ਤੇ ਵਿਕਾਸ ਦੀ ਪ੍ਰਕਿਰਿਆ ਵਿਚ ਨਾ ਪੈਣ ਵਾਲੀ ਸੰਸਕ੍ਰਿਤੀ ਚੇਤੰਨ-ਦ੍ਰਿਸ਼ਟੀ ਵਿਹੀਨ ਮਾਨਵੀ ਰਹਤਲ ਦੀਆਂ ਸੀਮਾਵਾਂ ਵਿਚ ਬੱਝ ਕੇ ਰਹਿ ਜਾਂਦੀ ਹੈ । ਰਹਤਲ ਮਾਨਵੀ ਸਮੁਦਾਇ ਦੇ ਰਹਿਣ-ਸਹਿਣ ਨੂੰ ਨਿਸ਼ਚਿਤ ਕਰਨ ਵਾਲੀ ਪ੍ਰਾਕਿਰਤਿਕ ਅਵਸਥਾ ਹੁੰਦੀ ਹੈ। ਇਸ ਪ੍ਰਾਕਿਰਤਿਕ ਅਵਸਥਾ ਨੂੰ ਉਲੰਘਣ ਤੋਂ ਬਿਨਾਂ ਭਵਿੱਖਮੁਖੀ ਯਾਤਰਾ ਸੰਭਵ ਨਹੀਂ ਅਤੇ ਇਹ ਉਲੰਘਣਾ ਆਦਰਸ਼-ਚੇਤੰਨਤਾ ਬਿਨਾਂ ਸੰਭਵ ਨਹੀਂ ।

ਭਾਰਤ ਦੇ ਪ੍ਰਸੰਗ ਵਿਚ ਇਸ ਦਾ ਮਹੱਤਵ ਰਤਾ ਕੁ ਹੋਰ ਵੀ ਜ਼ਿਆਦਾ ਹੈ। ਕਾਰਣ ਇਹ ਹੈ ਕਿ ਭਾਰਤ ਆਪਣੇ ਭੂਗੋਲ ਦੇ ਆਧਾਰ ਤੇ ਇਕ ਅਤਿਅੰਤ ਵਿਰਾਟ ਚਿਤਰ-ਪਟ ਨੂੰ ਸਥਾਪਿਤ ਕਰਦਾ ਹੈ। ਇਸ ਚਿਤਰ-ਪਟ ਉਪਰ ਮਾਨਵੀ ਰਹਤਲ ਦੇ ਵੰਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਵੰਨੇ ਦ੍ਰਿਸ਼ ਉਘੜਦੇ ਹਨ। ਰਹਤਲ ਦੇ ਦ੍ਰਿਸ਼ਾਂ ਵਿਚ ਸਭ ਤੋਂ ਵੱਡੀ ਵੰਨ-ਸੁਵੰਨਤਾ ਭਾਸ਼ਾ ਦੀ ਹੁੰਦੀ ਹੈ। ਅੱਜ ਭਾਰਤ ਵਿਚ ਭਾਸ਼ਾਈ ਚੇਤੰਨਤਾ ਦੇ ਆਧਾਰ ਉਤੇ ਕਈ ਪ੍ਰਦੇਸ਼ਾਂ ਨੂੰ ਪੁਨਰਸੰਗਠਨ ਦਿੱਤਾ ਗਿਆ ਹੈ, ਪਰੰਤੂ ਇਹ ਭਾਸ਼ਾਈ ਵੰਨ-ਸੁਵੰਨਤਾ ਭਾਰਤ ਦੇ ਅਵਚੇਤਨ ਦਾ ਪ੍ਰਾਕਿਰਤਕ ਭਾਗ ਹੈ। ਇਸ ਆਧਾਰ ਉਤੇ ਭਾਰਤ ਨੂੰ ਸੰਕਲਪਣ ਲੱਗਿਆਂ ਇਹ ਗੱਲ ਕਹੀ ਜਾ ਸਕਦੀ ਹੈ ਕਿ ਵਿਵਿਧ ਭਾਸ਼ਾਈ ਪ੍ਰਣਾਲੀਆਂ ਭਾਰਤ ਦੇਸ਼ ਦਾ ਸੱਚ ਹਨ। ਜੇ ਇਹ ਗੱਲ ਮੰਨ ਲਈ ਜਾਏ ਤਾਂ ਇਸ ਭਾਸ਼ਾਈ ਵਿਧਿਧਤਾ ਦੀ ਪਿੱਠਭੂਮੀ ਵਿਚ ਕੰਮ ਕਰਦੀ ਰਹਤਲ ਵੀ ਵਿਵਿਧ ਪ੍ਰਣਾਲੀਆਂ ਵਿਚ ਹੀ ਜ਼ਾਹਰ ਹੁੰਦੀ ਹੈ। ਇਸੇ ਲਈ ਵਿਦਵਾਨਾਂ ਨੇ ਭਾਰਤ ਦੀ ਵਿਵਿਧਤਾ ਨੂੰ ਹੀ ਇਸ ਦੀ ਪਛਾਣ ਦਾ ਚਿਹਨ ਮੰਨਿਆ ਹੈ।

ਵਿਵਿਧਤਾ ਦਾ ਇਹ ਯਥਾਰਥ ਭਾਵੇਂ ਭਾਰਤ ਦੇ ਚਿਤਰ-ਪਟ ਉਤੇ ਇਕ ਜੀਵੰਤ ਵੰਨ-ਸੁਵੰਨਤਾ ਦਾ ਦ੍ਰਿਸ਼ ਪ੍ਰਸਤੁਤ ਕਰਦਾ ਹੈ, ਪਰ ਇਸ ਵਿਚੋਂ ਐਸੀਆਂ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ ਜੋ ਇਸ ਵਿਵਿਧਤਾ ਨੂੰ ਨਿਯੰਤ੍ਰਣ ਵਿਚ ਰੱਖ ਸਕਣ ਉਪਰ ਆਕ੍ਰਮਣ ਕਰਦੀਆਂ ਹਨ। ਇਸੇ ਲਈ ਵਿਦਵਾਨ ਤੇ ਦ੍ਰਿਸ਼ਟੀਪਰਕ ਦਾਰਸ਼ਨਿਕ ਇਸ ਵਿਵਿਧਤਾ ਨੂੰ ਏਕਤਾ ਦੇ ਆਦਰਸ਼ ਅਧੀਨ ਬਦਲਦੀਆਂ ਪ੍ਰਸਥਿਤੀਆਂ ਵਿਚ ਸੁਗਠਿਤ ਤਥਾ ਪੁਨਰਸੁਗਠਿਤ ਕਰਨ ਦਾ ਉਪਰਾਲਾ ਵੀ ਕਰਦੇ ਰਹੇ ਹਨ ਤੇ ਭਾਰਤੀਆਂ ਨੂੰ ਇਸ ਪੱਖ ਤੋਂ ਸੁਚੇਤ ਵੀ ਕਰਦੇ ਰਹੇ ਹਨ। ਇਸੇ ਪ੍ਰਸਥਿਤੀ ਵਿਚੋਂ ਇਹ ਧਾਰਨਾ ਪੈਦਾ ਹੋਈ ਲੱਗਦੀ ਹੈ ਕਿ ਭਾਰਤ ਤਾਂ ਵਿਵਿਧਤਾ ਵਿਚ ਏਕਤਾ ਦਾ ਨਾਮ ਹੈ।

ਜਦੋਂ ਅਸੀਂ ਇਸ ਦਾਰਸ਼ਨਿਕ ਪਿਠ-ਭੂਮੀ ਦੇ ਆਧਾਰ ਉਤੇ ਕੌਮੀ ਏਕਤਾ ਦੇ ਆਦਰਸ਼ ਨੂੰ ਨਾਲ ਲੈ ਕੇ ਪੰਜਾਬੀ ਸਾਹਿਤ ਵਿਚੋਂ ਲੰਘਦੇ ਹਾਂ ਤਾਂ ਸਾਨੂੰ ਉਪਰੋਕਤ ਵਿਚ ਸੰਕਲਪਿਤ ਪ੍ਰਸਤਾਵਾਂ ਪ੍ਰਤੀ ਅਤਿਅੰਤ ਪ੍ਰਮਾਣਿਕ ਸੂਚਨਾ ਮਿਲਦੀ ਜਾਂਦੀ ਹੈ ਅਤੇ ਇਹ ਗੱਲ ਬਾਰ ਬਾਰ ਸਾਡੇ ਸਾਹਮਣੇ ਆਉਂਦੀ ਹੈ ਕਿ ਜਦੋਂ ਜਦੋਂ ਵਿਵਿਧਤਾ ਦਾ ਯਥਾਰਥ ਏਕਤਾ ਦੇ ਆਦਰਸ਼ ਨਾਲੋਂ ਟੁੱਟ ਜਾਂਦਾ ਰਿਹਾ ਹੈ। ਭਾਰਤ ਅਤਿਅੰਤ ਦੁਖਾਂਤਕ ਸਮੱਸਿਆਵਾਂ ਵਿਚ ਗ੍ਰਸਤ ਰਿਹਾ ਹੈ ਤੇ ਜਦੋਂ ਇਸ ਏਕਤਾ ਦੇ ਆਦਰਸ਼ ਸੰਬੰਧੀ ਚੇਤੰਨਤਾ ਇਸ ਨਾਲ ਜੁੜਦੀ ਰਹੀ ਹੈ ਤਾਂ ਇਸ ਦਾ ਤਾਲ ਕਾਇਮ ਰਹਿੰਦਾ ਰਿਹਾ ਹੈ ਤੇ ਸਾਂਸਕ੍ਰਿਤਕ ਵਿਕਾਸ ਦੀਆਂ ਲਹਿਰਾਂ ਚਲ ਚਲ ਕੇ ਭਾਰਤੀਅਤਾ ਦੇ ਭੰਡਾਰ ਭਰਦੀਆਂ ਰਹੀਆਂ ਹਨ।

ਅਸੀਂ ਪੰਜਾਬੀ ਸਾਹਿਤ ਦੇ ਸੰਬੰਧ ਵਿਚ ਆਪਣੀ ਗੱਲ ਮੱਧਕਾਲੀ ਪੰਜਾਬੀ ਸਾਹਿਤ ਦੀ ਪਰੰਪਰਾ ਤੋਂ ਸ਼ੁਰੂ ਕਰ ਲੈਂਦੇ ਹਾਂ। ਪੰਜਾਬੀ ਦਾ ਪਹਿਲਾ ਪ੍ਰਮਾਣਿਕ ਕਵੀ ਫ਼ਰੀਦ ਸ਼ੱਕਰਗੰਜ ਹੋਇਆ ਹੈ। ਇਸ ਨੇ ਸੂਫ਼ੀ ਸੰਪ੍ਰਦਾਇ ਦੇ ਅਧੀਨ ਆਪਣੀ ਬਾਣੀ ਰਾਹੀਂ ਆਪਣੀ ਪੰਜਾਬੀਅਤ ਤੇ ਭਾਰਤੀਅਤਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਜਾਬੀਅਤ ਫ਼ਰੀਦ ਵਿਚ ਉਸ ਦੀ ਆਪਣੀ ਹੈ। ਇਸ ਪੰਜਾਬੀਅਤ ਨੂੰ ਭਾਰਤੀਅਤਾ ਦੇ ਅਰਥਾਂ ਵਿਚ ਸੰਕਲਪਣ ਦਾ ਇਰਾਦਾ ਪੱਤਰ-ਲੇਖਕ ਦਾ ਹੈ, ਕਿਉਂਕਿ ਵਿਸ਼ਿਸ਼ਟਤਾ ਤੋਂ ਵਿਆਪਕਤਾ, ਯਥਾਰਥ ਤੋਂ ਆਦਰਸ਼ ਤੇ ਅਵਚੇਤਨ ਤੋਂ ਚੇਤੰਨ ਵਲ ਦਾ ਸਫ਼ਰ ਹੀ ਵਿਰਾਸਤ ਨੂੰ ਪ੍ਰਾਸੰਗਿਕਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਪਦ ਉਪਰ ਲਿਆਣਾ ਹੈ। ਅਸੀਂ ਆਪਣੀ ਕਹੀ ਗੱਲ ਦੀ ਪ੍ਰਮਾਣਿਕਤਾ ਨੂੰ ਉਘਾੜਨ ਲਈ ਫ਼ਰੀਦ-ਬਾਣੀ ਵਿਚ ਪਰਵੇਸ਼ ਕਰਦੇ ਹਾਂ। ਸਭ ਤੋਂ ਪਹਿਲਾਂ ਸਾਡੇ ਸਾਹਮਣੇ ਇਸ ਬਾਣੀ ਦੀ ਭਾਸ਼ਾ ਆਉਂਦੀ ਹੈ। ਇਸ ਨੁਕਤੇ ਤੋਂ ਸਾਨੂੰ ਕੁਝ ਖਾਸ ਗੱਲਾਂ ਦੀ ਸੂਚਨਾ ਮਿਲਦੀ ਹੈ। ਇਕ ਤਾਂ ਇਹ ਕਿ ਫ਼ਰੀਦ ਆਪਣੇ ਇਲਾਕੇ ਦੀ ਲਹਿੰਦੀ ਤਥਾ ਮੁਲਤਾਨੀ ਵਿਚ ਆਪਣਾ ਸੰਦੇਸ਼ ਦਿੰਦਾ ਹੈ। ਇਹ ਉਸ ਦੀ ਪ੍ਰਾਕਿਰਤਿਕ ਭਾਸ਼ਾ ਵਿਚ ਆਪਣੀ ਗੱਲ ਕਹਿਣ ਦੀ ਪਰਵਿਰਤੀ ਹੈ। ਇਸ ਤੋਂ ਉਪਰੰਤ ਫ਼ਰੀਦ ਪੰਜਾਬੀ ਭਾਸ਼ਾ ਦੇ ਰਤਾ ਕੁ ਵਿਸ਼ਾਲ ਚਿਤਰ-ਪਟ ਉਪਰ ਵੀ ਆਪਣੇ ਵਿਚਾਰਾਂ ਨੂੰ ਪੇਸ਼ ਕਰਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਲਹਿੰਦੀ ਦੇ ਨਾਲ ਨਾਲ ਫ਼ਰੀਦ ਕੇਂਦਰੀ ਪੰਜਾਬੀ ਨਾਲ ਵੀ ਜੁੜਿਆ ਹੋਇਆ ਹੈ। ਲਹਿੰਦੀ ਤੇ ਕੇਂਦਰੀ ਪੰਜਾਬੀ ਦੇ ਇਹ ਦੋਵੇਂ ਖੰਡ ਮਿਲ ਕੇ ਪੰਜਾਬੀਅਤ ਦੀ ਪਛਾਣ ਦੀ ਨਿਸ਼ਾਨਦੇਹੀ ਕਰਦੇ ਹਨ। ਪਰ ਫ਼ਰੀਦ ਆਪਣੀ ਗੱਲ ਨੂੰ ਇਥੋਂ ਤਕ ਹੀ ਸੀਮਿਤ ਨਹੀਂ ਰੱਖਦਾ। ਉਹ ਆਪਣੀ ਗੱਲ ਦੇ ਸੰਚਾਰ ਲਈ ਉਸ ਭਾਸ਼ਾਈ ਮਾਧਿਅਮ ਨੂੰ ਵੀ ਅਪਣਾਂਦਾ ਹੈ, ਜੋ ਉਸ ਸਮੇਂ ਦੇ ਸਾਧੂ ਲੋਕ ਵਰਤੋਂ ਵਿਚ ਲਿਆ ਰਹੇ ਸਨ। ਇਸ ਤਰ੍ਹਾਂ ਫ਼ਰੀਦ-ਬਾਣੀ ਭਾਸ਼ਾ ਦੇ ਆਧਾਰ ਤੇ ਯਥਾਰਥ ਤੇ ਆਦਰਸ਼ ਦੋਹਾਂ ਦਾ ਸੰਮਿਲਨ ਕਰ ਕੇ ਤੁਰਦੀ ਹੈ। ਅਸੀਂ ਮਿਸਾਲਾਂ ਲੈਂਦੇ ਹਾਂ :

1. ਫ਼ਰੀਦਾ ਜੇ ਜਾਣਾ ਤਿਲ ਥੋੜੜੇ,
   ਸੰਭਲ ਬੁਕ ਭਰੀ।
   ਜੇ ਜਾਣਾ ਸ਼ਹੁ ਨਢੜਾ
   ਤਾਂ ਥੋੜਾ ਮਾਣ ਕਰੀਂ।
2. ਜੇ ਜਾਣਾ ਲੜ ਛਿਜਣਾ,
   ਪੀਡੀ ਪਾਈਂ ਗੰਢ।
   ਤੈਂ ਜੇਵਡ ਮੈਂ ਨਾਹਿ ਕੇ.
   ਸਭ ਜਗ ਡਿੱਠਾ ਹੰਡਿ।

ਇਨ੍ਹਾਂ ਸਲੋਕਾਂ ਦਾ ਭਾਸ਼ਾਈ ਮੁਹਾਵਰਾ ਲਹਿੰਦੀ ਵਾਲਾ ਹੈ। ਇਸ ਤਰ੍ਹਾਂ ਦੇ ਹੋਰ ਬੇਅੰਤ ਸਲੋਕ ਫ਼ਰੀਦ-ਬਾਣੀ ਵਿਚੋਂ ਢੂੰਡੇ ਜਾ ਸਕਦੇ ਹਨ। ਇਸੀ ਤਰ੍ਹਾਂ ਫ਼ਰੀਦ ਲਹਿੰਦੀ ਤੋਂ ਸਰਕ ਕੇ ਕੇਂਦਰੀ ਮੁਹਾਵਰੇ ਵਾਲੀ ਭਾਸ਼ਾ ਵਿਚ ਵੀ ਆਪਣੀ ਗੱਲ ਕਹਿੰਦਾ ਹੈ। ਮਿਸਾਲ ਵਜੋਂ :

1. ਅਜ ਨ ਸੁਤੀ ਕੰਤ ਸਿਉਂ
   ਅੰਗ ਮੁੜੇ ਮੁੜਿ ਜਾਇ।
   ਜਾਇ ਪੁਛੋ ਡੁਹਾਗਣੀ
   ਤੁਮ ਕਿਆ ਰੈਣ ਵਿਹਾਇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਮੈਂ ਜਾਣਿਆ ਦੁਖ ਮੁਝ ਕੋ
ਦੁਖ ਸਬਾਇਆ ਜਗ ।
ਊਚੈ ਚੜ ਕੇ ਦੇਖਿਆ
ਤਾਂ ਘਰਿ ਘਰਿ ਏਹਾ ਅਗ ।

3. ਫ਼ਰੀਦਾ ਰਾਤੀ ਵਡੀਆਂ,
ਧੁਖ ਧੁਖ ਉੱਠਨ ਪਾਸ ।
ਧ੍ਰਿਗ ਤਿਨਾ ਦਾ ਜੀਵਿਆ
ਜਿਨ੍ਹਾ ਵਿਡਾਣੀ ਆਸ ।

ਇਸ ਤੋਂ ਬਿਨਾਂ ਫ਼ਰੀਦ ਨੇ ਸਾਧ-ਭਾਖਾ ਤਥਾ ਬ੍ਰਜ-ਭਾਸ਼ਾ ਦਾ ਪ੍ਰਯੋਗ ਵੀ ਕੀਤਾ। ਜਦੋਂ ਉਹ ਕਹਿੰਦਾ ਹੈ :

ਤਪ ਤਪ ਲੋਹਿ ਲੋਹਿ ਹਾਥ ਮਰੋਰਉ ।
ਬਾਵਲ ਹੋਈ ਸੋ ਸਹੁ ਲੋਰਉ ।
ਤੈ ਸਹਿ ਮਨ ਮਹਿ ਕੀਆ ਰੋਸ ।
ਮੁਝ ਅਉਗਣ ਸਹ ਨਾਹੀ ਦੋਸ ।

ਸਾਧ-ਭਾਖਾ ਕਿਸੇ ਇਲਾਕੇ ਦੀ ਭਾਸ਼ਾ ਨਹੀਂ। ਇਹ ਤਾਂ ਇਕ ਐਸਾ ਆਦਰਸ਼ ਮਾਧਿਅਮ ਹੈ, ਜਿਸ ਰਾਹੀਂ ਸੰਚਾਰ ਦੀਆਂ ਸੀਮਾਵਾਂ ਨੂੰ ਉਲੰਘਿਆ ਗਿਆ ਹੈ। ਮੱਧਕਾਲ ਦੇ ਸਾਰੇ ਪੰਜਾਬੀ ਸਾਹਿਤ ਵਿਚ ਇਸ ਆਦਰਸ਼ ਮਾਧਿਅਮ ਨੂੰ ਅਪਣਾ ਕੇ ਸਾਹਿਤਕਾਰਾਂ ਨੇ ਆਪਣੀ ਵਿਸ਼ਿਸ਼ਟ ਭਾਸ਼ਾਈ ਸੀਮਾਂ ਤੋਂ ਨਿਰਸੰਕੋਚ ਤੁਰ ਕੇ ਵਿਆਪਕ ਸੰਚਾਰ ਮਾਧਿਅਮ ਨੂੰ ਅਪਨਾਉਣ ਦਾ ਪ੍ਰਯਾਸ ਕੀਤਾ। ਭਾਸ਼ਾ ਪ੍ਰਤੀ ਇਹ ਦ੍ਰਿਸ਼ਟੀਕੋਣ ਪੱਤਰ-ਲੇਖਕ ਦੀ ਜਾਚੇ ਇਕ ਅਤਿਅੰਤ ਨਿਰੋਗ ਦ੍ਰਿਸ਼ਟੀਕੋਣ ਹੈ, ਕਿਉਂਕਿ ਭਾਸ਼ਾ ਦਾ ਕੰਮ ਕੇਵਲ ਇਲਾਕਾਈ ਮੋਹ ਨਾਲ ਨਹੀਂ ਮੁੱਕ ਜਾਂਦਾ। ਭਾਸ਼ਾ ਨੇ ਤਾਂ ਸੰਚਾਰ ਦੇ ਕਈ ਮਰਹਲੇ ਪਾਰ ਕਰਨੇ ਹੁੰਦੇ ਹਨ। ਇਸ ਤਰ੍ਹਾਂ ਇਹ ਸਫ਼ਰ ਮੋਹ ਤੋਂ ਜਗਿਆਸ ਦਾ ਸਫ਼ਰ ਹੈ ਤੇ ਭਾਰਤ ਦੇ ਪ੍ਰਸੰਗ ਵਿਚ ਇਹ ਸਫ਼ਰ ਵਿਵਿਧਤਾ ਤੋਂ ਆਦਰਸ਼ੀ ਏਕਤਾ ਵੱਲ ਜਾਣ ਦਾ ਸਫ਼ਰ ਹੈ।

ਇਹ ਹੀ ਗੱਲ ਅੱਗੋਂ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਪਰੰਪਰਾ ਨੂੰ ਅਤਿਅੰਤ ਪ੍ਰਮਾਣਿਕ ਅਰਥਾਂ ਵਿਚ ਨਿਸ਼ਚਿਤ ਕਰਨ ਵਾਲੀ ਗੁਰਬਾਣੀ ਦੀ ਪ੍ਰਣਾਲੀ ਰਾਹੀਂ ਹੋਰ ਉਘੜਵੇਂ ਅਰਥਾਂ ਵਿਚ ਸਿੱਧ ਹੁੰਦੀ ਹੈ। ਗੁਰਬਾਣੀ ਵਿਚ ਗੁਰੂਆਂ ਨੇ ਲਹਿੰਦੀ ਤੇ ਕੇਂਦਰੀ ਪੰਜਾਬੀ ਨੂੰ ਆਧਾਰ ਬਣਾ ਕੇ ਇਸ ਉਪਰ ਉਸ ਆਦਰਸ਼ ਭਾਸ਼ਾਈ ਮਾਧਿਅਮ ਦਾ ਉਸਾਰ ਖੜਾ ਕੀਤਾ ਹੈ, ਜਿਸ ਵਿਚ ਮੱਧਕਾਲ ਦੇ ਲਗਭਗ ਸਾਰੇ ਭਾਰਤ ਦੀਆਂ ਭਾਸ਼ਾਵਾਂ ਦਾ ਮਿਸ਼ਰਣ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਆਦਿ ਗ੍ਰੰਥ ਦਾ ਭਾਸ਼ਾਈ ਮਾਧਿਅਮ ਇਕ ਸਰਬ-ਸਾਂਝਾ ਸੰਚਾਰ-ਮਾਧਿਅਮ ਬਣ ਨਿੱਬੜਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ ਵਿਚੋਂ ਮਿਸਾਲਾਂ ਇਸ ਪੱਖ ਵਿਚ ਬੇਅੰਤ ਦਿੱਤੀਆਂ ਜਾ ਸਕਦੀਆਂ ਹਨ। ਪਰ ਗੁਰਬਾਣੀ ਦਾ ਆਦਿ-ਗ੍ਰੰਥ ਵਿਚ ਸੰਪਾਦਨ-ਵਿਧਾਨ ਇਨ੍ਹਾਂ ਮਿਸਾਲਾਂ ਨਾਲੋਂ ਕਿਤੇ ਵੱਧ ਉਪਰੋਕਤ ਮੱਤ ਦੀ ਪ੍ਰੋੜ੍ਹਤਾ ਕਰਦਾ ਹੈ। ਇਸ ਵਿਧਾਨ ਵਿਚ ਗੁਰੂ ਅਰਜਨ ਦੇਵ ਨੇ ਗੁਰੂ ਘਰ ਦੀ ਬਾਣੀ ਦੇ ਨਾਲ ਨਾਲ ਮੱਧਕਾਲੀ ਭਗਤਾਂ ਤੇ ਸੰਤਾਂ ਦੀ ਬਾਣੀ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਹੈ। ਸੂਫ਼ੀਆਂ ਦੀ ਬਾਣੀ ਵੀ ਇਸ ਵਿਚ ਆਈ ਹੈ। ਇਸ ਨਾਲ ਸੰਸਕ੍ਰਿਤੀ ਦੇ ਆਦਰਸ਼ ਆਧਾਰੀ ਪੱਖ ਤੋਂ ਗੁਰਬਾਣੀ-ਕਲਚਰ ਦੀ ਭਾਰਤੀ ਏਕਤਾ ਨੂੰ ਨਿਸ਼ਚਿਤ ਕਰਨ ਲਈ ਇਕ ਵਿਸ਼ੇਸ਼ ਦੇਣ ਜ਼ਾਹਰ ਹੋ ਜਾਂਦੀ ਹੈ। ਅਰਥਾਤ ਮੱਧਕਾਲ ਵਿਚ ਗੁਰੂਆਂ ਭਗਤਾਂ ਨੇ ਸਾਂਸਕ੍ਰਿਤਿਕ ਸਦਭਾਵਨਾ ਨੂੰ ਆਪਣੇ ਧਿਆਨ ਵਿਚ ਰੱਖਦਿਆਂ, ਇਸ ਆਦਰਸ਼ ਦੀ ਸਿੱਧੀ ਤੇ ਪ੍ਰਤੀਤੀ ਲਈ ਭਾਸ਼ਾ ਤੇ ਇਲਾਕਾਈ ਮੋਹ ਨਾਲੋਂ ਕਿਤੇ ਵੱਧ ਮਹੱਤਾ, ਭਾਸ਼ਾ ਦੇ ਉਸ ਆਦਰਸ਼ ਮਾਧਿਅਮ ਨੂੰ ਵਰਤੋਂ ਵਿਚ ਲਿਆਉਣ ਉਤੇ ਦਿੱਤੀ ਹੈ, ਜਿਸ ਨਾਲ ਸੰਦੇਸ਼ ਦਾ ਪ੍ਰਚਾਰ ਭਾਰਤ ਦੇ ਵੱਖ ਵੱਖ ਇਲਾਕਿਆਂ ਤੀਕ ਕੀਤਾ ਜਾ ਸਕੇ।

ਅੱਜ ਦੇ ਭਾਰਤ ਵਿਚ ਭਾਸ਼ਾ ਦੇ ਆਧਾਰ ਉਪਰ ਪ੍ਰਦੇਸ਼ੀ ਸੰਸਕ੍ਰਿਤੀ ਨੂੰ ਪ੍ਰੋਤਸਾਹਨ ਦੇਣ ਲਈ ਉਚੇਚਾ ਉਤਸ਼ਾਹ ਦਿਖਾਇਆ ਜਾ ਰਿਹਾ ਹੈ। ਪਰ ਆਸ ਤਾਂ ਇਹ ਸੀ ਕਿ ਇਸ ਦੁਆਰਾ ਪੈਦਾ ਹੋਣ ਵਾਲੀ ਸਾਂਸਕ੍ਰਿਤਿਕ ਜਾਗ੍ਰਤੀ ਕੌਮੀ ਏਕਤਾ ਨੂੰ ਦ੍ਰਿੜ੍ਹ ਕਰੇਗੀ ਪਰ ਹੋ ਇਹ ਰਿਹਾ ਹੈ ਕਿ ਇਲਾਕਾਈ ਭਾਸ਼ਾਵਾਂ ਦੀ ਉੱਨਤੀ ਦੇ ਨਾਲ ਨਾਲ ਸਾਂਸਕ੍ਰਿਤਕ ਸੰਕੀਰਣਤਾ ਐਸੀ ਜਾਗ੍ਰਿਤ ਹੋ ਗਈ ਹੈ ਕਿ ਭਾਰਤ ਦੀ ਏਕਤਾ ਤੇ ਇਕਾਗ੍ਰਤਾ ਇਸ ਦੇ ਹਵਾਲੇ ਹੁੰਦੀ ਜਾ ਰਹੀ ਹੈ। ਇਹ ਹੀ ਕਾਰਣ ਹੈ ਕਿ ਇਸ ਸੰਕਟ ਦੀ ਘੜੀ ਵਿਚ ਕੌਮੀ ਏਕਤਾ ਦੇ ਆਦਰਸ਼ ਦੀ ਗੱਲ ਦੁਹਰਾਈ ਜਾਣੀ ਬੜੀ ਜ਼ਰੂਰੀ ਹੈ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਉਪਰੰਤ ਅਸੀਂ ਪੰਜਾਬੀ ਸਾਹਿਤ ਤੇ ਸੰਸਕ੍ਰਿਤੀ ਦੇ ਹੋਰ ਪੱਖਾਂ ਨੂੰ ਵੀ ਕੌਮੀ ਏਕਤਾ ਦੀ ਦ੍ਰਿਸ਼ਟੀ ਤੋਂ ਵਾਚਣ ਦਾ ਪ੍ਰਯਾਸ ਕਰ ਸਕਦੇ ਹਾਂ। ਜਦੋਂ ਅਸੀਂ ਭਾਸ਼ਾ ਦੀ ਤਹਿ ਤੋਂ ਤੁਰ ਕੇ, ਅਰਥ-ਸੰਗਠਨ ਦੀਆਂ ਤਹਿਆਂ ਵਿਚ ਪਰਵੇਸ਼ ਕਰਦੇ ਹਾਂ, ਤਾਂ ਸਾਨੂੰ ਆਪਣੇ ਵਿਰਸੇ ਦੀਆਂ ਮੌਖਿਕ ਤੇ ਸਾਖਰਿਕ ਪ੍ਰਣਾਲੀਆਂ ਵਿਚ ਅਚੇਤ ਤੇ ਸੁਚੇਤ ਦੋਹਾਂ ਪੱਧਰਾਂ ਉਪਰ ਐਸੇ ਮੋਟਿਫ਼ ਕੰਮ ਕਰਦੇ ਨਜ਼ਰ ਆਉਂਦੇ ਹਨ ਜੋ ਵਿਸ਼ਿਸ਼ਟ ਇਲਾਕਾਈ ਯਥਾਰਥ ਤੇ ਅਖੰਡ ਭਾਰਤੀ ਆਦਰਸ਼ ਦੋਹਾਂ ਨੂੰ ਆਪਣੇ ਵਿਚ ਸੰਮਿਲਿਤ ਕਰਕੇ ਚਲਦੇ ਹਨ। ਅਸੀਂ ਆਪਣੀ ਗੱਲ ਮੌਖਿਕ ਪ੍ਰਣਾਲੀ ਤਥਾ ਪੰਜਾਬ ਦੀ ਲੋਕਧਾਰਾ ਤੋਂ ਸ਼ੁਰੂ ਕਰਦੇ ਹਾਂ। ਅਸੀਂ ਪੰਜਾਬ ਦੇ ਗੀਤਾਂ ਨੂੰ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਗੀਤਾਂ ਵਿਚ ਸਾਡੇ ਨਾਇਕ ਉਹ ਹਨ, ਜੋ ਸਾਰੀ ਭਾਰਤੀ ਮਰਯਾਦਾ ਦੇ ਪ੍ਰਮਾਣਿਕ ਨਾਇਕ ਹਨ। ਮਿਸਾਲ ਵਜੋਂ ਪੰਜਾਬ ਵਿਚ ਕੁੜੀਆਂ ਦੇ ਵਿਆਹ ਉਤੇ ਸੁਹਾਗ ਗਾਏ ਜਾਂਦੇ ਹਨ। ਇਨ੍ਹਾਂ ਸੁਹਾਗਾਂ ਵਿਚ ਕੁੜੀ ਦੀ ਸਮੱਸਿਆ ਆਪਣੇ ਵਰ ਨੂੰ ਆਦਰਸ਼ ਰੂਪ ਵਿਚ ਸੰਕਲਪਨ ਦੀ ਹੁੰਦੀ ਹੈ। ਵਰ ਤਾਂ ਯਥਾਰਥ ਹੈ, ਪਰ ਉਸ ਦੀ ਸੰਕਲਪਨਾ ਆਦਰਸ਼ ਹੈ ਤੇ ਇਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਭਿਵਿਅਕਤੀ ਇਸ ਪ੍ਰਕਾਰ ਹੈ :

ਬੇਟੀ ਚੰਨਣ ਦੇ ਓਹਲੇ ਓਹਲੇ ਕਿਉ ਖੜੀ ।
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਪਾਸ ।
ਬਾਬਲ ਵਰ ਲੋੜੀਏ ।
ਜਾਈਏ ਕਿਹੋ ਜਿਹਾ ਵਰ ਲੋੜੀਏ ।
ਬਾਬਲ ਜਿਉਂ ਤਾਰਿਆਂ ਵਿਚੋਂ ਚੰਨ ।
ਚੰਨਾਂ ਵਿਚੋਂ ਕਾਹਨ ।
ਕਨ੍ਹਈਆ ਵਰ ਲੋੜੀਏ ।

ਸਪੱਸ਼ਟ ਹੈ ਕਿ ਇਸ ਲੋਕ ਗੀਤ ਵਿਚ ਆਦਰਸ਼ ਵਰ ਕ੍ਰਿਸ਼ਨ-ਕਨ੍ਹਾਈਆ ਦੇ ਰੂਪ ਵਿਚ ਸੰਕਲਪਿਆ ਗਿਆ ਹੈ ਤੇ ਕ੍ਰਿਸ਼ਨ ਕਨ੍ਹਈਆ ਸਾਰੇ ਭਾਰਤ ਦੀ ਸੰਸਕ੍ਰਿਤੀ ਦੇ ਵਿਭਿੰਨ ਆਯਾਮਾਂ ਦਾ ਨਾਇਕ ਹੈ । ਪੰਜਾਬ ਦੀ ਮੁਟਿਆਰ, ਵਰ ਤੋਂ ਬਿਨਾ, ਆਪਣੇ ਆਸ਼ਕ ਨੂੰ ਵੀ, ਇਸੇ ਮਾਡਲ ਦੁਆਰਾ ਸੰਕਲਪਦੀ ਹੈ :

ਤਿੰਨਾਂ ਦਿਨਾਂ ਦੀ ਤਿੰਨ ਪਾ ਮੱਖਣੀ
ਖਾ ਗਿਆ ਤਲੀ ਤੇ ਧਰ ਕੇ
ਲੋਕੀਂ ਕਹਿੰਦੇ ਕਾਲਾ ਕਾਲਾ
ਮੈਂ ਲੱਭਿਆ ਸੀ ਮਰ ਕੇ
ਫੁੱਲਾ ਵੇ ਗੁਲਾਬ ਦਿਆ
ਆ ਨਦੀਆਂ ਵਿਚ ਤਰ ਕੇ ।

ਇਸ ਲੋਕ ਗੀਤ ਵਿਚ ਮੱਖਣ ਖਾਣ ਵਾਲਾ ਸਾਵਲਾ ਕ੍ਰਿਸ਼ਨ ਅਚੇਤੇ ਹੀ ਟਿਕਿਆ ਹੋਇਆ ਹੈ । ਇਸ ਤਰ੍ਹਾਂ ਅਸੀਂ ਹੋਰ ਬਹੁਤ ਸਾਰੇ ਗੀਤ ਐਸੇ ਲੱਭ ਸਕਦੇ ਹਾਂ, ਜਿਨ੍ਹਾਂ ਵਿਚ ਯਥਾਰਥ ਤਾਂ ਪੰਜਾਬ ਦਾ ਦਰਸਾਇਆ ਗਿਆ ਹੈ, ਪਰ ਜਿਨ੍ਹਾਂ ਵਿਚ ਪ੍ਰਮਾਣਿਕ ਸੰਸਕਾਰ, ਜੁਗਾਂਤਰਾਂ ਤੋਂ ਤੁਰੀ ਆ ਰਹੀ ਭਾਰਤੀ ਪਰੰਪਰਾ ਨਾਲ ਹੀ ਸੰਬੰਧਤ ਹੁੰਦਾ ਹੈ । ਇਸ ਦਾ ਸਾਫ਼ ਅਰਥ ਇਹ ਹੈ ਕਿ ਭਾਰਤ ਦੇਸ਼ ਦੀ ਦ੍ਰਿਸ਼ਮੂਲਕ ਵਿਵਿਧਤਾ ਦੀ ਅੰਦਰਲੀ ਤਹਿ ਵਿਚ ਕੁਝ ਸੰਸਕਾਰ ਅਜਿਹੇ ਪਾਏ ਹਨ ਜੋ ਇਸ ਵਿਵਿਧਤਾ ਨੂੰ ਇਕ ਵਿਆਪਕ ਏਕਤਾ ਵਿਚ ਬੰਨ੍ਹਣ ਦੀ ਸੂਚਨਾ ਦਿੰਦੇ ਹਨ ।

ਅਸੀਂ ਲੋਕ ਗੀਤਾਂ ਤੋਂ ਤੁਰ ਕੇ ਅੱਗੋਂ ਪੰਜਾਬੀ ਸਾਹਿਤ ਦੀ ਕਲਾਸਕੀ ਪਰੰਪਰਾ ਵਿਚ ਪਰਵੇਸ਼ ਕਰਦੇ ਹਾਂ । ਇਹ ਪਰੰਪਰਾ ਫਿਰ ਗੁਰਬਾਣੀ ਦੇ ਰੂਪ ਵਿਚ ਸਾਡੇ ਸਾਹਮਣੇ ਹੈ ਅਸੀਂ ਸਭ ਜਾਣਦੇ ਹਾਂ ਕਿ ਗੁਰਬਾਣੀ ਮੱਧਕਾਲੀ ਇਤਿਹਾਸ ਤੇ ਰਾਜਨੀਤੀਆਂ ਦੀ ਚੁਣੌਤੀਆਂ ਦੇ ਪ੍ਰਤੀਉੱਤਰ ਵਜੋਂ ਸਾਹਮਣੇ ਆਉਂਦੀ ਹੈ । ਪਰੰਤੂ ਆਪਣੇ ਸਮੱਸਿਆਗ੍ਰਸਤ ਸਮਾਜ ਨੂੰ ਜਦੋਂ ਗੁਰਬਾਣੀ ਆਪਣੀ ਖਾਸ ਤਰ੍ਹਾਂ ਦੀ ਸੰਰਚਨਾ ਵਿਚ ਬੰਨ੍ਹਣ ਦਾ ਯਤਨ ਕਰਦੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਪਤਾ ਲੱਗਦਾ ਹੈ ਕਿ ਇਸ ਪ੍ਰਕਿਰਿਆਂ ਵਿਚ ਗੁਰਬਾਣੀ ਪਾਸ ਕੁਝ ਜੁਗਤਾਂ ਹਨ ਜਿਨ੍ਹਾਂ ਦੀ ਮੱਦਦ ਨਾਲ ਗੁਰਬਾਣੀ ਆਪਣਾ ਕਾਰਜ ਕਰਦੀ ਹੈ। ਧਿਆਨ ਨਾਲ ਵੇਖਿਆਂ ਇਹ ਪਤਾ ਲੱਗਦਾ ਹੈ ਕਿ ਇਹ ਜੁਗਤਾਂ ਅਚੇਤ ਹੀ ਸਰਵੱਤਰ ਭਾਰਤੀਅਤਾ ਨਾਲ ਜਾ ਸੰਬੰਧਿਤ ਹੁੰਦੀਆਂ ਹਨ। ਮਿਸਾਲ ਵਜੋਂ ਗੁਰਬਾਣੀ ਜਦੋਂ ਆਪਣੇ ਵੇਲੇ ਦੀਆਂ ਸੰਕਟ ਗ੍ਰਸਤ ਸਥਿਤੀਆਂ ਦਾ ਬਿਆਨ ਕਰਦੀ ਕਰਦੀ ਗੱਲ ਦੇ ਅੰਤ ਉਤੇ ਪੁੱਜਦੀ ਹੈ ਤਾਂ ਕੁਝ ਐਸੇ ਪ੍ਰਮਾਣਿਕ ਸ਼ਬਦ ਵਰਤ ਜਾਂਦੀ ਹੈ ਜੋ ਜੁਗਾਂ ਜੁਗਾਂਤਰਾਂ ਦੀ ਭਾਰਤੀਅਤਾ ਵੱਲ ਇਸ਼ਾਰਾ ਕਰਦੇ ਹਨ। ਅਸੀਂ ਪਿਛੇ ਲੋਕ ਗੀਤਾਂ ਵਿਚ ਰਾਮ ਤੇ ਕ੍ਰਿਸ਼ਨ ਦੇ ਜ਼ਿਕਰ ਰਾਹੀਂ ਇਸੇ ਤਰ੍ਹਾਂ ਦੀ ਸੂਚਨਾ ਪ੍ਰਾਪਤ ਕੀਤੀ ਹੈ ਤੇ ਹੁਣ ਗੁਰਬਾਣੀ ਵਿਚੋਂ ਵੀ ਇਹ ਹੀ ਗੱਲ ਆਪਣੇ ਸਨਮੁਖ ਕਰਦੇ ਹਾਂ। ਗੁਰਬਾਣੀ ਵਿਚ ਥਾਂ ਪਰ ਥਾਂ ਰਾਮ ਤੇ ਰਾਮਰਾਜੇ ਦਾ ਜ਼ਿਕਰ ਹੈ। ਰਾਮਰਾਜੇ ਬਹੁਤ ਵਾਰੀ ਇਕ ਐਸੀ ਟੂਕ ਵਜੋਂ ਵਰਤਿਆ ਮਿਲਦਾ ਹੈ ਜਿਸ ਦੇ ਪ੍ਰਾਸੰਗਿਕ ਅਰਥ ਕੋਈ ਨਹੀਂ ਹੁੰਦੇ, ਸਗੋਂ ਇਸ ਟੂਕ ਰਾਹੀਂ ਕੇਵਲ ਟੇਕ ਲਈ ਗਈ ਹੁੰਦੀ ਹੈ। ਪ੍ਰਸੰਗ ਵਿਚ ਅਰਥ ਦਾ ਨਾ ਹੋਣਾ ਤੇ ਕੇਵਲ ਟੇਕ ਲਈ ਕਿਸੇ ਸ਼ਬਦ ਜਾਂ ਟੂਕ ਦਾ ਇਸਤੇਮਾਲ ਹੋ ਜਾਣਾ ਇਹ ਹੀ ਸੂਚਨਾ ਦੇਂਦਾ ਹੈ ਕਿ ਰਚਨਹਾਰ ਦਾ ਅਵਚੇਤਨ ਕਿਸ ਥਾਂ ਜੁੜਿਆ ਹੋਇਆ ਹੈ। ਇਸ ਤੋਂ ਸੂਚਨਾ ਇਹ ਮਿਲਦੀ ਹੈ ਕਿ ਰਾਮਰਾਜੇ ਦਾ ਬਾਰ ਬਾਰ ਜ਼ਿਕਰ ਅਚੇਤੇ ਹੀ ਕਲਾਸਕੀ ਭਾਰਤੀ ਪਰੰਪਰਾ ਦੇ ਪ੍ਰਾਚੀਨ ਅਧਿਆਇ ਨਾਲ ਜੁੜਿਆ ਹੋਇਆ ਹੈ। ਇਸੀ ਤਰ੍ਹਾਂ ਜਦੋਂ ਗੁਰੂ ਨਾਨਕ ਦੇਵ ਆਪਣਾ ਬਾਰਹਮਾਹ ਤੁਖਾਰੀ ਲਿਖਦੇ ਹਨ ਤਾਂ ਉਸ ਦੇ ਆਰੰਭ ਵਿਚ ਆਪਣੀ ਇਸ ਰਚਨਾ ਦਾ ਜੁਗਤ-ਵਿਧਾਨ ਸਪੱਸ਼ਟ ਕਰਦੇ ਹਨ। ਇਸ ਸਪੱਸ਼ਟੀਕਰਨ ਦਾ ਵਿਵਰਣ ਦਿੰਦਿਆਂ ਉਹ ਕਹਿੰਦੇ ਹਨ :

'ਨਵਘਰ ਥਾਪਿ ਮਹਲ ਘਰਿ ਊਚੌ ਨਿਜ ਘਰਿ ਵਾਸੁ ਮੁਰਾਰੇ।'

ਅਰਥਾਤ ਅਤਿਅੰਤ ਉਚੇਰੀ ਅਧਿਆਤਮਕਤਾ ਤੇ ਇੰਦ੍ਰੀ ਆਧਾਰਿਤ ਸੂਚਨਾ-ਜਗਤ ਦੇ ਵਿਚਕਾਰ ਇਕ ਨਿੱਜ ਘਰ ਹੈ, ਜਿਸ ਵਿਚ ਯਥਾਰਥ ਤੇ ਪਰਮਾਰਥ ਦੋਵੇਂ ਇਕੱਠੇ ਹੋ ਜਾਂਦੇ ਹਨ। ਗੁਰੂ ਸਾਹਿਬ ਇਸ ਅਵਸਥਾ ਨੂੰ ਮੁਰਾਰੀ ਦੀ ਅਵਸਥਾ ਕਹਿੰਦੇ ਹਨ। ਮੁਰਾਰੀ ਕ੍ਰਿਸ਼ਨ ਦਾ ਹੀ ਦੂਜਾ ਨਾਮ ਹੈ। ਇਥੇ ਇਹ ਮੁਰਾਰੀ ਅਚੇਤ ਹੀ ਪ੍ਰਯੋਗ ਵਿਚ ਆ ਗਿਆ ਹੈ। ਇਸ ਤਰ੍ਹਾਂ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਬਾਣੀ ਦੇ ਸ਼ਬਦਾਂ 'ਚੋਂ ਇਹ ਨਿਸ਼ਕਰਸ਼ ਬੜੇ ਆਰਾਮ ਨਾਲ ਕੱਢਿਆ ਜਾ ਸਕਦਾ ਹੈ ਕਿ ਗੁਰਬਾਣੀ ਦਾ ਸਾਂਸਕ੍ਰਿਤਿਕ ਅਵਚੇਤਨ ਕਲਾਸਕੀ ਭਾਰਤ ਦੀ ਮਰਯਾਦਾ ਨਾਲ ਸੰਬੰਧਿਤ ਹੈ। ਇਸੇ ਆਧਾਰ ਉਤੇ ਅਸੀਂ ਭਾਰਤ ਦੀ ਕੌਮੀ ਏਕਤਾ ਨੂੰ ਦ੍ਰਿੜ੍ਹ ਕਰਨ ਦਾ ਯਤਨ ਕਰ ਸਕਦੇ ਹਾਂ।

ਇਸ ਤੋਂ ਬਿਨਾਂ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਪਰੰਪਰਾ ਵਿਚ ਨਿਤਾਪ੍ਰਤੀ ਜੀਵਨ ਦੀ ਵਿਹਾਰਕ ਮਰਯਾਦਾ ਉਪਰ ਬਲ ਦਿੱਤਾ ਗਿਆ ਹੈ। ਜੀਵਨ ਦੀ ਵਿਹਾਰਕ ਮਰਯਾਦਾ ਪਰਵਾਰ ਦੀ ਸੰਰਚਨਾ ਉਪਰ ਤੇ ਰਿਸ਼ਤਿਆਂ ਨਾਤਿਆਂ ਦੇ ਸੰਗਠਨ ਉਪਰ ਆਧਾਰਿਤ ਹੈ। ਪਰਵਾਰ-ਸੰਰਚਨਾ ਤੇ ਰਿਸ਼ਤਿਆਂ ਨਾਤਿਆਂ ਦਾ ਸੰਗਠਨ, ਲੋਕਧਾਰਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ. ਸੂਫੀ ਕਵਿਤਾ, ਕਿੱਸਾ-ਕਾਵਿ ਆਦਿ ਪ੍ਰਣਾਲੀਆਂ ਵਿਚ ਆਪੋ ਆਪਣੇ ਤਰੀਕੇ ਨਾਲ ਕਾਰਜਸ਼ੀਲ ਰਹਿੰਦਾ ਹੈ। ਇਸ ਦਾ ਵਿਸ਼ਲੇਸ਼ਣ ਕੀਤਿਆਂ ਇਹ ਪਤਾ ਚਲਦਾ ਹੈ ਕਿ ਇਸ ਸਾਰੀ ਵਿਹਾਰਕ ਮਰਯਾਦਾ ਦਾ ਮੁਖੀਆ ਪਿਤਾ ਹੁੰਦਾ ਹੈ । ਅਤੇ ਮਰਯਾਦਾ ਦੇ ਰਾਹ ਉਤੇ ਤੁਰਨ ਵਾਲਾ ਪਿਤਾ ਦੇ ਹੁਕਮ ਦੀ ਤਾਮੀਲ ਕਰਦਾ ਹੈ । ਭਾਰਤੀ ਪਰੰਪਰਾ ਜੁਗਾਂ ਜੁਗਾਂਤਰਾਂ ਤੋਂ ਇਸੇ ਮਰਯਾਦਾ ਦਾ ਸੁਨੇਹਾ ਦੇਂਦੀ ਹੈ। ਗੁਰਬਾਣੀ ਵਿਚ ਤਾਂ ਪਿਤਾ ਦੀ ਅਜਿਹੀ ਮਹਾਨਤਾ ਉਪਰ ਖਾਸ ਬਲ ਹੈ ਪਰ ਸੂਫੀਆਂ ਦੀ ਕਵਿਤਾ ਤੇ ਕਿੱਸਾ-ਕਾਵਿ ਵਿਚ ਭਾਵੇਂ ਸਪਸ਼ਟ ਤੌਰ ਉਤੇ ਇਸ ਮਰਯਾਦਾ ਦੀ ਉਚਤਾ ਤੇ ਮਹਾਨਤਾ ਦਾ ਝੰਡਾ ਨਹੀਂ ਚੁੱਕਿਆ ਗਿਆ ਪਰ ਅਚੇਤ ਤੌਰ ਤੇ ਇਹ ਹੀ ਮਰਯਾਦਾ ਕਾਰਜਸ਼ੀਲ ਹੈ। ਭਾਰਤ ਵਿਚ ਇਸ ਮਰਯਾਦਾ ਦਾ ਪ੍ਰਤੀਨਿਧ ਤੇ ਪ੍ਰਮਾਣਿਕ ਪ੍ਰਤੀਕ ਜੁਗੋ ਜੁਗ ਅਟੱਲ ਰਾਮ-ਕਥਾ ਹੈ। ਅਰਥਾਤ ਜਿਥੇ ਵੀ ਪਰਵਾਰ ਦਾ ਜ਼ਿਕਰ ਆਦਾ ਹੈ, ਉਥੇ ਲੁਕਵੇਂ ਅਰਥਾਂ ਵਿਚ ਮਰਯਾਦਾ ਪਰਸ਼ੋਤਮ ਰਾਮ ਕਾਰਜਸ਼ੀਲ ਹੁੰਦਾ ਹੈ। ਸੂਫ਼ੀ ਕਵਿਤਾ ਪ੍ਰਤਿਮਾਨ ਦੇ ਵਿਰੋਧ ਵਿਚ ਆਪਣਾ ਸਾਂਸਕ੍ਰਿਤਿਕ ਵਾਕ ਉਸਾਰਦੀ ਹੈ। ਅਤੇ ਅੰਤ ਉਤੇ ਐਸੇ ਵਿਰੋਧ ਵਿਚੋਂ ਇਕ ਬਹੁਤ ਵੱਡੇ ਦੁਖ ਤੇ ਸੰਤਾਪ ਦਾ ਅਨੁਭਵ ਕਰਦੀ ਹੈ ਜਿਸ ਦਾ ਸਾਫ਼ ਅਰਥ ਇਹ ਹੈ ਕਿ ਮਰਯਾਦਾ ਦੇ ਵਿਰੋਧ ਵਿਚ ਤੁਰਨ ਵਾਲਾ ਦੁਖ ਪਾਉਂਦਾ ਹੈ। ਕਿਸਿਆਂ ਵਿਚ ਮਰਯਾਦਾ ਮੁਖ ਹੋਣ ਦੀ ਪਰਵਿਰਤੀ ਤੇ ਮਰਯਾਦਾ ਤੋਂ ਵਿਦਰੋਹ ਕਰਨ ਦੀ ਪਰਵਿਰਤੀ ਦੋਵੇਂ ਆਪੋ ਵਿਚ ਟਕਰਾਂਦੇ ਦਿਖਾਏ ਗਏ ਹਨ ਤੇ ਅੰਤ ਉਤੇ ਮਰਯਾਦਾ ਵਿਦਰੋਹੀ ਵਿਅਕਤੀ ਦੁਖ ਸੰਤਾਪ ਦੀ ਹੋਣੀ ਨੂੰ ਭੋਗਦਾ ਹੀ ਦਿਖਾਇਆ ਗਿਆ ਹੈ। ਇਸ ਵਿਚੋਂ ਸਿੱਟਾ ਇਹ ਹੀ ਨਿਕਲਦਾ ਹੈ ਕਿ ਇਹ ਕਾਵਿ-ਪਰਵਿਰਤੀਆਂ ਵੀ ਮਰਯਾਦਾ ਦਾ ਸਮਰਥਨ ਕਰਦੀਆਂ ਹਨ ਅਤੇ ਮਰਯਾਦਾ ਦਾ ਸਮਰਥਨ ਲੁਕਵੇਂ ਰੂਪ ਵਿਚ ਰਾਮਾਇਣ ਨਾਲ ਜੁੜ ਕੇ, ਭਾਰਤ ਦੇ ਸਾਂਸਕ੍ਰਿਤਿਕ ਅਵਚੇਤਨ ਦੇ ਮਹੱਤਵ ਨੂੰ ਪ੍ਰਕਾਸ਼ਮਾਨ ਕਰਦਾ ਹੈ ।

ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਨਵੇਂ ਯੁਗ ਵਿਚ, ਜਿਸ ਦਾ ਆਰੰਭ ਅਸੀਂ ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਕਰਦੇ ਹਾਂ ਵਿਚ ਵੀ ਉਪਰੋਕਤ ਪਰਵਿਰਤੀ ਕਾਫ਼ੀ ਦੇਰ ਤੀਕ ਚਲਦੀ ਨਜ਼ਰ ਆਉਂਦੀ ਹੈ। ਭਾਈ ਵੀਰ ਸਿੰਘ ਨੇ ਤਾਂ ਆਪਣੇ ਕਾਵਿ ਵਿਚ ਥਾਂ ਪਰ ਥਾਂ ਇਹ ਗੱਲ ਕਹੀ ਹੈ ਕਿ ਭਾਰਤ ਇਕ ਹੈ ਅਤੇ ਭਾਰਤੀ ਵਿਵਿਧਤਾ ਜਦ ਤੀਕ ਸੁਚੇਤ ਹੋ ਕੇ ਏਕਤਾ ਤੇ ਇਕਾਗਰਤਾ ਦੇ ਆਦਰਸ਼ ਵਲ ਨਹੀਂ ਵਧਦੀ, ਉਦੋਂ ਤੀਕ ਇਸ ਦਾ ਸਾਂਸਕ੍ਰਿਤਕ ਪਰਫੁਲਨ ਸੰਭਵ ਨਹੀਂ। ਇਸੀ ਤਰ੍ਹਾਂ ਪੂਰਨ ਸਿੰਘ ਕਾਵਿ, ਜੋ ਅੰਗਰੇਜ਼ੀ ਸਾਮਰਾਜ ਅਧੀਨ ਪਰਵਿਸ਼ਟ ਹੋਈਆਂ ਜੀਵਨ-ਵਿਧੀਆਂ ਤੋਂ ਨਿਰਾਸ ਹੋ ਕੇ ਵਿਦਰੋਹ ਕਰਦਾ ਹੈ ਅਤੇ ਪੁਰਾਣੀ ਤੇ ਪ੍ਰਾਚੀਨ ਸੰਸਕ੍ਰਿਤੀ ਨੂੰ ਆਵਾਜ਼ਾਂ ਮਾਰਦਾ ਹੈ ਤਾਂ ਇਸ ਦਾ ਅਰਥ ਇਹ ਹੀ ਨਿਕਲਦਾ ਹੈ ਕਿ ਪੂਰਨ ਸਿੰਘ ਉਪਰੋਕਤ ਵਿਚ ਪ੍ਰਸਤੁਤ ਮਰਯਾਦਾ ਮਾਪਦੰਡਾਂ ਵਿਚ ਹੀ ਆਪਣੀ ਸੰਸਕ੍ਰਿਤੀ ਦੇ ਪਰਫੁਲਨ ਦੇ ਸਰੋਤ ਟਿਕੇ ਹੋਏ ਅਨੁਭਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ। ਇਹ ਰੁਚੀ ਵੀ ਪੰਜਾਬੀਅਤ ਨੂੰ ਪਛਾਨਣ ਤੇ ਭਾਰਤੀਅਤਾ ਵਿਚ ਸੰਮਿਲਿਤ ਹੋਣ ਦੀ ਰੁਚੀ ਹੈ।

ਮੋਹਨ ਸਿੰਘ ਤਾਂ ਆਪਣੀ ਕਵਿਤਾ ਵਿਚ ਇਹ ਗੱਲ ਸਾਫ਼ ਹੀ ਕਹਿ ਦਿੰਦਾ ਹੈ ਕਿ ਭਾਰਤੀਆਂ ਨੂੰ ਐਸਾ ਨਾਚ ਨੱਚਣਾ ਚਾਹੀਦਾ ਹੈ ਕਿ ਜਿਸ ਦੀ ਗਤੀ ਅਧੀਨ ਉਹ ਆਪਣੀ ਵਿਸ਼ਿਸ਼ਟਤਾ ਤਿਆਗ ਕੇ, ਵਿਆਪਕ ਭਾਰਤੀਅਤਾ ਵਿਚ ਅਭੇਦ ਹੋ ਸਕਣ।

ਇਸੀ ਤਰ੍ਹਾਂ ਅੰਗਰੇਜ਼ੀ ਰਾਜ ਦੇ ਜ਼ਮਾਨੇ ਵਿਚ ਪੈਦਾ ਹੋਣ ਵਾਲੀ ਰਾਸ਼ਟਰੀ ਚੇਤੰਨਤਾ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਹੋਰ ਪੱਖਾਂ ਵਿਚ ਵੀ ਰੂਪਮਾਨ ਹੁੰਦੀ ਹੈ। ਪੰਜਾਬੀ ਦੇ ਬਹੁਤ ਸਾਰੇ ਨਾਵਲਾਂ ਵਿਚ ਕੌਮੀ ਆਜ਼ਾਦੀ ਦੀ ਜਦੋਂ ਜਹਿਦ ਦਾ ਬੜਾ ਭਰਵਾਂ ਜ਼ਿਕਰ ਹੈ। ਇਸ ਤਰ੍ਹਾਂ ਪੰਜਾਬ ਦੇ ਇਤਿਹਾਸਕ ਹਾਲਾਤ ਵਿਚ ਸਾਨੂੰ ਸ਼ਹੀਦ ਭਗਤ ਸਿੰਘ, ਊਧਮ ਸਿੰਘ, ਲਾਲਾ ਲਾਜਪਤ ਰਾਏ, ਕਰਤਾਰ ਸਿੰਘ ਸਰਾਭਾ ਆਦਿ ਨਾਲ ਸੰਬੰਧਿਤ ਐਸੇ ਵਿਸਤ੍ਰਿਤ ਕਾਂਡ ਮਿਲ ਜਾਂਦੇ ਹਨ ਜਿਨ੍ਹਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਪੰਜਾਬੀਆਂ ਨੇ ਆਪਣੀ ਪੰਜਾਬੀਅਤ ਨੂੰ ਸੁਰੱਖਿਅਤ ਕਰਨ ਲਈ ਸਮੁੱਚੇ ਭਾਰਤ ਦੀ ਅਣਖ ਤੇ ਗੈਰਤ ਨੂੰ ਕਾਇਮ ਰੱਖਣ ਦੇ ਉਦੇਸ਼ ਅਧੀਨ ਕੁਰਬਾਨੀਆਂ ਦਿੱਤੀਆਂ।

ਕਿਉਂਕਿ ਭਾਰਤ ਵਿਚ ਵਿਵਿਧ ਸੰਪ੍ਰਦਾਵਾਂ ਦਾ ਯਥਾਰਥ ਨੇ ਕੌਮੀ ਏਕਤਾ ਦਾ ਆਦਰਸ਼ ਇਕ ਦ੍ਵੰਦ ਬਣਾ ਕੇ ਚਲਦੇ ਹਨ, ਇਸ ਲਈ ਕੌਮੀ ਏਕਤਾ ਦੇ ਨੁਕਤੇ ਤੋਂ ਬੜੀ ਸਾਵਧਾਨੀ ਦੀ ਲੋੜ ਹੁੰਦੀ ਹੈ। ਐਸੀ ਸਾਵਧਾਨੀ ਦੀ ਜੋ ਵਿਵਿਧਤਾ ਨੂੰ ਵੈਰ ਵਿਚ ਬਦਲਾਣ ਵਾਲੇ ਹਾਲਾਤ ਤੋਂ ਚੁੱਕ ਕੇ ਸਦਭਾਵਨਾਮੂਲਕ ਇਕਸੁਰਤਾ ਦੇ ਸਤਰ ਉਤੇ ਲੈ ਆਵੇ। ਪਰ ਕਈ ਵਾਰੀ ਵਿਵਿਧਤਾ ਦਾ ਯਥਾਰਥ ਏਨਾ ਪ੍ਰਬਲ ਹੋ ਜਾਂਦਾ ਹੈ ਕਿ ਆਦਰਸ਼ ਦ੍ਰਿਸ਼ਟੀ ਗ਼ਾਇਬ ਹੋ ਜਾਂਦੀ ਹੈ। ਐਸੀ ਹਾਲਤ ਵਿਚ ਭਾਰਤ ਸਮੇਂ ਸਮੇਂ ਸੰਪ੍ਰਦਾਇਕ ਫ਼ਸਾਦਾਂ ਦੀ ਗ੍ਰਿਫ਼ਤ ਵਿਚ ਆਂਦਾ ਰਿਹਾ ਹੈ। 1947 ਦਾ ਦੇਸ਼-ਬਟਵਾਰਾ ਐਸੀ ਸੰਕਟ-ਗ੍ਰਸਤ ਸਥਿਤੀ ਨੂੰ ਹੀ ਪੇਸ਼ ਕਰਦਾ ਹੈ। ਇਸੀ ਤਰ੍ਹਾਂ ਅਜੋਕੇ ਭਾਰਤ ਵਿਚ ਸੰਪ੍ਰਦਾਈ ਸੀਮਾਵਾਂ ਦੀ ਮਿੱਥ ਵਿਚ ਗ੍ਰਸਤ ਐਸੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ ਜੋ ਕੌਮੀ ਏਕਤਾ ਦੇ ਆਦਰਸ਼ ਨੂੰ ਪਿੱਠ-ਭੂਮੀ ਵਿਚ ਲੈ ਗਈਆਂ ਹਨ। ਐਸੇ ਹਾਲਾਤ ਵਿਚ ਕੌਮੀ ਏਕਤਾ ਦੇ ਆਦਰਸ਼ ਨੂੰ, ਪਰੰਪਰਾਈ ਪ੍ਰਾਪਤੀਆਂ ਦੇ ਹਵਾਲੇ ਨਾਲ ਉਘਾੜ ਕੇ, ਭਾਰਤ ਦੀ ਕੌਮੀ ਏਕਤਾ ਦੀ ਲਹਿਰ ਨੂੰ ਤਿੱਖਿਆਂ ਕਰਨਾ ਇਸ ਵੇਲੇ ਬਹੁਤ ਜ਼ਰੂਰੀ ਹੋ ਗਿਆ ਹੈ। ਭਾਰਤੀ ਸੰਸਕ੍ਰਿਤੀ ਦਾ ਅਗਲਾ ਵਿਕਾਸ ਕੌਮੀ ਏਕਤਾ ਦੇ ਆਧਾਰ ਉਤੇ ਉਸਰਨ ਵਾਲੇ ਸਦਭਾਵਨਾ ਦੇ ਵਾਤਾਵਰਨ ਉਪਰ ਹੀ ਆਧਾਰਿਤ ਹੈ। ਪੰਜਾਬੀ ਸਾਹਿਤ ਤੇ ਚਿੰਤਨ ਵੀ ਇਸੇ ਮਾਰਗ ਉਤੇ ਚਲ ਕੇ ਹੀ ਭਾਰਤੀਅਤਾ ਦੇ ਪ੍ਰਸੰਗ ਵਿਚ ਆਪਣੀ ਪਛਾਣ ਨਿਸ਼ਚਿਤ ਕਰ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ : ਅਧਿਐਨ, ਅਧਿਆਪਨ ਤੇ ਖੋਜ-ਵਿਧੀਆਂ

ਸਭਿਆਚਾਰ ਕਾਇਨਾਤ ਦੇ ਵਿਰਾਟ ਚਿੱਤਰਪੱਟ ਉਪਰ ਮਾਨਵੀ ਹਸਤਾਖਰ ਅੰਕਿਤ ਕਰਨ ਦਾ ਨਾਮ ਹੈ । ਇਸ ਆਰੰਭਲੀ ਪਰਿਭਾਸ਼ਾ ਅਨੁਸਾਰ ਸਭਿਆਚਾਰ ਬਾਰੇ ਚਿੰਤਨ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਪ੍ਰਕਿਰਤੀ ਤੋਂ ਸਹਾਇਤਾ ਤੇ ਸੂਚਨਾ ਲੈਂਦਿਆਂ ਕਈ ਤਰ੍ਹਾਂ ਦੀਆਂ ਬਣਤਰਾਂ ਰਾਹੀਂ ਜੁਗਾਂ ਜੁਗਾਂਤਰਾਂ ਤੋਂ ਆਪਣੇ ਹਸਤਾਖਰ ਅੰਕਿਤ ਕਰਦਾ ਚਲਾ ਆ ਰਿਹਾ ਹੈ । ਇਸ ਤੋਂ ਪਹਿਲਾਂ ਕਿ ਸਭਿਆਚਾਰ ਦੀ ਅਜਿਹੀ ਪ੍ਰਕਿਰਿਆ ਦੀ ਡੂੰਘੇਰੀ ਜਾਂਚ ਪੜਤਾਲ ਕੀਤੀ ਜਾਏ, ਸਾਨੂੰ ਅਧਿਐਨ, ਅਧਿਆਪਨ ਤੇ ਖੋਜ ਦੇ ਸਭਿਆਚਾਰ ਬਾਰੇ ਸਪੱਸ਼ਟ ਹੋ ਜਾਣਾ ਬਹੁਤ ਜ਼ਰੂਰੀ ਹੈ । ਸਭਿਆਚਾਰ ਦੇ ਬਿੰਦੂ ਤੋਂ ਅਧਿਐਨ, ਅਧਿਆਪਨ ਤੇ ਖੋਜ ਸਭਿਆਚਾਰ ਦੇ ਹੀ ਭਵਿੱਖਾਰਥੀ ਤੇ ਸੁਵਿਕਸਤ ਪਾਸਾਰ ਹਨ ਅਤੇ ਅਧਿਐਨ, ਅਧਿਆਪਨ ਤੇ ਖੋਜ ਦੇ ਬਿੰਦੂ ਤੋਂ ਸਭਿਆਚਾਰ ਇਨ੍ਹਾਂ ਦੀ ਅਤੀਤਕਾਲੀ ਪਰੰਪਰਾ ਵਿਚ ਬੱਝੀ ਸਾਮਗਰੀ ਹੈ । ਸਭਿਆਚਾਰ ਤੋਂ ਤੁਰ ਕੇ, ਇਸ ਦੇ ਅਧਿਐਨ, ਅਧਿਆਪਨ ਤੇ ਖੋਜ-ਪਾਸਾਰ ਵੱਲ ਜਾਣਾ, ਮਿੱਥ ਤੋਂ ਗਿਆਨ ਤੱਕ ਦਾ ਸਫ਼ਰ ਹੈ । ਸਭਿਆਚਾਰ ਕਿਸੇ ਵੀ ਮਾਨਵੀ ਸਮੁਦਾਇ ਦੀ ਸਾਮੂਹਕ ਮਿੱਥ ਹੁੰਦਾ ਹੈ । ਇਹ ਮਿੱਥ ਵਿਸ਼ੇਸ਼ ਮਾਨਵੀ ਸਮੁਦਾਇ ਦੀ ਪਛਾਣ ਨੂੰ ਆਲੇ ਦੁਆਲੇ ਦੀਆਂ ਸੀਮਾਵਾਂ ਸਹਿਤ ਨਿਸ਼ਚਿਤ ਕਰਦੀ ਹੈ । ਮਾਨਵੀ ਸਮੁਦਾਇ ਆਪਣੇ ਆਪ ਨੂੰ ਐਸੀ ਸਾਮੂਹਕ ਮਿੱਥ ਦੇ ਅਧੀਨ ਕਰ ਲੈਂਦੀ ਹੈ ਅਤੇ ਹਰ ਪਲ ਇਸ ਦੀ ਤਾਬਿਆ ਵਿਚ ਰਹਿੰਦੀ ਹੈ । ਮਿੱਥ ਦਾ ਇਹ ਜਗਤ ਬੁਨਿਆਦੀ ਤੌਰ ਉਤੇ ਪਾਵਨਤਾ ਦਾ ਜਗਤ ਹੈ । ਇਹ ਪਾਵਨਤਾ ਦਿੱਬ ਨਾਲ ਵੀ ਸੰਬੰਧਿਤ ਹੁੰਦੀ ਹੈ ਤੇ ਭਾਈਚਾਰਕ ਸਾਮੂਹਕਤਾ ਨਾਲ ਵੀ । ਅਜਿਹੀ ਮਿੱਥ ਨਾਲ ਸੰਬੰਧਿਤ ਹਰ ਮਾਨਵ ਸਮੂਹ ਆਪਣੀ ਪਛਾਣ ਇਸ ਮਿੱਥ ਨਾਲ ਜੁੜ ਕੇ ਹੀ ਨਿਸ਼ਚਿਤ ਕਰਦਾ ਹੈ । ਇਥੋਂ ਤਕ ਕਿ ਮਨੁੱਖ ਆਪਣੀ ਮਿੱਥਮੂਲਕ ਸੰਪ੍ਰਦਾਇ ਦੀ ਪਾਵਨਤਾ ਨੂੰ ਕਾਇਮ ਰੱਖਣ ਲਈ ਆਪਣਾ ਸਭ ਕੁਝ ਕੁਰਬਾਨ ਕਰ ਦੇਂਦਾ ਹੈ । ਇਥੇ ਸੁਆਲ ਮਿੱਥ ਦੀ ਪਾਵਨਤਾ ਨੂੰ ਕਾਇਮ ਰੱਖਣ ਦਾ ਹੁੰਦਾ ਹੈ । ਪਾਵਨਤਾ, ਪੁਨੀਤ ਹੁੰਦੀ ਹੈ । ਇਸ ਦਾ ਵਿਰੋਧੀ ਧਿਰ ਪਤਿਤ ਪਾਸਾਰ ਹੈ । ਮਿੱਥ ਦੇ ਅੰਤਰਗਤ ਵਿਚਰਦੀ ਮਰਯਾਦਾ ਦੇ ਅਨੁਰੂਪ ਜਿਹੜਾ ਵਿਅਕਤੀ ਨਹੀਂ ਚਲਦਾ, ਉਸ ਨੂੰ ਧਰਮ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਾਈਚਾਰਾ ਛੇਕ ਦਿੰਦੇ ਹਨ ਤੇ ਇਉਂ ਉਹ ਪੁਨੀਤ ਖੇਤਰ ਵਿਚੋਂ ਨਿਕਲ ਕੇ ਪਤਿਤ ਖੇਤਰ ਦੇ ਰਸਾਤਲ ਵਿਚ ਚਲਾ ਜਾਂਦਾ ਹੈ। ਇਥੇ ਇਹ ਯਾਦ ਰਖ ਲੈਣਾ ਵੀ ਜ਼ਰੂਰੀ ਹੈ ਕਿ ਪਾਵਨਤਾ ਦੀ ਵਿਸ਼ੁਧਤਾ ਨੂੰ ਕਾਇਮ ਰੱਖਣ ਦੇ ਕਾਰਜ ਨੂੰ ਜਦੋਂ ਕੋਈ ਵਿਅਕਤੀ ਆਪਣਾ ਆਦਰਸ਼ ਟੀਚਾ ਮਿੱਥ ਲੈਂਦਾ ਹੈ ਤਾਂ ਓਦੋਂ ਉਹ ਇਸ ਦੀ ਵਿਸ਼ੁਧਤਾ ਨੂੰ ਸੁਰੱਖਿਅਤ ਕਰਨ ਲਈ ਬਹੁਤ ਵਾਰ ਹਿੰਸਾ ਦੀਆਂ ਸੀਮਾਵਾਂ ਵੀ ਉਲੰਘ ਜਾਂਦਾ ਹੈ ਅਤੇ ਇਹ ਸਮਝਦਾ ਹੈ ਕਿ ਇਸ ਦਿਸ਼ਾ ਵਿਚ ਕੀਤੀਆਂ ਅਸਾਧਾਰਣ ਹਿੰਸਾ ਦੀਆਂ ਕਾਰਵਾਈਆਂ ਪਾਵਨਤਾ ਨੂੰ ਕਾਇਮ ਰਖਣ ਲਈ ਕੀਤੀਆਂ ਗਈਆਂ ਹਨ, ਇਸ ਲਈ ਇਨ੍ਹਾਂ ਨੂੰ ਧੁਰ ਤੋਂ ਮਾਨਤਾ ਮਿਲੀ ਹੋਈ ਹੈ। ਇਸੀ ਤਰ੍ਹਾਂ ਅਸਾਧਾਰਣ ਹਿੰਸਕ ਕਾਰਵਾਈਆਂ ਦੇ ਜ਼ੁਲਮ ਤਸ਼ੱਦਦ ਹੈ ਸਹਿਣ ਕਰਨ ਦੀ ਪਰਵਿਰਤੀ ਵੀ ਇਸ ਮਿੱਥਮੂਲਕ ਪਾਵਨਤਾ ਦੀ ਰਖਿਅਕ ਹੁੰਦੀ ਹੈ। ਇਸ ਪ੍ਰਸੰਗ ਵਿਚ ਵਿਸ਼ੇਸ਼ ਮਿੱਥਕੀ ਪਾਵਨਤਾ ਦੇ ਸ਼ਰਧਾਲੂ ਹੱਸ ਹੱਸ ਕੁਰਬਾਨੀਆਂ ਦੇਂਦੇ ਹਨ। ਹਰ ਤਰ੍ਹਾਂ ਦਾ ਜ਼ੁਲਮ ਸਹਿ ਕੇ, ਮਿੱਥ ਨਾਲ ਸੰਬੰਧਿਤ ਧਰਮ, ਜਾਤ ਬਰਾਦਰੀ ਤੇ ਸਮੁਦਾਇ ਨੂੰ ਆਪਣੇ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਹਨ।

ਸੰਸਕ੍ਰਿਤੀ ਦੇ ਉਪਰੋਕਤ ਮਿੱਥਮੂਲਕ ਅਧਿਆਇ ਵਿਚ ਮਾਨਵਤਾ, ਮਿੱਥਮੂਲਕ ਪਾਵਨਤਾ ਨੂੰ ਕਾਇਮ ਰਖਣ ਲਈ ਅਹੂਤੀ ਦੇਂਦੀ ਹੈ। ਪਰੰਤੂ ਸਭਿਆਚਾਰ ਦੀ ਅਜਿਹੀ ਮਿੱਥਮੂਲਕ ਪਾਵਨਤਾ ਦਾ ਜਦੋਂ ਅਧਿਐਨ–ਅਧਿਆਪਨ ਹੁੰਦਾ ਹੈ ਜਾਂ ਇਸ ਦੀ ਖੋਜ ਦੀ ਸਮੱਸਿਆ ਸਾਹਮਣੇ ਆਉਂਦੀ ਹੈ ਤਾਂ ਸਾਰੀ ਗਤੀ ਉਲਟ ਜਾਂਦੀ ਹੈ। ਇਸ ਗਤੀ ਦੇ ਮੁਤਾਬਕ ਮਿੱਥਮੂਲਕ ਪਾਵਨਤਾ ਦਾ ਇਤਿਹਾਸ ਤੇ ਯਥਾਰਥਮੁਖੀ ਮਾਨਵਤਾ ਵਿਚ ਵਿਸਰਜਨ ਹੋ ਜਾਂਦਾ ਹੈ। ਅਰਥਾਤ ਇਸ ਪ੍ਰਸੰਗ ਵਿਚ ਮਿੱਥ ਉਪਰ ਮਾਨਵਤਾ ਨੂੰ ਪ੍ਰਾਥਮਿਕਤਾ ਪ੍ਰਾਪਤ ਹੋ ਜਾਂਦੀ ਹੈ। ਇਸੇ ਲਈ ਵਿਦਵਾਨਾਂ ਨੇ ਅਧਿਐਨ, ਅਧਿਆਪਨ ਤੇ ਖੋਜ ਦੀ ਪਰਵਿਰਤੀ ਨੂੰ ਮਾਨਵੀ ਨੁਕਤੇ ਤੋਂ ਆਰੰਭਣ ਦੀ ਕੋਸ਼ਿਸ਼ ਕੀਤੀ ਹੈ। ਅਧਿਐਨ, ਅਧਿਆਪਨ ਤੇ ਖੋਜ ਦਾ ਸਭਿਆਚਾਰ ਇਸ ਤਰ੍ਹਾਂ ਮਾਨਵੀ ਪੱਧਰ ਉਤੇ ਸਭਿਆਚਾਰਕ ਮਿੱਥ ਨੂੰ ਗਿਆਨ ਸ਼ਾਸਤਰੀ ਪਰਿਪੇਖ ਵਿਚ ਵੱਖ ਵੱਖ ਬਿੰਦੂਆਂ ਤੇ ਪੈਂਤੜਿਆਂ ਤੋਂ ਖੋਲਣ ਦਾ ਨਾਮ ਹੈ।

ਸਾਡੀ ਆਪਣੀ ਦੇਸੀ ਪਰੰਪਰਾ ਵਿਚ ਸਦੀਆਂ ਤੋਂ ਸਭਿਆਚਾਰ ਬਾਰੇ ਕੁਝ ਨ ਕੁਝ ਕਹਿਣ ਦੀ ਪਰਵਿਰਤੀ ਰਹੀ ਹੈ ਪਰ ਅਧਿਕਤਰ ਇਹ ਪਰਵਿਰਤੀ ਰੂੜ੍ਹ ਹੋਈ ਸਭਿਆਚਾਰਕ ਮਰਯਾਦਾ ਦੀ ਪਾਵਨਤਾ ਦਾ ਸਮਰਥਨ ਹੀ ਕਰਦੀ ਰਹੀ ਹੈ ਤੇ ਇਸ ਤਰ੍ਹਾਂ ਇਸ ਨੇ ਸਮੇਂ ਨਾਲ ਮਿੱਥਮੂਲਕ ਸਾਮੂਹਕਤਾ ਨੂੰ ਰੂੜ੍ਹ ਵੀ ਕੀਤਾ ਹੈ ਤੇ ਗੂੜ੍ਹ ਵੀ ਕੀਤਾ ਹੈ। ਇਸ ਪ੍ਰਕਾਰ ਦੀ ਰੂੜ੍ਹ ਤੇ ਗੂੜ੍ਹ ਵਿਆਖਿਆ ਨੇ ਸਾਡੇ ਆਪਣੇ ਸਮਾਜ ਵਿਚ ਹੀ ਐਸੇ ਮਾਨਵ-ਸਮੂਹ ਪੈਦਾ ਕਰ ਦਿੱਤੇ ਹਨ, ਜਿਨ੍ਹਾਂ ਨੇ ਆਪੋ ਆਪਣੀ ਪਾਵਨਤਾ ਦੀਆਂ ਸੀਮਾਵਾਂ ਨੂੰ ਲੋੜੋਂ ਵਧੇਰੇ ਨਿਸ਼ਚਿਤ ਕਰ ਕੇ ਆਪਣੀ ਪਾਵਨਤਾ ਨੂੰ ਕਾਇਮ ਰਖਣ ਲਈ ਦੂਸਰੀ ਭਾਵਨਾ ਉਪਰ ਆਕ੍ਰਮਣ ਕੀਤੇ ਹਨ। ਸੰਪ੍ਰਦਾਈ ਵੈਰ-ਵਿਰੋਧ ਦੇ ਦੁਖਦਾਈ ਕਾਂਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸੇ ਦਾ ਨਤੀਜਾ ਹਨ। ਇਸ ਵਿਚ ਮਾਨਵ ਮਰਦੇ ਰਹੇ ਹਨ ਤੇ ਆਪਣੀ ਮਿੱਥ ਦੀ ਪਾਵਨਤਾ ਲਈ ਮਰ ਗਏ ਸੂਰਿਆਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਰਹੀ ਹੈ। ਸਾਡੇ ਸਮਕਾਲੀ ਜਗਤ ਵਿਚ ਵੀ ਇਸ ਪਰਵਿਰਤੀ ਦੇ ਹੌਲਨਾਕ ਨਤੀਜੇ ਆਏ ਦਿਨ ਦੇਖਣ ਨੂੰ ਮਿਲ ਰਹੇ ਹਨ। ਸਭ ਤੋਂ ਵੱਡੀ ਦੁਖਦਾਈ ਗੱਲ ਇਸ ਪ੍ਰਸੰਗ ਵਿਚ ਇਹ ਹੈ ਕਿ ਸੰਪ੍ਰਦਾਇਕ ਵਿਰੋਧ ਦੀ ਅਗਨੀ ਨੂੰ ਤਿਖਿਆਂ ਕਰਨ ਲਈ, ਉਸ ਵਿਚ ਵਿਗਿਆਨਕ ਯੁਗ ਦੀਆਂ ਲੱਭਤਾਂ ਅਧੀਨ ਪ੍ਰਾਪਤ ਹੋਈਆਂ ਵਿਧੀਆਂ ਨੂੰ ਬਾਲਣ ਵਜੋਂ ਵਰਤਿਆ ਜਾ ਰਿਹਾ ਹੈ।

ਅਜਿਹੀ ਹਾਲਤ ਵਿਚ ਇਹ ਸਮਝਣ ਦੀ ਜ਼ਰੂਰਤ ਹੈ ਕਿ ਸੰਪ੍ਰਦਾਇ ਨਿਰਪੇਖ ਮਾਨਵਤਾ ਤੋਂ ਮਿੱਥਮੂਲਕ ਪਾਵਨਤਾ ਵਲ ਜਾਣਾ ਸੰਸਕ੍ਰਿਤੀ ਨੂੰ ਮਿੱਥ ਦੇ ਅਰਥਾਂ ਵਿਚ ਸਵੀਕਾਰ ਕਰਨਾ ਹੈ। ਇਸ ਪਾਸਾਰ ਵਿਚ ਅਧਿਐਨ, ਅਧਿਆਪਨ ਤੇ ਖੋਜ ਸੰਭਵ ਨਹੀਂ।

ਅਧਿਐਨ, ਅਧਿਆਪਨ ਤੇ ਖੋਜ ਦਾ ਬਿੰਦੂ ਗ਼ੈਰਸੰਪ੍ਰਦਾਈ ਤੇ ਪਾਵਨਤਾ ਤੋਂ ਵਿਸਰਜਿਤ ਹੋਈ ਮਾਨਵਤਾ ਦੀ ਮਾਨਸਿਕ ਸ਼ਕਤੀ ਹੈ। ਪੱਛਮ ਵਿਚ ਇਸ ਤਰ੍ਹਾਂ ਦੀ ਧਾਰਨਾ 18 ਵੀਂ 19 ਵੀਂ ਸਦੀ ਵਿਚ ਸ਼ੁਰੂ ਹੋ ਜਾਂਦੀ ਹੈ। ਪਰੰਤੂ ਸਭਿਆਚਰ ਦੇ ਖੇਤਰ ਨੂੰ ਗਿਆਨ-ਸ਼ਾਸਤਰੀ ਪੱਧਰ ਉਪਰ ਗ੍ਰਹਿਣ ਕਰਨ ਦਾ ਕਾਰਜ ਸਹੀ ਅਰਥਾਂ ਵਿਚ ਵੀਹਵੀਂ ਸਦੀ ਵਿਚ ਹੀ ਸ਼ੁਰੂ ਹੁੰਦਾ ਹੈ, ਵਿਸ਼ੇਸ਼ ਕਰ ਕੇ ਉਦੋਂ ਜਦੋਂ ਵਿਗਿਆਨਕ ਪਰਿਸ਼ੁਧਤਾ ਦੇ ਪਦ ਉਤੇ ਪੁਜੇ ਵਿਦਵਾਨ ਆਪਣੇ ਗਿਆਨ ਨੂੰ ਸਭਿਆਚਾਰਕ ਪਰੰਪਰਾਵਾਂ ਉਪਰ ਸੁਹਿਰਦ ਹੋ ਕੇ ਲਾਗੂ ਕਰਨ ਦਾ ਯਤਨ ਕਰਦੇ ਹਨ। ਇਸ ਪਰਵਿਰਤੀ ਦਾ ਨਤੀਜਾ ਸਮਾਜ-ਵਿਗਿਆਨ, ਮਾਨਵ-ਵਿਗਿਆਨ ਆਦਿ ਦੇ ਖੇਤਰ ਸਾਹਮਣੇ ਆਉਂਦੇ ਹਨ ਜੋ ਇਹ ਜਾਣਨਾ ਚਾਹੁੰਦੇ ਹਨ ਕਿ ਮਾਨਵ ਦੀ ਮਾਨਵਤਾ ਸਹੀ ਅਰਥਾਂ ਵਿਚ ਕਿਵੇਂ ਪਛਾਣੀ ਜਾ ਸਕਦੀ ਹੈ। ਟੈਲਰ ਵਰਗੇ ਵਿਦਵਾਨ ਪ੍ਰਾਚੀਨ ਸਭਿਆਚਾਰ ਨੂੰ ਇਤਿਹਾਸ-ਰੇਖਾਵੀ ਪਾਸਾਰ ਵਿਚ ਪੜ੍ਹਨਾ ਚਾਹੁੰਦੇ ਹਨ ਪਰ ਇਸ ਪੱਖ ਵਿਚ ਉਨ੍ਹਾਂ ਦੀ ਪ੍ਰਾਪਤੀ ਕੁਝ ਕੁ ਉਘੜ ਦੁਘੜੀਆਂ ਤੇ ਵਿਸਤ੍ਰਿਤ ਧਾਰਨਾਵਾਂ ਦੇ ਰੂਪ ਵਿਚ ਹੁੰਦੀ ਹੈ ਜਿਨ੍ਹਾਂ ਨੂੰ ਕਿਸੇ ਸੁਗਠਵੇਂ ਨਿਆਇ ਵਿਚ ਬੰਨ੍ਹਣਾ ਮੁਸ਼ਕਲ ਹੋ ਜਾਂਦਾ ਹੈ। ਇਸੇ ਲਈ ਬਾਅਦ ਵਿਚ ਫ਼ਰਾਂਸੀਸੀ ਸਮਾਜ-ਵਿਗਿਆਨੀ ਇਸ ਪੱਖ ਵਿਚ ਆਪਣਾ ਨਵਾਂ ਅਧਿਆਇ ਸ਼ੁਰੂ ਕਰ ਦੇਂਦੇ ਹਨ। ਉਨ੍ਹਾਂ ਵਿਚ ਪ੍ਰਮੁਖ ਵਿਦਵਾਨ ਲੇਵੀ ਬ੍ਰਹਲ ਹੈ ਜੋ ਪੂਰਬ-ਨਿਆਇ ਤੇ ਨਿਆਇ ਦੇ ਦੋ ਖੰਡ ਪ੍ਰਸਤੁਤ ਕਰ ਕੇ ਇਹ ਗੱਲ ਕਹਿੰਦਾ ਹੈ ਕਿ ਸੰਸਕ੍ਰਿਤੀ ਦਾ ਮਿੱਥਮੂਲਕ ਅਧਿਆਇ ਪੂਰਬ ਨਿਆਇ ਉਪਰ ਆਧਾਰਤ ਹੈ ਅਤੇ ਨਵੀਨ ਵਿਆਖਿਆ ਆਪਣੀ ਪ੍ਰਕਿਰਤੀ ਵਿਚ ਨਿਆਇਯੁਕਤ ਹੈ। ਪਰੰਤੂ ਬਾਅਦ ਵਿਚ ਕਈ ਹੋਰ ਵਿਦਵਾਨ ਐਸੇ ਆਏ ਜਿਨ੍ਹਾਂ ਨੇ ਐਸੀਆਂ ਧਾਰਨਾਵਾਂ ਨੂੰ ਉਚਿਤ ਤੇ ਅਰਥ-ਭਰਪੂਰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਪੱਖ ਤੋਂ ਪ੍ਰਸਿਧ ਜਰਮਨ ਵਿਦਵਾਨ ਕਜ਼ਾਇਰਰ ਦਾ ਵਿਸ਼ੇਸ਼ ਯੋਗਦਾਨ ਹੈ। ਅਸਲ ਵਿਚ ਕਜ਼ਾਇਰਰ ਹੀ ਐਸਾ ਚਿੰਤਕ ਹੋਇਆ ਹੈ ਜਿਸ ਨੇ ਸੰਸਕ੍ਰਿਤੀ ਦੇ ਅਧਿਐਨ, ਅਧਿਆਪਨ ਤੇ ਖੋਜ ਦੇ ਨਵੇਂ ਪਾਸਾਰ ਨੂੰ ਜਨਮ ਦਿੱਤਾ। ਉਸ ਨੇ ਧਾਰਨਾ ਇਹ ਬਣਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿ ਸੰਸਕ੍ਰਿਤੀ ਭਾਵੇਂ ਕਿਸੇ ਵੀ ਅਧਿਆਇ ਵਿਚ ਸੀ ਜਾਂ ਕਿਸੇ ਵੀ ਪੱਧਰ ਉਤੇ ਸੀ, ਮਾਨਵੀ ਮਾਨਸਿਕਤਾ ਦੀ ਉਪਜ ਹੈ। ਇਸ ਤੋਂ ਅਗੋਂ ਇਹ ਸੁਆਲ ਖੜਾ ਹੋ ਜਾਂਦਾ ਹੈ ਕਿ ਮਾਨਵੀ ਮਾਨਸਿਕਤਾ ਕੀ ਹੈ ? ਤਾਂ ਕਜ਼ਾਇਰਰ ਇਸ ਉਲਝਣ ਨੂੰ ਸੁਲਝਾਣ ਲਈ ਕਾਂਤ ਦੇ ਗਿਆਨ-ਸ਼ਾਸਤਰ ਦੀ ਮੱਦਦ ਲੈਂਦਾ ਹੈ। ਕਾਂਤ ਮਾਨਵੀ ਬੁੱਧੀ ਨੂੰ ਕਿਸੇ ਪ੍ਰਕਾਰ ਦੀ ਭੌਤਿਕ ਹੋਂਦ ਦੇ ਅਰਥਾਂ ਵਿਚ ਨਹੀਂ ਕਲਪਦਾ, ਸਗੋਂ ਉਹ ਮਾਨਵੀ ਮਾਨ-ਸਿਕਤਾ ਨੂੰ ਇਕ ਵਿਰੋਧਾਭਾਸ਼ੀ ਪ੍ਰਕਿਰਿਆ ਵਿਚ ਗ੍ਰਹਿਣ ਕਰਦਾ ਹੈ। ਉਸ ਦਾ ਮੱਤ ਹੈ ਕਿ ਮਾਨਵੀ ਚਿੰਤਨ ਜਾਂ ਤਾਂ ਅੰਤਰ-ਅਨੁਭਵ (intution) ਜਾਂ ਸੰਕਲਪੀ। ਚਿੰਤਨ ਦਾ ਅੰਤਰ-ਅਨੁਭਵੀ ਪਹਿਲੂ ਚਿਤਰਾਂ ਤੇ ਬਿੰਬਾਂ ਵਿਚ ਜ਼ਾਹਰ ਹੁੰਦਾ ਹੈ ਅਤੇ ਇਸ ਦਾ ਸੰਕਲਪੀ ਪਹਿਲੂ ਚਿੱਤਰਮੁਕਤ ਵਿਚਾਰਾਂ ਵਿਚ ਜ਼ਾਹਰ ਹੁੰਦਾ ਹੈ। ਇਹ ਦੋਵੇਂ ਇਕ ਦ੍ਵੰਦਾਤਮਕ ਰਿਸਤੇ ਵਿਚ ਬੱਝ ਕੇ ਮਾਨਵੀ ਮਾਨਸਿਕਤਾ ਨੂੰ ਨਿਸ਼ਚਿਤ ਵੀ ਕਰਦੇ ਹਨ ਤੇ ਇਸ ਦੀਆਂ ਸੰਭਾਵਨਾਵਾਂ ਨੂੰ ਵੀ ਜਗਾਉਂਦੇ ਹਨ। ਕੈਜ਼ਾਇਰਰ ਕਾਂਤ ਦੀ ਇਸ ਗੱਲ ਨੂੰ ਆਧਾਰ ਤਾਂ ਬਣਾਂਦਾ ਹੈ ਪਰ ਉਹ ਆਪਣੇ ਗਣਿਤ-ਸ਼ਾਸਤਰੀ ਨਿਆਇ ਦੇ ਹਿਸਾਬ ਨਾਲ ਇਸ ਨੂੰ ਇਕ ਨਵਾਂ ਮੋੜ ਦਿੰਦਾ ਹੈ। ਉਹ ਬੜੇ ਜ਼ੋਰ ਨਾਲ ਤੇ ਬੜੇ ਸਪੱਸ਼ਟ ਸ਼ਬਦਾਂ ਵਿਚ ਇਹ ਕਹਿੰਦਾ ਹੈ ਕਿ ਚਿੰਤਨ ਵਿਚ ਕਦੀ ਵੀ ਚਿੱਤਰ ਦੀ ਪ੍ਰਾਥਮਿਕਤਾ ਨਹੀਂ ਹੋ ਸਕਦੀ। ਚਿੰਤਨ ਦੀ ਆਧਾਰ-ਸ਼ਿਲਾ ਪ੍ਰਤੀਕ ਹੈ। ਚਿੱਤਰ ਤਾਂ ਪ੍ਰਾਣਾਧਾਰੀ ਪ੍ਰਬੰਧ, ਆਪਣੀਆਂ ਇੰਦ੍ਰਿਆਵੀ ਕਿਰਿਆਵਾਂ ਪਰਕਿਰਿਆਵਾਂ ਰਾਹੀਂ ਗ੍ਰਹਿਣ ਕਰ ਲੈਂਦਾ ਹੈ। ਪਰੰਤੂ ਇਸ ਗ੍ਰਹਿਣ ਕੀਤੀ ਸਾਮਗਰੀ ਨੂੰ ਸਾਰਥਕ ਤੇ ਸੁਗਠਿਤ ਰੂਪ ਪ੍ਰਤੀਕ ਦੇਂਦਾ ਹੈ। ਇਸੇ ਸਾਰਥਕਤਾ ਦੇ ਸੁਗਠਨ ਵਿਚ ਮਾਨਵੀ ਬੁੱਧੀ ਤਥਾ ਮਾਨਵੀ ਮਾਨਸਿਕਤਾ ਦਾ ਰਾਜ਼ ਹੈ। ਜਿਉਂ ਜਿਉਂ ਇਹ ਮਾਨਸਿਕਤਾ ਆਪਣਾ ਕਾਰਜ ਕਰਦੀ ਹੈ, ਤਿਉਂ ਤਿਉਂ ਮਾਨਵੀ ਸੰਸਕ੍ਰਿਤੀ ਦੀ ਘਾੜਤ ਉਘੜਦੀ ਆਉਂਦੀ ਹੈ। ਇਸੇ ਲਈ ਕਜ਼ਾਇਰਰ ਨੇ ਇਹ ਕਿਹਾ ਹੈ ਕਿ ਸੰਸਕ੍ਰਿਤੀ ਸਥੂਲ ਭੌਤਿਕ ਹੋਂਦਾਂ ਨੂੰ, ਮਾਨਵੀ ਸਾਰਥਕਤਾ ਦੇ ਜਗਤ ਵਿਚ ਉਤਾਰਨ ਦਾ ਨਾਮ ਹੈ। ਇਸੇ ਆਧਾਰ ਉਤੇ ਕਜ਼ਾਇਰਰ ਆਪਣੀ ਸਾਰੀ ਗਿਆਨ-ਸ਼ਾਸਤਰੀ ਦ੍ਰਿਸ਼ਟੀ ਨੂੰ ਇਕ ਵਿਧੀਮੂਲਕ ਪ੍ਰਕਿਰਿਆ ਦੇ ਪ੍ਰਸੰਗ ਵਿਚ ਉਤਾਰ ਲੈਂਦਾ ਹੈ ਤੇ ਕਹਿੰਦਾ ਹੈ ਕਿ ਮਨੁੱਖ ਦੀ ਸਾਰੀ ਕਿਰਿਆ ਪ੍ਰਕਿਰਿਆ ਪ੍ਰਤੀਕ ਰੂਪਾਂ ਵਿਚ ਸਾਹਮਣੇ ਆਉਂਦੀ ਹੈ। ਪ੍ਰਤੀਕ ਤੇ ਰੂਪ ਦੋਵੇਂ ਹੀ ਵਿਧੀਮੂਲਕ ਨਿਆਇ ਦੇ ਸ਼ਬਦ ਹਨ ਜੋ ਸਿੱਧੇ ਹੀ ਪ੍ਰਕਿਰਤੀ ਦੇ ਵਿਰੋਧ ਵਿਚ ਖੜਦੇ ਹਨ। ਪ੍ਰਤੀਕ, ਕਜ਼ਾਇਰਰ ਦੇ ਮੱਤ ਅਨੁਸਾਰ ਕਿਸੇ ਭੌਤਿਕਤਾ ਦਾ ਨਾਮ ਨਹੀਂ, ਸਗੋਂ ਸੁਗਠਿਤ ਪ੍ਰਗਟਾਵੇ ਦਾ ਨਾਮ ਹੈ ਅਤੇ ਰੂਪ ਪ੍ਰਤੀਕ ਦੀ ਸੁਗਠਣਹਾਰ ਪ੍ਰਕਿਰਿਆ ਵਿਚੋਂ ਪ੍ਰਾਪਤ ਹੋਣ ਵਾਲੇ ਇਕਾਗਰਕਾਰੀ ਪ੍ਰਭਾਵ ਵਾਲੇ ਸਮੁੱਚ ਦਾ ਨਾਮ ਹੈ। ਇਸ ਤਰ੍ਹਾਂ ਆਪਣੀ ਪ੍ਰਤੀਕ ਰੂਪ ਕੁੰਜੀ ਦੁਆਰਾ ਕਜ਼ਾਇਰਰ ਮਾਨਵੀ ਸੰਸਕ੍ਰਿਤੀ ਦੇ ਮਿੱਥਮੂਲਕ ਅਧਿਆਇ ਨੂੰ ਅਧਿਐਨ, ਅਧਿਆਪਨ ਤੇ ਖੋਜ ਦੇ ਪਰਿਪੇਖ ਵਿਚ ਉਤਾਰ ਲੈਂਦਾ ਹੈ। ਪਾਵਨਤਾ ਵਿਸਰਜਿਤ ਹੋ ਜਾਂਦੀ ਹੈ ਤੇ ਇਸ ਦੀ ਥਾਂ ਪ੍ਰਤੀਕ ਰੂਪ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਆਇ ਅਧੀਨ ਮਾਨਵਤਾ ਤੇ ਇਸ ਦੀ ਮਾਨਸਿਕਤਾ ਸਥਾਪਿਤ ਹੋ ਜਾਂਦੀ ਹੈ। ਇਸੇ ਦੇ ਆਧਾਰ ਉਤੇ ਕਜ਼ਾਇਰਰ ਪ੍ਰਕਿਰਤੀ ਦੇ ਵਿਰਾਟ ਪ੍ਰਪੰਚ ਤੋਂ ਮਾਨਵੀ ਸੰਸਕ੍ਰਿਤੀ ਨੂੰ ਵੱਖ ਕਰ ਲੈਂਦਾ ਹੈ। ਕਜ਼ਾਇਰਰ ਦੇ ਮੁਤਾਬਕ ਮਨੁੱਖ ਪ੍ਰਤੀਕ ਸਿਰਜਕ ਤੇ ਰੂਪ-ਨਿਰਮਾਤਾ ਹੈ ਜੋ ਸਾਂਸਕ੍ਰਿਤਿਕ ਪ੍ਰਸੰਗ ਵਿਚ ਵਿਚਰਦੇ ਧਰਮ, ਪੁਰਾਣ, ਇਤਿਹਾਸ, ਕਲਾ, ਵਿਗਿਆਨ ਆਦਿ ਦੇ ਖੇਤਰਾਂ ਰਾਹੀਂ ਆਪਣੀ ਇਸ ਉਚੇਰੀ ਮੱਤ ਨੂੰ ਭਿੰਨ ਭਿੰਨ ਆਯਾਮਾਂ ਤੇ ਦਿਸ਼ਾਵਾਂ ਵਿਚ ਜ਼ਾਹਰ ਕਰਦਾ ਚਲਾ ਜਾਂਦਾ ਹੈ।

ਕਜ਼ਾਇਰਰ ਦੇ ਇਸ ਮੱਤ ਦੁਆਰਾ ਸਾਂਸਕ੍ਰਿਤਕ ਮਰਯਾਦਾ ਨੂੰ, ਮਿੱਥ ਨਿਰਪੇਖ ਪਹਿਲੂ ਤੋਂ ਵੇਖਣ ਦਾ ਬੜਾ ਸਾਰਥਕ ਤੇ ਵਿਸ਼ੇਸ਼ ਕਰਕੇ ਅਧਿਐਨ, ਅਧਿਆਪਨ ਤੇ ਵਿਸ਼ੇਸ਼ ਕਰ ਕੇ ਖੋਜ ਵਿਚ ਕੰਮ ਆਉਣ ਵਾਲਾ ਯਤਨ ਹੈ। ਇਸ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਖੇਤਰਾਂ ਵਿਚ ਕਜ਼ਾਇਰਰ ਦੀ ਇਸ ਵਿਧੀ ਨੂੰ ਪ੍ਰਯੋਗ ਵਿਚ ਲਿਆਇਆ ਜਾਂਦਾ ਰਿਹਾ ਹੈ। ਪਰੰਤੂ ਕਜ਼ਾਇਰਰ ਦਾ ਪ੍ਰਤੀਕ-ਸਿਧਾਂਤ ਸੰਗਠਨ, ਰੂਪ ਤੇ ਘਾੜਤ ਉਤੇ ਬਲ ਦਿੰਦਿਆਂ ਇਨ੍ਹਾਂ ਦੇ ਅਮੂਰਤ ਸੰਕਲਪ ਸੰਬੰਧੀ ਹੀ ਵਧੇਰੇ ਗੱਲ ਕਰਦਾ ਹੈ। ਉਸ ਨੇ ਇਸ ਆਧਾਰ ਉਤੇ ਅਮੂਰਤ ਤੇ ਸਮੂਰਤ ਕੋਟੀਆਂ ਦੀ ਗੱਲ ਵੀ ਕੀਤੀ ਹੈ, ਪਰ ਇਸ ਸਭ ਕੁਝ ਦੇ ਬਾਵਜੂਦ ਭਾਸ਼ਾ ਉਸ ਦੇ ਚਿੰਤਨ-ਸਿਧਾਂਤ ਵਿਚ ਉਚੇਰਾ ਦਰਜਾ ਨਹੀਂ ਪ੍ਰਾਪਤ ਕਰ ਸਕੀ। ਉਸ ਨੇ ਸਾਰਥਕਤਾ ਦੀ ਗੱਲ ਕੀਤੀ ਹੈ, ਅਭਿਵਿਅਕਤੀ ਦੀ ਵੀ ਅਤੇ ਵਸਤੂਕਰਨ ਦੀ ਵੀ ਪਰ ਉਸ ਨੇ ਇਸ ਪ੍ਰਸੰਗ ਵਿਚ ਭਾਸ਼ਾ ਨੂੰ ਅਗਰਭੂਮੀ ਉਤੇ ਨਹੀਂ ਰੱਖਿਆ। ਉਸ ਲਈ ਪ੍ਰਤੀਕ ਤੇ ਰੂਪ ਪ੍ਰਾਥਮਿਕ ਹਨ ਤੇ ਭਾਸ਼ਾ ਦੁਜੈਲਾ ਰੂਪ ਹੈ। ਅਸੀਂ ਇਹ ਗੱਲ ਇਕ ਤਰੀਕੇ ਨਾਲ ਤਾਂ ਮੰਨ ਸਕਦੇ ਹਾਂ। ਜਦੋਂ ਅਸੀਂ ਪ੍ਰਦੱਤ ਸਾਮੱਗਰੀ ਤੋਂ ਪ੍ਰਬੰਧਸ਼ੀਲ ਸੰਗਠਨ ਵੱਲ ਚੱਲਦੇ ਹਾਂ ਤਾਂ ਆਪਣੇ ਆਪ ਪਤਾ ਲੱਗਦਾ ਹੈ ਕਿ ਪ੍ਰਦੱਤ ਸਾਮੱਗਰੀ ਤਾਂ ਵਿਵਿਧ ਤੇ ਵਿਰੋਧੀ ਵਸਤਾਂ ਦਾ ਦ੍ਰਿਸ਼ ਹੈ। ਇਸ ਨੂੰ ਸੂਤ੍ਰਣ, ਇਸ ਦੀ ਪਿੱਠ-ਭੂਮੀ ਵਿਚ ਕੰਮ ਕਰਦੇ ਨਿਆਇਜੁਕਤ ਪ੍ਰਬੰਧ ਤੋਂ ਪ੍ਰਾਪਤ ਹੁੰਦਾ ਹੈ। ਨਿਆਇਯੁਕਤ ਪ੍ਰਬੰਧ ਤੀਕ ਪੁਜਿਆਂ ਹੀ, ਨਿਆਇ ਤੇ ਰੂਪ ਸਾਮੱਗਰੀ ਉੱਪਰ ਹਾਵੀ ਹੋ ਜਾਂਦੇ ਹਨ। ਸਾਮੱਗਰੀ ਦਾ ਭੌਤਿਕੀ ਰੂਪ ਅਪ੍ਰਾਸੰਗਿਕ ਹੋ ਜਾਂਦਾ ਹੈ ਤੇ ਨਿਆਇਕ ਨਿਰਮਾਨ ਦੀ ਪ੍ਰਕਿਰਿਆ ਤਰਜੀਹ ਲੈ ਜਾਂਦੀ ਹੈ। ਕਜ਼ਾਇਰਰ ਨੇ ਇਸ ਧਾਰਨਾ ਨੂੰ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਆਪਣੀਆਂ ਪੁਸਤਕਾਂ ਵਿਚ ਪੇਸ਼ ਕੀਤਾ ਹੈ। ਪਰੰਤੂ ਮਸਲਾ ਇਸ ਪ੍ਰਤੀਕੀ ਤੇ ਰੂਪ-ਨਿਆਇ ਨੂੰ ਰਤਾ ਕੁ ਵਧੇਰੇ ਸਮੂਰਤ ਅਰਥਾਂ ਵਿਚ ਗ੍ਰਹਿਣ ਕਰਨ ਦਾ ਹੈ। ਇਸ ਮਸਲੇ ਨਾਲ ਨਜਿੱਠਣ ਲਈ ਓੜਕ ਸਾਡੇ ਕੰਮ ਭਾਸ਼ਾ ਆਉਂਦੀ ਹੈ। ਭਾਸ਼ਾ, ਮਾਨਵੀ ਸੰਸਕ੍ਰਿਤੀ ਦੀ ਐਸੀ ਪ੍ਰਾਪਤੀ ਹੈ ਜੋ ਸੰਸਕ੍ਰਿਤੀ ਦੇ ਮਿੱਥਮੂਲਕ ਅਧਿਆਇ ਤੋਂ ਲੈ ਕੇ ਮਿੱਥ-ਵਿਸਰਜਿਤ ਪਾਸਾਰ ਤੱਕ ਫੈਲੀ ਹੋਈ ਹੈ। ਇਸ ਦੀ ਯਾਤਰਾ, ਮਾਨਵੀ ਯਾਤਰਾ ਦੇ ਨਾਲ ਹੀ, ਸਮੂਰਤਣ ਤੋਂ ਅਮੂਰਤਣ ਦੀ ਹੈ। ਮਿੱਥਮੂਲਕ ਅਧਿਆਇ ਵਿਚ ਭਾਸ਼ਾ ਦੀ ਭਾਈਚਾਰਕ ਸਾਮੂਹਕਤਾ ਨਾਲ ਅਭੇਤ ਹੁੰਦੀ ਹੈ ਅਤੇ ਇਹ ਆਪਣੇ ਪ੍ਰਾਕਿਰਤਿਕ ਰੂਪ ਵਿਚ ਸਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਕ੍ਰਿਤੀ ਦੇ ਆਰ ਪਾਰ ਫੈਲੀ ਹੁੰਦੀ ਹੈ। ਜਿਸ ਮਿੱਥਮੂਲਕ ਸੰਸਕ੍ਰਿਤੀ ਦਾ ਜ਼ਿਕਰ ਅਸੀਂ ਉਪਰ ਕਰ ਆਏ ਹਾਂ, ਉਸ ਨੂੰ ਰਤਾ ਕੁ ਵਿਸਥਾਰ ਦੇਂਦਿਆਂ ਇਹ ਕਹਿ ਸਕੀਦਾ ਹੈ ਕਿ ਇਸ ਅਧਿਆਇ ਦਾ ਆਧਾਰ ਲੋਕਧਾਰਾ ਹੈ। ਲੋਕਧਾਰਾ ਦਾ ਖੇਤਰ ਅਤਿਅੰਤ ਵਿਸਤਾਰ ਵਾਲਾ ਹੈ। ਇਸ ਵਿਚ ਕਿਸੇ ਵਿਸ਼ੇਸ਼ ਮਾਨਵੀ ਸਮੁਦਾਇ ਦੀ ਸਮੁੱਚੀ ਰਹਤਲ ਆ ਜਾਂਦੀ ਹੈ। ਰਹਤਲ ਵਿਚ ਨਿਤਾ ਪ੍ਰਤੀ ਜੀਵਨ-ਵਿਹਾਰ ਤੇ ਭਾਈਚਾਰੇ ਤੋਂ ਬਿਨਾ ਐਸੀਆਂ ਕਲਪਿਤ ਰਚਨਾਵਾਂ ਵੀ ਆ ਜਾਂਦੀਆਂ ਹਨ, ਜਿਨ੍ਹਾਂ ਦੇ ਆਧਾਰ ਉਤੇ ਮਨੁੱਖ ਆਪਣੀ ਉਪਜੀਵਕਾ ਨੂੰ ਸੁਰੱਖਿਅਤ ਕਰਨ ਉਪਰੰਤ ਆਪਣੀ ਮਾਨਸਿਕਤਾ ਨੂੰ ਸੰਤੁਸ਼ਟੀ ਦੇਣ ਵਾਲੀਆਂ ਵਿਧੀਆਂ ਦੀ ਭਾਲ ਵਿਚ ਜੁਟ ਜਾਂਦਾ ਹੈ। ਰਿਸ਼ਤਿਆਂ ਨਾਤਿਆਂ, ਲੋਕ ਗੀਤਾਂ ਨਾਚਾਂ ਆਦਿ ਤੋਂ ਲੈ ਕੇ ਦਿੱਬਦਾ ਦੇ ਖੇਤਰ ਤੀਕ ਲੋਕਧਾਰਾ ਫੈਲੀ ਹੁੰਦੀ ਹੈ। ਸੰਸਕ੍ਰਿਤੀ ਦਾ ਪਹਿਲਾ ਤੇ ਪ੍ਰਮਾਣਿਕ ਰੂਪ ਇਸੇ ਅਧਿਆਇ ਵਿਚ ਘੜਿਆ ਜਾਂਦਾ ਹੈ ਤੇ ਜਦੋਂ ਅਸੀਂ ਇਸ ਅਧਿਆਇ ਨੂੰ ਰਤਾ ਕੁ ਧਿਆਨ ਨਾਲ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਸ ਵਿਚ ਵੀ ਪ੍ਰਤੀਕੀ ਤੇ ਰੂਪਕੀਯ ਵਿਸ਼ੇਸ਼ਤਾਵਾਂ ਨਜ਼ਰ ਆਉਂਦੀਆਂ ਹਨ, ਪਰ ਸਾਰੀ ਗੱਲ ਭਾਸ਼ਾ ਤੇ ਭਾਸ਼ਾ ਅਤਿਰਿਕਤ ਵਿਧੀਆਂ ਰਾਹੀਂ ਜ਼ਾਹਰ ਹੁੰਦੀ ਹੈ। ਅਧਿਕਤਰ ਇਸ ਅਧਿਆਇ ਵਿਚ ਭਾਸ਼ਾ ਦੀ ਵਿਸ਼ਧਤਾ ਪ੍ਰਗਟ ਨਹੀਂ ਹੁੰਦੀ। ਭਾਸ਼ਾ ਵਸਤਾਂ, ਕੰਮ-ਕਾਰਾਂ, ਵਿਹਾਰਾਂ ਆਦਿ ਨਾਲ ਸੰਮਿਲਤ ਹੋ ਕੇ ਉਜਾਗਰ ਹੁੰਦੀ ਹੈ। ਇਸ ਤੋਂ ਇਹ ਬੋਧ ਹੁੰਦਾ ਹੈ ਕਿ ਪ੍ਰਤੀਕ ਤੇ ਰੂਪ ਦੀ ਬਣਤਰ ਵੀ ਭਾਸ਼ਾ ਤੋਂ ਬਿਨਾ ਸੰਭਵ ਨਹੀਂ। ਇਸ ਤਰ੍ਹਾਂ ਵਿਧੀ ਤੇ ਨਿਆਇ ਦੇ ਪੱਖੋਂ ਭਾਸ਼ਾ ਤੇ ਪ੍ਰਤੀਕ ਇਕ ਦੂਜੇ ਨਾਲ ਇਕ ਅਨਿੱਖੜ ਸੰਬੰਧ ਵਿਚ ਜੁੜ ਜਾਂਦੇ ਹਨ।

ਵੀਹਵੀਂ ਸਦੀ ਦੇ ਦੂਸਰੇ ਅੱਧ ਵਿਚ ਭਾਸ਼ਾ ਦੀ ਇਸੇ ਅਹਿਮੀਅਤ ਨੂੰ ਪਛਾਣਿਆ ਗਿਆ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਪ੍ਰਸਿਧ ਭਾਸ਼ਾ-ਵਿਗਿਆਨੀ ਸਾਸਿਊਰ ਦੁਆਰਾ ਦਿੱਤੇ ਗਏ ਭਾਸ਼ਣਾਂ ਨੂੰ ਇਸ ਸਮੇਂ ਵਿਦਵਾਨਾਂ ਨੇ ਜੀਵਿਤ ਕਰ ਦਿੱਤਾ ਤੇ ਨਤੀਜੇ ਵਜੋਂ ਭਾਸ਼ਾ ਦੀ ਪ੍ਰਤੀਕਾਤਮਕਤਾ ਵਿਰੋਧਾਂ ਤੇ ਰਿਸ਼ਤਿਆਂ ਉਪਰ ਆਧਾਰਿਤ ਰੂਪ ਦੇ ਅਰਥਾਂ ਵਿਚ ਕਲਪੀ ਸੰਕਲਪੀ ਗਈ। ਇਉਂ ਭਾਸ਼ਾ ਨੂੰ ਸਮੂਰਤ ਵਾਸਤਵਿਕਤਾ ਤੋਂ ਨਿਖੇੜ ਕੇ ਇਕ ਨਵੇਂ ਪੈਂਤੜੇ ਤੋਂ ਉਸ ਨਾਲ ਜੋੜਿਆ ਗਿਆ ਅਤੇ ਵਿਆਪਕ ਅਰਥਾਂ ਵਿਚ ਧਾਰਨਾ ਇਹ ਪ੍ਰਸਤੁਤ ਹੋਣ ਲੱਗੀ ਕਿ ਮਾਨਵੀ ਸਭਿਆਚਾਰ ਦੀਆਂ ਪ੍ਰਾਪਤੀਆਂ ਦਾ ਗਹਿਨ ਧਰਾਤਲ ਭਾਸ਼ਾ ਹੀ ਹੈ। ਭਾਸ਼ਾ ਨੂੰ ਇਸ ਤਰੀਕੇ ਨਾਲ ਸਮਝਣ ਤੋਂ ਸਭਿਆਚਾਰ ਦਾ ਮਿੱਥ ਮੂਲਕ ਅਧਿਆਇ ਨਿਸ਼ਚੇ ਹੀ ਵਿਗਿਆਨ ਦੇ ਮਿੱਥ ਵਿਸਰਜਿਤ ਅਧਿਆਇ ਵਿਚ ਸ਼ਾਮਲ ਹੋ ਜਾਂਦਾ ਹੈ। ਇਸੇ ਭਾਸ਼ਾ-ਵਿਗਿਆਨ ਨੂੰ ਆਧਾਰ ਬਣਾਉਂਦਿਆਂ ਪ੍ਰਸਿੱਧ ਮਾਨਵ-ਵਿਗਿਆਨੀ ਤੇ ਸੰਸਕ੍ਰਿਤੀ ਵਿਗਿਆਨੀ ਲੈਵੀ ਸਤ੍ਰਾਉਸ ਨੇ ਸੰਸਕ੍ਰਿਤੀ-ਵਿਗਿਆਨ ਉਸਾਰਨ ਦੀ ਕੋਸ਼ਿਸ਼ ਕੀਤੀ। ਉਹ ਵਿਗਿਆਨਕ ਸੰਕਲਪਨਾਵਾਂ ਤੇ ਭਾਸ਼ਾ-ਵਿਗਿਆਨ ਦੀਆਂ ਲੱਭਤਾਂ ਨੂੰ ਨਾਲ ਲੈ ਕੇ ਪ੍ਰਾਚੀਨ ਕਬੀਲਾਵਾਦੀ ਸਭਿਆਚਾਰਾਂ ਦੇ ਸੰਸਾਰ ਨੂੰ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਐਨ-ਅਧਿਆਪਨ ਦਾ ਵਿਸ਼ਾ ਬਣਾਂਦਾ ਹੈ ਤਾਂ ਨਿਸ਼ਚੇ ਹੀ ਸਾਰੀ ਗੱਲ ਬਦਲ ਜਾਂਦੀ ਹੈ। ਕਬੀਲਾਵਾਦੀ ਪਰਵਿਰਤੀਆਂ ਦੀ ਮਿੱਥ ਮੂਲਕ ਪ੍ਰਥਾ ਨੂੰ ਲੈਵੀ ਸਤ੍ਰਾਉਸ ਅਲਜਬਰੇ ਦੀ ਵਿਰੋਧ-ਜੁਟ ਧਾਰਨਾ ਤੇ ਭਾਸ਼ਾ ਵਿਗਿਆਨ ਦੀ ਚਿਹਨ-ਵਿਗਿਆਨਕ ਧਾਰਨਾ ਰਾਹੀਂ ਪੜ੍ਹਦਾ ਹੈ ਤਾਂ ਉਹ ਸਾਰੀਆਂ ਪਰਵਿਰਤੀਆਂ ਭਾਸ਼ਾਈ ਤਥਾ ਚਿਹਨ-ਵਿਗਿਆਨਕ ਸੰਗਠਨ ਬਣ ਕੇ, ਅਰਥਾਂ ਦਾ ਸਿਰਜਨ ਕਰਨ ਵਾਲੀਆਂ ਬਣ ਜਾਂਦੀਆਂ ਹਨ। ਇਹ ਸਾਰੇ ਸਭਿਆਚਾਰ ਨੂੰ ਵਿਗਿਆਨਕ ਵਿਧੀ ਅਧੀਨ ਗ੍ਰਹਿਣ ਕਰਨ ਦਾ ਪ੍ਰਸੰਗ ਹੈ। ਲੈਵੀ ਸਤ੍ਰਾਉਸ ਦੀਆਂ ਇਸ ਤਰ੍ਹਾਂ ਦੀਆ ਪ੍ਰਾਪਤੀਆਂ ਨੂੰ ਸਾਹਮਣੇ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਅਧਿਐਨ, ਅਧਿਆਪਨ ਤੇ ਖੋਜ ਅਸਲ ਵਿਚ ਪਰੰਪਰਾਬੱਧ ਤੇ ਦੇਸੀ ਵਿਰਾਸਤ ਵਿਚ ਬੱਝੇ ਸਮਾਜਾਂ ਲਈ ਵਿਗਿਆਨ ਤੇ ਤਕਨਾਲੋਜੀ ਦਾ ਸੱਦਾ ਹੈ ਅਤੇ ਅਜਿਹੇ ਸੱਦੇ ਦੇ ਆਧਾਰ ਉਤੇ ਜਿਉਂ ਜਿਉਂ ਮਰਯਾਦਾ ਨਿਸ਼ਠ ਸਭਿਆਚਾਰ ਦੀਆਂ ਪ੍ਰਾਪਤੀਆਂ ਬਾਹਰ ਆ ਕੇ ਇਸ ਨਾਲ ਸੰਵਾਦ ਕਰਦੀਆਂ ਹਨ, ਤਿਉਂ ਤਿਉਂ ਇਹ ਗੱਲ ਉਜਾਗਰ ਹੁੰਦੀ ਹੈ ਕਿ ਸਭਿਆਚਾਰ ਤਾਂ ਵਿਸ਼ੇਸ਼ ਪ੍ਰਕਾਰ ਦੀ ਚਿਹਨਕੀ ਪ੍ਰਕਿਰਿਆ ਸਿਰਜਦਾ ਹੈ ਜਾਂ ਭਾਸ਼ਾ ਦੀ ਘਾੜਤ ਕਰਦਾ ਹੈ। ਇਸ ਪ੍ਰਕਿਰਿਆ ਦੇ ਦੋ ਪਹਿਲੂ ਹਨ, ਇਕ ਸਮੂਰਤ, ਜਿਸ ਨੂੰ ਵਿਗਿਆਨਕ ਪਰਿਸ਼ੁੱਧਤਾ ਦੇ ਅਰਥਾਂ ਵਿਚ ਤੁਲਨਾ ਦੀ ਭਾਸ਼ਾ ਕਿਹਾ ਜਾਂਦਾ ਹੈ ਤੇ ਦੂਸਰਾ ਅਮੂਰਤ ਜਿਸ ਨੂੰ ਵਿਗਿਆਨਕ ਪਰਿਸ਼ੁੱਧਤਾ ਦੇ ਅਰਥਾਂ ਵਿਚ ਗਣਿਤ ਦੀ ਸੰਕਲਪਸ਼ੀਲ ਜਾਂ ਅਮੂਰਤ ਭਾਸ਼ਾ ਕਿਹਾ ਜਾਂਦਾ ਹੈ।

ਇਸ ਦਿਸ਼ਾ ਵਿਚ ਸਭਿਆਚਾਰ ਨੂੰ ਗ੍ਰਹਿਣ ਕਰਨਾ ਅਸਲ ਵਿਚ ਸਭਿਆਚਾਰ ਦੀਆਂ ਅਗਲੀਆਂ ਸੰਭਾਵਨਾਵਾਂ ਨੂੰ ਵਧੇਰੇ ਸਾਵਧਾਨੀ ਨਾਲ ਜਾਨਣਾ ਬੁਝਣਾ ਹੈ ਅਤੇ ਅਧਿਐਨ, ਅਧਿਆਪਨ ਜਾਂ ਖੋਜ ਦਾ ਅਰਥ ਕੇਵਲ ਅਕਾਦਮਿਕ ਅਭਿਆਸ ਨਹੀਂ, ਸਗੋਂ ਵਿਸ਼ਵ ਪੱਧਰ ਉੱਪਰ ਮਾਨਵ ਦੀ ਮਾਨਵੀ ਸ਼ਕਤੀ ਨੂੰ, ਮਾਨਵੀ ਭਵਿੱਖ ਨੂੰ ਉੱਜਲ ਕਰਨ ਲਈ ਵਰਤਣਾ ਹੈ।

ਸਾਡੀ ਹੁਣ ਤਕ ਦੀ ਚਰਚਾ ਤੋਂ ਪ੍ਰਭਾਵ ਇਹ ਪੈਂਦਾ ਹੈ ਜਿਵੇਂ ਅਸੀਂ ਸੰਸਕ੍ਰਿਤੀ ਅਧਿਐਨ ਦੇ ਖੇਤਰ ਵਿਚੋਂ ਵੱਥ ਜਾਂ ਭੌਤਿਕਤਾ ਨੂੰ ਅਪ੍ਰਾਸੰਗਿਕ ਸਮਝ ਕੇ ਤਿਆਗਦੇ ਰਹੇ ਹਾਂ। ਪਰ ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ ਇਹ ਮਨਸ਼ਾ ਕਦਾਚਿਤ ਨਹੀਂ। ਅਸੀਂ ਸੰਸਕ੍ਰਿਤੀ-ਵਿਗਿਆਨ ਨੂੰ ਜਾਂ ਸਭਿਆਚਾਰ-ਵਿਗਿਆਨ ਨੂੰ ਮਾਨਵੀ ਸ਼ਕਤੀ ਦੀ ਉਚਿਤ ਵਰਤੋਂ ਲਈ ਵਰਤਣਾ ਚਾਹੁੰਦੇ ਹਾਂ। ਮਿੱਥਮੂਲਕ ਅਧਿਆਇ ਵਿਚ ਮਾਨਵ ਨੂੰ ਪਾਵਨਤਾ ਦੇ ਅਰਪਨ ਕਰ ਦਿੱਤਾ ਜਾਂਦਾ ਹੈ ਤੇ ਵਿਗਿਆਨਕ ਅਧਿਆਇ ਵਿਚ ਮਿੱਥ ਵਿਸਰਜਿਤ ਹੁੰਦੀ ਹੈ ਤੇ ਮਾਨਵੀ ਚੇਤੰਨਤਾ ਜ਼ੋਰ ਪਕੜਦੀ ਹੈ। ਜਿਸ ਰਾਹ ਅਸੀਂ ਤੁਰੇ ਹਾਂ, ਉਸ ਦਾ ਮੂਲ ਮੁੱਦਾ ਅਨਾਚਾਰ ਵਰਤੀ ਪ੍ਰਸਥਿਤੀਆਂ ਵਿਚੋਂ ਨਿਕਲਣਾ ਤੇ ਵਿਵਸਥਾਮੂਲਕ ਸੰਗਠਨ ਵਿਚ ਬੱਝਣਾ ਹੈ। ਇਸ ਪ੍ਰਸੰਗ ਵਿਚ ਵੱਥ ਨੂੰ ਵੀ ਤਾ ਹੀ ਪਛਾਣਿਆ ਜਾ ਸਕਦਾ ਹੈ ਜੇ ਇਸ ਨੂੰ ਇਕ ਬੋਧਗਮ-ਸੰਗਠਨ ਦਿੱਤਾ ਜਾਏ। ਇਸ ਤਰ੍ਹਾਂ ਇਹ ਗੱਲ ਵੱਥ ਦੇ ਹੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਹੀ ਜਾਂਦੀ ਹੈ ਕਿ ਵੱਥ ਨੂੰ ਇਕ ਸੁਗਠਿਤ ਅਰਥ-ਪ੍ਰਬੰਧ ਵਜੋਂ ਹੀ ਗ੍ਰਹਿਣ ਕੀਤਾ ਜਾਏ। ਇਹ ਹੀ ਕਾਰਨ ਹੈ ਕਿ ਸਾਸਿਊਰ ਤੇ ਲੈਵੀ ਸਤ੍ਰਾਉਸ ਤੋਂ ਅਗੇਰੇ ਜਾਣ ਵਾਲੇ ਪਾਸਾਰਾਂ ਵਿਚ ਸਭਿਆਚਾਰਕ ਅਧਿਐਨ, ਅਧਿਆਪਨ ਤੇ ਖੋਜ ਨੂੰ ਇਸ ਪਹਿਲੂ ਤੋਂ ਵਧੇਰੇ ਨਿਖਾਰਿਆ ਗਿਆ ਹੈ।

ਅਧਿਐਨ ਦੇ ਉਥਾਪਨਾ ਸਿਧਾਂਤ ਨੇ ਭਾਸ਼ਾਈ, ਪ੍ਰਤੀਕੀ ਤਥਾਚਿਹ ਨਕੀ ਪੱਖ ਦੀ ਮਹੱਤਾ ਨੂੰ ਦ੍ਰਿੜ ਕਰਦਿਆਂ ਮਾਨਵੀ ਸਭਿਆਚਾਰ ਨੂੰ ਮੌਖਿਕਤਾ ਤੋਂ ਵੀ ਨਿਖੇੜ ਲਿਆ ਹੈ। ਇਸ ਸਿਧਾਂਤ ਦਾ ਮੱਤ ਹੈ ਕਿ ਕੋਈ ਵੀ ਸਭਿਆਚਾਰ ਜੋ ਕਿਸੇ ਵਿਵਸਥਾਮੂਲਕ ਪ੍ਰਬੰਧ ਜਾਂ ਸੁਗਠਨ ਵਿਚ ਉਪਲਬੱਧ ਹੈ, ਆਪਣੇ ਆਪ ਵਿਚ ਸਾਖਰਿਕ ਤਥਾ ਲਿਖਤੀ ਹੈ। ਬੋਲ ਤਾਂ ਇਸ ਦੀ ਲਿਖਤੀ ਪਰਵਿਰਤੀ ਨੂੰ ਪੇਸ਼ਕਾਰੀ ਦੇਣ ਵਾਲਾ ਇਕ ਸਾਧਨ ਹੈ। ਇਥੇ ਲਿਖਿਤ ਤੇ ਸੁਗਠਿਤ ਪ੍ਰਬੰਧ ਇਕ ਸਮਾਨ ਹੋ ਜਾਂਦੇ ਹਨ। ਯਾਦ ਰਖਣ ਵਾਲੀ ਗੱਲ ਇਹ ਹੈ ਕਿ ਇਕ ਤਾਂ ਦੇਸ਼ ਕਾਲ ਵਿਚ ਨਿਰੰਤਰ ਵਹਿੰਦੀ ਧਾਰਾ ਹੈ ਤੇ ਇਕ ਇਸ ਧਾਰਾ ਵਿਚੋਂ ਸੰਕਲਪਣ ਵਿਧੀ ਦੁਆਰਾ ਕੁਝ ਗ੍ਰਹਿਣ ਕਰ ਕੇ ਬਣਾਇਆ ਗਿਆ ਸੰਗਠਨ ਹੈ। ਐਸਾ ਸੰਗਠਨ ਹਮੇਸ਼ਾ ਹੀ ਦੇਸ਼ ਕਾਲ ਕਾਰਨ ਦੀ ਨਿਰੰਤਰਤਾ ਤੋਂ ਆਪਣੇ ਨਿਆਇ ਯੁਕਤ ਪ੍ਰਬੰਧ ਕਾਰਨ ਉਤਕ੍ਰਿਸ਼ਟ ਹੋ ਜਾਂਦਾ ਹੈ। ਇਹ ਹੀ ਗੱਲ ਸ਼ਾਬਦਿਕਤਾ ਉਪਰ ਢੁਕਦੀ ਹੈ। ਸ਼ਬਦ ਬੇਸ਼ਕ ਸਮੂਰਤ ਪ੍ਰਕਿਰਿਆ ਨਾਲ ਜੁੜਿਆ ਹੁੰਦਾ ਹੈ ਪਰ ਆਪਣੇ ਵਿਸ਼ੁਧ ਸ਼ਬਦੀ ਰੂਪ ਵਿਚ ਇਸ ਤੋਂ ਮੁਕਤ ਹੁੰਦਾ ਹੈ। ਅਤੇ ਆਪਣੀ ਇਸ ਮੁਕਤੀ ਕਾਰਨ ਸਮੂਰਤ ਸਾਮੱਗਰੀ ਉਪਰ ਹਾਵੀ ਹੁੰਦਾ ਹੈ। ਜਿਉਂ ਜਿਉਂ ਸ਼ਾਬਦਿਕਤਾ ਸਮਗਰੀ ਨੂੰ ਆਪਣੇ ਕਲਾਵੇ ਵਿਚ ਸਮੇਟਦੀ ਹੈ, ਸਾਮੱਗਰੀ ਗੈਰਹਾਜ਼ਰ ਹੁੰਦੀ ਜਾਂਦੀ ਹੈ ਅਤੇ ਉਸ ਦੀ ਥਾਂ ਸ਼ਬਦ ਲੈ ਲੈਂਦਾ ਹੈ। ਇਨ੍ਹਾਂ ਅਰਥਾਂ ਵਿਚ ਹੀ ਅਸੀਂ ਜਦੋਂ ਸਭਿਆਚਾਰਕ ਅਧਿਐਨ, ਅਧਿਆਪਨ ਤੇ ਖੋਜ ਨੂੰ ਗ੍ਰਹਿਣ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਸ਼ਬਦ ਦੀ ਪ੍ਰਾਥਮਿਕਤਾ ਦੇ ਆਧਾਰ ਉਤੇ ਇਹ ਨਿਰਸੰਦੇਹ ਇਕ ਲਿਖਤੀ ਪ੍ਰਬੰਧ ਵਾਂਗ ਹੀ ਗ੍ਰਹਿਣ ਕਰਨਾ ਯੋਗ ਹੈ।

ਸਾਡੇ ਪੰਜਾਬੀ ਜਗਤ ਵਿਚ ਅਧਿਐਨ, ਅਧਿਆਪਨ ਤੇ ਖੋਜ ਦੀ ਅਜਿਹੀ ਵਿਧੀ ਮੂਲੋਂ ਹੀ ਦੁਰਲੱਭ ਹੈ। ਕਿਉਂਕਿ ਹਾਲੇ ਤੀਕ ਸਭਿਆਚਾਰ ਤੇ ਲੋਕਧਾਰਾ ਆਦਿ ਸੰਬੰਧੀ ਸਾਡੇ ਵਿਦਵਾਨ ਬਹੁਤ ਵਾਰੀ ਆਪਣੀ ਵਿਸ਼ੇਸ਼ ਕਿਸਮ ਦੇ ਮਿੱਥਮੂਲਕ ਅਭਿਨੰਦਨ ਤੱਕ ਹੀ ਸੀਮਿਤ ਰਹਿੰਦੇ ਹਨ। ਪਰ ਯਾਦ ਇਹ ਰਖਣਾ ਚਾਹੀਦਾ ਹੈ ਕਿ ਆਪਣੀ ਸਾਂਸਕ੍ਰਿਤਕ ਪਰੰਪਰਾ ਨੂੰ ਗਿਆਨ-ਵਿਗਿਆਨ ਦੇ ਮਾਨ-ਚਿੱਤਰ ਉਪਰ ਲਿਆਉਣ ਲਈ ਸਾਨੂੰ ਉਪਰੋਕਤ ਵਿਚ ਪ੍ਰਸਤੁਤ ਕੀਤੇ ਗਏ ਪ੍ਰਤਿਮਾਨਾ ਵਿਚੋਂ ਲੰਘਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਪ੍ਰਤੀਮਾਨਾ ਦੇ ਆਧਾਰ ਉਤੇ ਜੇ ਅਸੀਂ ਆਪਣੀ ਪਰੰਪਰਾ ਨੂੰ ਹੀ ਵਾਚੀਏ ਤਾਂ ਅਸੀਂ ਸ਼ਬਦ, ਨਿਰਗੁਣ, ਸਰਗੁਣ ਆਦਿ ਨੂੰ ਇਸ ਸੇਧ ਡੀਕੋਚ ਵਿਚ ਕਰਕੇ ਆਪਣੇ ਸਭਿਆਚਾਰ ਦਾ ਇਕ ਅਜਿਹਾ ਕਾਵਿ-ਸ਼ਾਸਤਰ ਸਿਰਜ ਸਕਦੇ ਹਾਂ, ਜਿਸ ਦੇ ਅੰਤਰਗਤ ਅਧਿਐਨ, ਅਧਿਆਪਨ ਦੇ ਕਈ ਨਵੇਂ ਪਾਸਾਰ ਉਜਾਗਰ ਹੋ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ : ਵਿਰਸੇ ਦੀ ਸੰਭਾਲ ਤੇ ਭਵਿਖਾਰਥੀ ਵਿਕਾਸ

ਸਭਿਆਚਾਰ ਕਿਸੇ ਵੀ ਮਾਨਵੀ ਸੰਪ੍ਰਦਾਇ ਦਾ ਅਜਿਹਾ ਭਾਈਚਾਰਕ ਸਮੂਹ ਹੈ, ਜਿਸ ਰਾਹੀਂ ਵਿਸ਼ੇਸ਼ ਮਾਨਵੀ ਸੰਪ੍ਰਦਾਇ ਆਪਣੀ ਵਿਲੱਖਣ ਪਛਾਣ ਪ੍ਰਾਪਤ ਕਰਦੀ ਹੈ। ਇਸ ਸਮੂਹ ਵਿਚ ਸਭ ਤੋਂ ਉਘੜਵੀਂ ਵਿਸ਼ੇਸ਼ਤਾਂ ਇਸ ਨੂੰ ਭਾਸ਼ਾਈ ਤੇ ਭਾਸ਼ਾ ਅਤਿਰਿਕਤ ਪ੍ਰਤੀਕ-ਵਿਧੀਆਂ ਰਾਹੀਂ ਰੂਪਮਾਨ ਕਰਨ ਵਾਲੇ ਸਾਧਨਾ ਦੀ ਹੁੰਦੀ ਹੈ। ਅਸਲ ਵਿਚ ਸਭਿਆਚਾਰ ਪਦਾਰਥਕ ਹੋਂਦਾਂ ਦੇ ਜਗਤ ਨੂੰ, ਮਾਨਵੀ ਅਰਥਾਂ ਦੇ ਜਗਤ ਵਿਚ ਬਦਲਣ ਦਾ ਨਾਂ ਹੈ। ਇਸ ਨੂੰ ਸਾਧਾਰਨ ਅਰਥਾਂ ਵਿਚ ਪ੍ਰਕਿਰਤੀ ਤੋਂ ਤੁਰ ਕੇ ਸੰਸਕ੍ਰਿਤੀ ਵਲ ਪਹੁੰਚਣ ਦੀ ਯਾਤਰਾ ਕਹਿੰਦੇ ਹਨ। ਪਰ ਇਸ ਸਾਰੀ ਪ੍ਰਕਿਰਿਆ ਵਿਚ ਪ੍ਰਾਕਿਰਤਕ ਨਿਰੰਤਰਤਾ ਨੂੰ ਨਿਯੰਤ੍ਰਿਤ ਸੰਜਮ ਵਿਚ ਬੰਨ੍ਹਣ ਦਾ ਟੀਚਾ ਕਾਰਜਸ਼ੀਲ ਹੁੰਦਾ ਹੈ। ਪ੍ਰਕਿਰਤੀ ਸ਼ਕਤੀ ਪੈਦਾ ਕਰਦੀ ਹੈ। ਸ਼ਕਤੀ ਵਿਚ ਬੇਪਨਾਹ ਜ਼ੋਰ ਹੁੰਦਾ ਹੈ। ਭਾਵੇਂ ਇਸ ਜ਼ੋਰ ਦੇ ਪਿਛੇ ਵੀ ਕੋਈ ਨ ਕੋਈ ਨੇਮ ਕੰਮ ਕਰ ਰਿਹਾ ਹੁੰਦਾ ਹੈ, ਪਰ ਫਿਰ ਵੀ ਨਿਰੰਤਰਤਾ ਪ੍ਰਕਿਰਤੀ ਵਿਚੋਂ ਉਪਜਣ ਵਾਲੀਆਂ ਹੋਂਦਾਂ ਨੂੰ ਪ੍ਰਕਿਰਤੀ ਵਿਚ ਹੀ ਸਮੇਟਣ ਲਈ ਤਤਪਰ ਰਹਿੰਦੀ ਹੈ। ਮਨੁੱਖ ਨੇ ਸ਼ਕਤੀ ਦੇ ਇਸ ਮੁਹਾਣ ਨੂੰ ਬਦਲਣ ਦਾ ਯਤਨ ਕੀਤਾ ਹੈ ਤੇ ਇਸ ਵਿਚੋਂ ਮਾਨਵੀ ਵਿਕਾਸ ਦੇ ਅਨੁਕੂਲ ਵਾਤਾਵਰਨ ਸਾਜਣ ਦਾ ਉਪਰਾਲਾ ਕੀਤਾ ਹੈ। ਇਸੇ ਵਿਚੋਂ ਮਨੁੱਖ ਦੀ ਆਪਣੀ ਰਹਤਲ ਵੀ ਉਘੜਦੀ ਹੈ। ਪਿਛੇ ਅਸੀਂ ਇਹ ਕਹਿ ਚੁੱਕੇ ਹਾਂ ਕਿ ਮਨੁੱਖ ਦੀ ਅਜਿਹੀ ਰਹਤਲ ਆਪਣੇ ਆਪ ਨੂੰ ਭਾਸ਼ਾਈ ਤੇ ਭਾਸ਼ਾ ਅਤਿਰਿਕਤ ਜੁਗਤਾਂ ਰਾਹੀਂ ਨਿਰੂਪਣ ਦੇਂਦੀ ਹੈ। ਪੰਜਾਬੀ ਸਭਿਆਚਾਰ ਇਸੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਤੇ ਇਸ ਭਾਸ਼ਾ ਦੇ ਨਾਲੋ ਨਾਲ ਚਲਣ ਵਾਲੀਆਂ ਭਾਸ਼ਾ ਅਤਿਰਿਕਤ ਜੁਗਤਾਂ ਰਾਹੀਂ ਆਪਣਾ ਰੂਪ ਗ੍ਰਹਿਣ ਕਰਦਾ ਹੈ। ਭਾਸ਼ਾ ਸਾਧਨ ਹੈ, ਨਿਰਾਰਥਕਤਾਂ ਨੂੰ ਸਾਰਥਕਤਾ ਵਿਚ ਬਦਲਣ ਦਾ। ਤੇ ਇਸ ਦੇ ਅਨੁਰੂਪ ਦੂਸਰੀਆਂ ਵਿਧੀਆਂ ਵੀ ਆਪੋ ਆਪਣੇ ਤਰੀਕਿਆਂ ਨਾਲ ਅਜਿਹੀ ਸਾਰਥਕਤਾ ਨੂੰ ਨਿਸ਼ਚਿਤ ਕਰਨ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ। ਮਿਸਾਲ ਵਜੋਂ ਭਾਸ਼ਾਈ ਵਿਨਿਆਸ ਦੇ ਐਨ ਅਨੁਕੂਲ ਸਾਕ-ਪ੍ਰਣਾਲੀ ਦਾ ਵਿਨਿਆਸ ਹੈ ਜੋ ਸਭਿਆਚਾਰ ਦੀ ਪਰੰਪਰਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਂਦ-ਵਿਧੀ ਵਿਚ ਅਵਚੇਤਨ ਦਾ ਕਾਰਜ ਕਰਦਾ ਹੈ। ਮਨੁੱਖੀ ਰਹਤਲ ਆਪਣੀ ਸਾਰੀ ਕਾਰਜ-ਪ੍ਰਕਿਰਿਆ ਵਿਚ ਪੁਸ਼ਤਾਂ ਨੂੰ ਗਤੀਮਾਨ ਕਰਨ ਲਈ ਸਾਕ-ਪ੍ਰਣਾਲੀ ਦਾ ਸਹਾਰਾ ਹੀ ਲੈਂਦੀ ਹੈ।

ਇਸੀ ਤਰ੍ਹਾਂ ਸਾਂਸਕ੍ਰਿਤਿਕ ਵਿਗਿਆਨੀਆਂ ਦਾ ਇਹ ਮਤ ਹੈ ਕਿ ਰਿਸ਼ਤਾ-ਨਾਤਾ ਪ੍ਰਣਾਲੀ ਦੇ ਅਨੁਰੂਪ ਇਕ ਹੋਰ ਮਹੱਤਵਪੂਰਨ ਸਾਧਨ ਅਗਨੀ ਹੈ ਜੋ ਪ੍ਰਕਿਰਤੀ ਤੇ ਸੰਸਕ੍ਰਿਤੀ ਦੇ ਵਿਚਕਾਰ ਇਕ ਅਧਿਅਸਤ ਜੁਗਤ ਦਾ ਕਾਰਜ ਕਰਦੀ ਹੈ। ਅਗਨੀ ਕਚ ਨੂੰ ਪਕ ਵਿਚ ਬਦਲਦੀ ਹੈ। ਇਸ ਤਰ੍ਹਾਂ ਪਰੰਪਰਾਗਤ ਸਭਿਆਚਾਰਾਂ ਵਿਚ ਰਿਸ਼ਤਾ-ਨਾਤਾ ਪ੍ਰਣਾਲੀ, ਅਗਨੀ ਤੇ ਭਾਸ਼ਾ ਮਿਲ ਕੇ ਸਭਿਆਚਾਰਕ ਅਵਚੇਤਨ ਦਾ ਨਿਰਮਾਨ ਕਰਦੇ ਹਨ। ਪਰ ਇਹ ਅਵਚੇਤਨ ਆਪਣੀ ਬਣਤਰ ਦੀ ਬੁਨਿਆਦੀ ਪੱਧਰ ਉਤੇ ਭਾਸ਼ਾਈ ਜਾਂ ਪ੍ਰਤੀਕੀ ਹੀ ਹੁੰਦਾ ਹੈ। ਮਨੁੱਖ ਦੀ ਸਾਰੀ ਰਹਤਲ ਨਿੱਤ ਵਰਤਾਰੇ ਦੀ ਪੱਧਰ ਤੋਂ ਲੈ ਕੇ ਅਮੂਰਤ ਦ੍ਰਿਸ਼ਟੀ ਦੀ ਪੱਧਰ ਤਕ ਇਸ ਅਵਚੇਤਨ ਦੁਆਰਾ ਵਿਹੜੀ ਹੁੰਦੀ ਹੈ। ਇਥੋਂ ਤੀਕ ਕਿ ਯਥਾਰਥਕ ਤੇ ਤਾਤਵਿਕ ਦਾ ਨਿਖੇੜਾ ਕਰਨ ਲਗਿਆਂ ਵੀ ਮਨੁੱਖ ਇਸੇ ਪ੍ਰਤੀਕੀ ਅਵਚੇਤਨ ਵਿਚ ਹੀ ਵਿਚਰ ਰਿਹਾ ਹੁੰਦਾ ਹੈ। ਇਸੇ ਲਈ ਕਈ ਸੰਸਕ੍ਰਿਤੀ ਵਿਗਿਆਨੀਆਂ ਨੇ ਤਾਤਵਿਕਤਾ ਨੂੰ ਇਸ ਦੀ ਸਾਰ ਗਰਭਿਤ ਅਧਿਭੌਤਿਕਤਾ ਵਿਚ ਗ੍ਰਹਿਣ ਕਰਨ ਦੇ ਪ੍ਰਸ਼ਨ ਨੂੰ ਸੰਬੰਧਾਂ ਦੀ ਸਾਪੇਖਕਤਾ ਵਿਚ ਸਮਝਣ ਦੀ ਤਾਕੀਦ ਕੀਤੀ ਹੈ।

ਪੰਜਾਬੀ ਸਭਿਆਚਾਰ ਮੱਧਕਾਲੀ ਯੁਗ ਤੋਂ ਲੈ ਕੇ ਅਜ ਤੀਕ ਪਛਾਨਣਯੋਗ ਕਿਰਦਾਰ ਵਿਚ ਕਈ ਵਿਧੀਆਂ ਤੇ ਪ੍ਰਣਾਲੀਆਂ ਵਿਚ ਸਾਹਮਣੇ ਆਇਆ। ਇਸ ਵਿਚ ਅਸੀਂ ਲੋਕਧਾਰਾ ਤੇ ਰਹਤਲ-ਪ੍ਰਣਾਲੀ; ਗੁਰਬਾਣੀ ਪ੍ਰਣਾਲੀ; ਸੂਫ਼ੀ ਕਾਵਿ ਪ੍ਰਣਾਲੀ; ਕਿੱਸਾ-ਕਾਵਿ ਪ੍ਰਣਾਲੀ; ਵਾਰ-ਪ੍ਰਣਾਲੀ ਆਦਿ ਨੂੰ ਰਖ ਸਕਦੇ ਹਾਂ। ਇਨ੍ਹਾਂ ਵਿਚ ਲੋਕਧਾਰਾ ਤੇ ਰਹਤਲ-ਪ੍ਰਣਾਲੀ ਮਨੁੱਖ ਦੇ ਨਿਤਾਪ੍ਰਤੀ ਸਮੂਰਤ ਜੀਵਨ ਨਾਲ ਸੰਬੰਧਿਤ ਹਨ। ਇਨ੍ਹਾਂ ਦਾ ਵਿਸ਼ੇਸ਼ ਧਿਆਨ ਮਨੁੱਖ ਦੀ ਉਪਜੀਵਕਤਾ ਨੂੰ ਤੇ ਭਾਈਚਾਰਕਤਾ ਨੂੰ ਨਿਸ਼ਚਿਤ ਕਰਨਾ ਹੈ। ਦੂਸਰੀਆਂ ਪ੍ਰਣਾਲੀਆਂ ਇਸ ਬੁਨਿਆਦੀ ਤੇ ਮੂਲ ਪ੍ਰਣਾਲੀ ਨੂੰ ਉਲੰਘ ਕੇ ਜਗਿਆਸ ਦੇ ਸਫ਼ਰ ਉਤੇ ਪੈਂਦੀਆਂ ਹਨ। ਜਿਥੇ ਪਹਿਲੀ ਤੇ ਮੂਲ ਪ੍ਰਣਾਲੀ ਸਾਮੂਹਕ ਅਵਚੇਤਨ ਨਾਲ ਜੁੜ ਕੇ ਤੁਰਦੀ ਹੈ, ਉਥੇ ਦੂਸਰੀਆਂ ਪ੍ਰਣਾਲੀਆਂ ਇਸ ਸਾਮੂਹਕ ਅਵਚੇਤਨ ਨੂੰ ਕਈ ਪ੍ਰਕਾਰ ਦੀਆਂ ਭਵਿੱਖਾਰਥੀ ਅਰਥ-ਬਣਤਰਾਂ ਲਈ ਵਰਤਦੀਆਂ ਹਨ। ਸੂਫ਼ੀ ਇਸ ਸਾਰੀ ਗਤੀ ਵਿਚ ਰਹਸ ਦਾ ਸਫ਼ਰ ਕਰਦੇ ਹਨ। ਕਿੱਸਾ-ਕਾਵਿ ਸਮੁੱਚੀ ਰਹਤਲ ਨੂੰ ਉਸ ਦੀਆਂ ਅੰਦਰਲੀਆਂ ਟਕਰਾਂ ਸਮੇਤ ਭਾਵਕ ਉਮਾਹ ਦੀ ਪੱਧਰ ਉਤੇ ਮਨਾਉਂਦੀਆਂ ਹਨ। ਪਰ ਗੁਰਬਾਣੀ ਇਨ੍ਹਾਂ ਸਾਰਿਆਂ ਤੋਂ ਰਤਾ ਵੱਖਰੀ ਹੈ। ਇਹ ਪ੍ਰਣਾਲੀ ਪੰਜਾਬ ਦੀ ਰਹਤਲ ਨੂੰ ਨਿੱਠ ਕੇ ਨਿਸ਼ਚਿਤ ਕਰਨ ਤੋਂ ਬਾਅਦ ਆਪਣਾ ਅਗਲਾ ਕਦਮ ਗਿਆਨ ਤੇ ਗਿਆਨ-ਸ਼ਾਸਤਰ ਦੇ ਰਾਹ ਉਤੇ ਤੁਰਨ ਦਾ ਪੁਟਦੀ ਹੈ। ਅਸੀਂ ਆਪਣੀ ਸਾਮੂਹਕ ਰਹਤਲ ਦੀ ਮਿੱਥ ਦੇ ਆਧਾਰ ਉਤੇ ਗੁਰਬਾਣੀ ਨੂੰ ਅਧਿ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਤਮਕਤਾ ਦੇ ਅਰਥਾਂ ਵਿਚ ਪੜ੍ਹਨ ਦੇ ਆਦੀ ਹਾਂ। ਪਰੰਤੂ ਇਸ ਲੀਹ ਤੋਂ ਹੱਟ ਕੇ ਨਵੇਂ ਗਿਆਨ-ਸ਼ਾਸਤਰ ਦੀ ਮੱਦਦ ਨਾਲ ਇਸ ਨੂੰ ਪੜ੍ਹਿਆਂ ਪ੍ਰਤੀਤ ਹੁੰਦਾ ਹੈ ਕਿ ਗੁਰਬਾਣੀ ਸਾਨੂੰ ਸਭਿਆਚਾਰ ਦੇ ਸ਼ਾਸਤਰ ਬਾਰੇ ਵੀ ਸੁਚੇਤ ਕਰਦੀ ਹੈ। ਗੁਰਬਾਣੀ ਵਿਚ ਪ੍ਰਕਿਰਤੀ ਦੀ ਸੰਚਾਰ-ਗਤੀ ਨੂੰ ਸੰਸਕ੍ਰਿਤੀ ਦੀ ਸੁਨਿਸਚਿਤ ਸੰਚਾਰ-ਪ੍ਰਕਿਰਿਆ ਵਿਚ ਬਦਲਣ ਦੀਆਂ ਵਿਧੀਆਂ ਬੜੀ ਸਪਸ਼ਟਤਾ ਨਾਲ ਸਮਝਾਈਆਂ ਗਈਆਂ ਹਨ ਅਤੇ ਦਸਿਆ ਗਿਆ ਹੈ ਕਿ ਜੈਵਿਕਤਾ ਦੀਆਂ ਸੀਮਾਵਾਂ ਨੂੰ ਉਲੰਘ ਕੇ ਮਨੁੱਖ ਕਿਵੇਂ ਨਾਮ ਤੇ ਸ਼ਬਦ ਦੁਆਰਾ ਅਰਥਾਂ ਦੀ ਉਚੇਰੀ ਪੱਧਰ ਉਪਰ ਆਦਰਸ਼ ਚਰਿਤਰ ਘੜਨ ਦੇ ਰਾਹ ਉਤੇ ਪੈਂਦਾ ਹੈ। ਗੁਰਬਾਣੀ ਦੀ ਇਹ ਪ੍ਰਾਪਤੀ ਆਧੁਨਿਕ ਯੁਗ ਵਿਚ ਵੀ ਉਸੇ ਤਰ੍ਹਾਂ ਕਾਇਮ ਹੈ। ਆਧੁਨਿਕ ਯੁਗ ਵਿਚ ਅਸੀਂ ਸਾਂਸਕ੍ਰਿਤਿਕ ਪੱਧਰ ਉਤੇ ਜਿੰਨਾ ਵਿਕਾਸ ਕੀਤਾ ਹੈ; ਸਾਰਾ ਹੀ ਕਾਲੋਨੀਬਾਜ਼ ਸਾਮਰਾਜ ਦੀ ਨੀਤੀ ਦਾ ਫਲ ਹੈ। ਇਥੋਂ ਤਕ ਕਿ ਆਜ਼ਾਦ ਭਾਰਤ ਵਿਚ ਵੀ ਇਹ ਵਿਕਾਸ-ਪ੍ਰਕਿਰਿਆ ਉਸੇ ਹੀ ਨੀਤੀ ਦਾ ਵਿਸਤਾਰ ਮਾਤਰ ਜਾਪਦੀ ਹੈ। ਇਸੇ ਲਈ ਗੁਰਬਾਣੀ ਦਾ ਮਹੱਤਵ ਵੱਧ ਜਾਂਦਾ ਹੈ। ਗੁਰਬਾਣੀ ਮਨੁੱਖ ਦੀ ਆਜ਼ਾਦੀ ਦਾ ਸੰਦੇਸ਼ ਹੈ। ਅਤੇ ਇਸ ਵਿਚ ਗੱਲ ਵੀ ਇਹ ਸਮਝਾਈ ਗਈ ਹੈ ਕਿ ਮਨੁੱਖ ਦੀ ਆਜ਼ਾਦੀ ਅਸਲ ਵਿਚ ਚਿਹਨਕੀ ਆਜ਼ਾਦੀ ਹੈ। ਪਦਾਰਥਕ ਪ੍ਰਾਪਤੀਆਂ ਉਸ ਚਿਹਨਕੀ ਪ੍ਰਾਪਤੀ ਦਾ ਫਲਸਰੂਪ ਸਾਹਮਣੇ ਆਉਂਦੀਆਂ ਹਨ; ਨ ਕਿ ਇਸ ਦਾ ਉਲਟ।

8270

ਅਜੋਕੇ ਯੁਗ ਵਿਚ ਤਾਂ ਇਹ ਗੱਲ ਸਾਹਮਣੇ ਆ ਹੀ ਗਈ ਹੈ ਕਿ ਸਭਿਆਚਾਰਕ ਵਿਕਾਸ ਨਿਯੋਜਿਤ ਟੀਚਿਆਂ ਨੂੰ ਸਾਰਥਕ ਪੱਧਰ ਉਪਰ ਪ੍ਰਾਪਤ ਕਰਨ ਦਾ ਨਾਂ ਹੈ। ਇਸ ਵਿਚ ਯੋਜਨਾ ਤੇ ਟੀਚਾ ਬਹੁਤ ਹੀ ਅਨਿਵਾਰੀ ਹਨ। ਜਿਸ ਵਿਚੋਂ ਸੰਦੇਸ਼ ਇਹ ਮਿਲਦਾ ਹੈ ਕਿ ਮਨੁੱਖ ਨੇ ਆਪਣੀ ਸਾਰੀ ਅਵਚੇਤਨ ਪਰੰਪਰਾ ਨੂੰ, ਚੇਤੰਨ ਨਿਰਮਾਨ ਦੀ ਪੱਧਰ ਉਪਰ ਆਪਣੇ ਨਿਯੰਤ੍ਰਣ ਵਿਚ ਲੈਣਾ ਹੈ। ਇਹ ਇਕ ਐਸੀ ਜਗਿਆਸਾ ਹੈ ਜੋ ਸਮਾਜ ਦੇ ਸਹਿਜ ਸੰਗੀ ਆਦਮ ਨੂੰ ਸਭਿਆਚਾਰ ਉਤਪਾਦਨਾ ਵਿਚ ਪੂਰੇ ਉਦਮ ਨਾਲ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ। ਇਸੇ ਦੇ ਅਧੀਨ ਅਸੀਂ ਆਪਣੀ ਪਰੰਪਰਾ ਨੂੰ ਸਿਸਟਮ ਵਿਚ ਬਦਲਣਾ ਹੈ। ਸਿਸਟਮ ਵਿਚ ਬਦਲੇ ਬਗ਼ੈਰ ਸਾਡਾ ਸਭਿਆਚਾਰ ਅਧਿਐਨ ਵਿਗਿਆਨਕ ਨਹੀਂ ਹੋ ਸਕਦਾ। ਅਜ ਦੇ ਜ਼ਮਾਨੇ ਵਿਚ ਕੇਵਲ ਪ੍ਰਪੰਚ ਦੀ ਬਹੁ-ਪੱਧਰੀ ਤਫ਼ਸੀਲ ਨੂੰ ਗਿਣਾਨ ਨਾਲ ਕੰਮ ਨਹੀਂ ਸਰਦਾ। ਸਗੋਂ ਅਜਿਹੀ ਤਫ਼ਸੀਲ ਦੇ ਅਵਚੇਤਨ ਵਿਚੋਂ ਨੇਮ-ਪ੍ਰਬੰਧ ਤਿਆਰ ਕਰ ਕੇ ਅਸੀਂ ਆਪਣੇ ਸਭਿਆਚਾਰ ਦਾ ਵਿਗਿਆਨ ਉਸਾਰ ਸਕਦੇ ਹਾਂ। ਅਤੇ ਇਸ ਦੀ ਜ਼ਰੂਰਤ ਇਸ ਲਈ ਹੈ ਕਿ ਅਸੀਂ ਭਵਿੱਖਾਰਥੀ ਵਿਕਾਸ ਲਈ ਆਪਣੀ ਪਰੰਪਰਾਗਤ ਸੰਮਤੀ ਨੂੰ ਵਧੇਰੇ ਕਾਮਯਾਬੀ ਨਾਲ ਵਰਤ ਸਕੀਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Acces on
Class on
Cat on
Tag etc.
Checked
Any Other

Forwarded free of Cost, and with the
Compliments of Deptt of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar